ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 22 | 04 June 2021 to 10 June 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਵੈਕਸੀਨ ਦਾ ਉਤਪਾਦਨ ਵਧਾ ਕੇ ਭਾਰਤ ਵਿਸ਼ਵ 'ਚ ਬਣ ਸਕਦੈ ਗੇਮ ਚੇਂਜਰ

## ਅਮਰੀਕਾ ਮਦਦ ਕਰੇਗਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਨੇ ਕਿਹਾ ਜੇ ਭਾਰਤ ਕੋਵਿਡ-19 ਵੈਕਸੀਨ ਦਾ ਉਤਪਾਦਨ ਵਧਾਉਂਦਾ ਹੈ ਤਾਂ ਉਹ ਸਰਹੱਦਾਂ ਦੇ ਪਾਰ ਜਾ ਕੇ ਗੇਮ ਚੇਂਜਰ ਦੀ ਭੂਮਿਕਾ ਨਿਭਾ ਸਕਦਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇਡ ਪ੍ਰਾਈਸ ਨੇ ਦੱਸਿਆ ਕਿ ਰਾਸ਼ਟਰਪਤੀ ਨੇ ਕਿਹਾ ਹੈ ਕਿ ਇਹ ਸਾਡੇ ਲਈ ਵੀ ਬੇਹੱਦ ਜ਼ਰੂਰੀ ਹੈ ਕਿਉਂਕਿ ਭਾਰਤ ਕੋਰੋਨਾ ਮਹਾਮਾਰੀ ਤੋਂ ਕਾਫੀ ਪ੍ਰਭਾਵਿਤ ਹੈ। ਭਾਰਤ 'ਚ ਕੋਈ ਵੀ ਅਜਿਹਾ ਨਹੀਂ ਬਚਿਆ ਹੈ ਜਿਸ ਨੂੰ ਇਸ ਮਹਾਮਾਰੀ ਨੇ ਆਪਣੀ ਲਪੇਟ 'ਚ ਨਾ ਲਿਆ ਹੋਵੇ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਭਾਰਤ ਹਰ ਹਾਲ 'ਚ ਵੈਕਸੀਨ ਦਾ ਉਤਪਾਦਨ ਵਧਾਏ। ਰਾਸ਼ਟਰਪਤੀ ਬਾਇਡਨ ਨੇ ਆਪਣੇ ਇਕ ਬਿਆਨ 'ਚ ਕਿਹਾ ਕਿ ਉਹ ਆਪਣੇ ਹਰ ਸੰਬੋਧਨ 'ਚ ਇਸ ਗੱਲ ਦਾ ਜ਼ਿਕਰ ਕਰਦੇ ਹਨ। ਬੁਲਾਰੇ ਮੁਤਾਬਕ ਰਾਸ਼ਟਰਪਤੀ ਬਾਇਡਨ ਨੇ ਕਿਹਾ ਹੈ ਕਿ ਭਾਰਤ 'ਚ ਉਹ ਸਮਰੱਥਾ ਮੌਜੂਦ ਹੈ ਕਿ ਉਹ ਵੈਕਸੀਨ ਉਤਪਾਦਨ ਦੀ ਸਮਰੱਥਾ ਨੂੰ ਵਧਾ ਸਕੇ ਤੇ ਗੇਮ ਚੇਂਜਰ ਬਣ ਸਕੇ। ਇਸ ਬਿਆਨ ਦੌਰਾਨ ਉਨ੍ਹਾਂ ਨੇ ਕਵਾਡ ਦੀ ਬੈਠਕ 'ਚ ਜੋ ਗੱਲਾਂ ਕਹੀਆਂ ਗਈਆਂ ਸੀ ਉਨ੍ਹਾਂ ਦਾ ਵੀ ਜ਼ਿਕਰ ਕੀਤਾ ਹੈ। ਦੱਸਣਯੋਗ ਹੈ ਕਿ ਕਵਾਡ ਦੀ ਬੈਠਕ ਅਮਰੀਕਾ ਸਮੇਤ ਹੋਰ ਮੈਂਬਰ ਦੇਸ਼ ਵੀ ਇਸ ਗੱਲ ਨਾਲ ਸਹਿਮਤ ਸਨ ਕਿ ਭਾਰਤ ਨੂੰ ਵੈਕਸੀਨ ਦੇ ਉਤਪਾਦਨ 'ਚ ਤੇਜ਼ੀ ਲਿਆਉਣੀ ਚਾਹੀਦੀ ਹੈ। ਇਸ ਬੈਠਕ 'ਚ ਭਾਰਤ ਨੂੰ ਵੈਕਸੀਨ ਉਤਪਾਦਨ ਦੀ ਸਮਰੱਥਾ



ਨੂੰ ਵਧਾਉਣ ਲਈ ਵਿੱਤੀ ਮਦਦ ਦੀ ਵੀ ਗੱਲ ਕਹੀ ਗਈ ਸੀ।

**ਚੀਨ 'ਚ ਉਈਗਰ ਮੁਸਲਮਾਨਾਂ 'ਤੇ ਅੱਤਿਆਚਾਰ ਦੀ ਸੁਣਵਾਈ ਲਈ 'ਪੀਪਲਜ਼ ਟ੍ਰਿਬਿਊਨਲ'**

ਇਸ ਬੈਠਕ 'ਚ ਆਸਟ੍ਰੇਲੀਆ , ਭਾਰਤ, ਜਪਾਨ ਤੇ ਅਮਰੀਕਾ ਨੇ ਹਿੱਸਿਆ ਲਿਆ ਸੀ। ਇਸ 'ਚ ਇਹ ਵੀ ਤੈਅ ਹੋਇਆ ਸੀ ਕਿ ਸਾਰੇ ਦੇਸ਼ ਵੈਕਸੀਨ ਉਤਪਾਦਨ ਦੀ ਸਮਰੱਥਾ ਨੂੰ ਵਧਾਉਣ ਲਈ ਭਾਰਤ ਦੀ ਮਦਦ ਕਰਨਗੇ। ਇਸ ਲਈ ਅਮਰੀਕਾ ਨੇ ਲੰਬੇ ਸਮੇਂ ਲਈ 50 ਕਰੋੜ ਡਾਲਰ ਦੀ ਰਾਸ਼ੀ ਦਾ ਸਹਿਯੋਗ ਕਰਨ ਦੀ ਵੀ ਗੱਲ ਕਹੀ ਸੀ। ਇਸ ਤੋਂ ਇਲਾਵਾ ਇਸ ਬੈਠਕ 'ਚ ਇਸ ਮਦਦ ਤੋਂ ਇਲਾਵਾ 10 ਕਰੋੜ ਡਾਲਰ ਦੀ ਰਾਸ਼ੀ ਦੇਣ ਦੀ ਵੀ ਗੱਲ ਕਹੀ ਗਈ ਸੀ।

ਦੱਸਣਯੋਗ ਹੈ ਕਿ ਪੂਰਾ ਬਾਇਡਨ ਪ੍ਰਸ਼ਾਸਨ ਇਸ ਨੂੰ ਲੈ ਕੇ ਕਾਫੀ ਗੰਭੀਰ ਹੈ। ਪ੍ਰਾਈਸ ਮੁਤਾਬਕ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕੇਨ ਇਸ ਗੱਲ ਨੂੰ ਕਹਿ ਚੁੱਕੇ ਹਨ ਕਿ ਅਮਰੀਕੀ ਸਰਕਾਰ ਸਮੇਤ ਪ੍ਰਾਈਵੇਟ ਸੈਕਟਰ ਵੀ ਇਸ 'ਚ ਭਾਰਤ ਨੂੰ ਸਪੋਰਟ ਕਰਨ ਲਈ ਰਾਜ਼ੀ ਹਨ ਤੇ ਭਾਰਤ ਦੀ ਜ਼ਰੂਰਤ ਦੇ ਹਿਸਾਬ ਨਾਲ 50 ਕਰੋੜ ਡਾਲਰ ਦੀ ਰਾਸ਼ੀ ਦੀ ਮਦਦ ਨੂੰ ਤਿਆਰ ਹੈ। ਵੀਰਵਾਰ ਨੂੰ ਬਾਇਡਨ ਪ੍ਰਸ਼ਾਸਨ ਨੇ ਕਿਹਾ ਸੀ ਕਿ ਉਹ ਦੁਨੀਆ ਦੇ ਵੱਖ-ਵੱਖ ਦੇਸ਼ਾਂ 'ਚ ਢਾਈ ਕਰੋੜ ਕਰੋਨਾ ਵੈਕਸੀਨ ਦੀ ਖ਼ੁਰਾਕ ਉਪਲੱਬਧ ਕਰਵਾਏਗਾ, ਜਿਸ 'ਚ ਭਾਰਤ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਕਰੀਬ ਸਾਢੇ 5 ਕਰੋੜ ਉਪਲੱਬਧ ਦੀ ਖੁਰਾਕ ਨੂੰ ਇਸ ਮਹੀਨੇ ਦੇ ਅੰਤ ਤਕ ਪ੍ਰਾਪਤ ਕਰਵਾ ਦਿੱਤਾ ਜਾਵੇਗਾ।

### ਜਥੇਦਾਰ ਹਰਪ੍ਰੀਤ ਸਿੰਘ ਵਲੋਂ ਐਲਾਨ

# ਅਕਾਲ ਤਖ਼ਤ ਸਾਹਿਬ 1984 'ਚ ਸਿੱਖਾਂ 'ਤੇ ਹੋਏ ਤਸ਼ੱਦਦ ਦਾ ਰਿਕਾਰਡ ਇਕੱਠਾ ਕਰੇਗਾ

## ਵੇਦਾਂਤੀ ਨੂੰ ਵੀ ਕਰਨਾ ਪਿਆ ਸੀ ਤਸ਼ੱਦਦ ਦਾ ਸਾਹਮਣਾ



ਅੰਮ੍ਰਿਤਸਰ/ਏ.ਟੀ.ਨਿਊਜ਼ : ਜੂਨ 1984 ਵਿੱਚ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਵਿਖੇ ਵਾਪਰੇ ਦੁਖਾਂਤ ਦੇ ਤਸ਼ੱਦਦ ਦਾ ਰਿਕਾਰਡ ਅਕਾਲ ਤਖ਼ਤ ਸਾਹਿਬ ਵੱਲੋਂ ਇਕੱਠਾ ਕੀਤਾ ਜਾਵੇਗਾ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਾਬਕਾ ਫੈਡਰੇਸ਼ਨ ਆਗੂ ਹਰਵਿੰਦਰ ਸਿੰਘ ਦੇ ਗ੍ਰਹਿ ਵਿਖੇ ਪਹੁੰਚ ਕੇ ਉਨਾਂ ਨੂੰ ਸਨਮਾਨਿਤ ਕਰਨ ਸਮੇਂ ਕੀਤਾ। ਉਨਾਂ ਹਰਵਿੰਦਰ ਸਿੰਘ ਖਾਲਸਾ ਤੋਂ 1984 ਤੋਂ ਪਹਿਲਾਂ ਅਤੇ ਬਾਅਦ ਦੀ ਸਾਰੀ ਜਾਣਕਾਰੀ ਹਾਸਲ ਕੀਤੀ ਅਤੇ ਕਿਹਾ ਕਿ ਉਹ ਗੱਲਾਂ ਕਿਤਾਬਾਂ 'ਚੋਂ ਪ੍ਰਾਪਤ ਨਹੀਂ ਕੀਤੀਆਂ ਜਾ ਸਕਦੀਆਂ, ਜੋ ਹਰਵਿੰਦਰ ਸਿੰਘ ਖਾਲਸਾ ਦੀ ਜ਼ੁਬਾਨੀ ਸੁਣਿਆਂ ਪਤਾ ਲੱਗਦੀਆਂ ਹਨ। ਇਸੇ ਕਰਕੇ ਇਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥਕ ਸੇਵਕ ਦਾ ਸਨਮਾਨ ਦਿੱਤਾ ਗਿਆ ਹੈ। ਉਨਾਂ ਕਿਹਾ ਕਿ ਚਾਹੇ ਜੂਨ 1984 ਦੇ ਸਿੱਖ ਕਤਲੇਆਮ ਦਾ ਦੌਰ ਜਾਂ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫੌਜਾਂ ਵੱਲੋਂ ਹਮਲਾ ਜਾਂ ਫੇਰ ਕੋਈ ਹੋਰ ਦੌਰ ਹੋਵੇ ਕਈ-ਕਈ ਵਾਰ ਜਿਨਾਂ ਲੋਕਾਂ ਨੇ ਇਹ ਤਸ਼ੱਦਦ ਹੱਡੀਂ ਹੰਢਾਇਆ, ਉਨਾਂ ਕੋਲੋਂ ਸੁਣ ਕੇ ਅੰਗਰੇਜ਼ਾਂ ਤੇ ਮੁਗਲਾਂ ਵੱਲੋਂ ਕੀਤੇ ਜ਼ੁਲਮ ਇਸ ਅੱਗੇ ਫਿੱਕੇ ਪੈ ਜਾਂਦੇ ਨੇ। ਅੱਜ ਵੀ ਇਸ ਪੰਜ ਭੌਤਿਕ ਸਰੀਰ ਵਿਚ ਉਹ ਮਾਤਾਵਾਂ ਭੈਣਾਂ ਤੇ ਮੇਰੇ ਵੀਰ ਜਿਊਂਦੇ ਨੇ, ਜਿਨਾਂ 'ਤੇ ਸਰਕਾਰਾਂ ਨੇ ਜ਼ੁਲਮ ਕਰਦਿਆਂ ਕਿਸ ਤਰਾਂ ਉਨਾਂ ਦੇ ਸਰੀਰਾਂ ਨੂੰ ਬਲੇਡਾਂ ਨਾਲ ਛਿੱਲਿਆ, ਲੂਣ ਪਾਇਆ ਅਤੇ ਲੁੱਕ 'ਤੇ ਤੁਰਨ ਲਈ ਮਜਬੂਰ ਕੀਤਾ। ਕਿਸ ਤਰਾਂ ਹੱਥਕੜੀਆਂ ਲਗਾ ਕੇ ਕਾਲ ਕੋਠੜੀਆਂ ਵਿਚ ਬੰਦ ਕੀਤਾ ਤੇ 40-40 ਦਿਨ ਸੂਰਜ ਨਹੀਂ ਦੇਖਣ ਦਿੱਤਾ। ਉਨਾਂ ਕਿਹਾ ਕਿ ਇਹ ਸਾਰੀ ਜਾਣਕਾਰੀ ਇਕੱਤਰ ਕਰਕੇ ਇਕ ਡਾਕੂਮੈਂਟਰੀ ਫਿਲਮ ਬਣਾਈ ਜਾਵੇਗੀ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਇਹ ਕਾਲੇ ਦੌਰ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਜਾ ਸਕੇ।

**ਵੇਦਾਂਤੀ ਵੀ ਹੋਏ ਸਰਕਾਰੀ ਜ਼ੁਲਮ ਦਾ ਸ਼ਿਕਾਰ**

ਸਾਕਾ ਨੀਲਾ ਤਾਰਾ ਦੀ 37ਵੀਂ ਬਰਸੀ 6 ਜੂਨ ਨੂੰ ਮਨਾਈ ਜਾ ਰਹੀ ਹੈ। ਇਸ ਫੌਜੀ ਹਮਲੇ ਵਿੱਚ ਜਿੱਥੇ ਕਈ ਫੌਜੀ ਮਾਰੇ ਗਏ ਸਨ ,ਉੱਥੇ ਫੌਜੀ ਹਮਲੇ ਵਿੱਚ ਕਈ ਵੱਡੀ ਗਿਣਤੀ ਸਿੱਖ ਵੀ ਮਾਰੇ ਗਏ ਸਨ, ਜਿਨਾਂ ਵਿੱਚ ਬੀਬੀਆਂ, ਬੱਚੇ ਤੇ ਬਜ਼ੁਰਗ ਵੀ ਸ਼ਾਮਲ ਸਨ। ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਮਰਹੂਮ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਜੋ ਉਸ ਵੇਲੇ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਨ, ਨੂੰ ਵੀ ਸਰਕਾਰੀ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਸੀ, ਉਨਾਂ ਆਪਣੀ ਕਿਤਾਬ ਵਿੱਚ ਵੀ ਇਸ ਦਾ ਜ਼ਿਕਰ ਕੀਤਾ ਹੈ।

# ਮੋਦੀ ਨੂੰ ਮਾਰਨ ਦੀ ਧਮਕੀ ਦੇਣ ਵਾਲਾ ਨਸ਼ੇੜੀ ਦਿੱਲੀ ਤੋਂ ਗ੍ਰਿਫਤਾਰ,

## ਪੁਲਿਸ ਕਰ ਰਹੀ ਏ ਜਾਂਚ

**ਨਵੀਂ ਦਿੱਲੀ/ਏ.ਟੀ.ਨਿਊਜ਼:** ਪੁਲਿਸ ਕੰਟਰੋਲ ਰੂਮ 'ਚ ਫੋਨ ਕਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਾਲੇ 22 ਸਾਲਾ ਸ਼ਖ਼ਸ ਨੂੰ ਉੱਤਰ-ਪੂਰਬੀ ਦਿੱਲੀ ਦੇ ਖਜੂਰੀ ਖਾਸ ਇਲਾਕੇ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਅਧਿਕਾਰੀਆਂ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਅਨੁਸਾਰ ਦੋਸ਼ੀ ਦੀ ਪਛਾਣ ਸਲਮਾਨ ਉਰਫ ਅਰਮਾਨ ਦੇ ਤੌਰ 'ਤੇ ਕੀਤੀ ਗਈ ਹੈ ਅਤੇ ਦੋਸ਼ੀ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਇਸ ਲਈ ਫੋਨ ਕੀਤਾ, ਕਿਉਂਕਿ ਉਹ ਜੇਲ੍ਹ ਜਾਣਾ ਚਾਹੁੰਦਾ ਹੈ। ਉਨ੍ਹਾਂ ਦੱਸਿਆ ਕਿ ਉਹ ਨਸ਼ੇ ਦਾ ਆਦੀ ਹੈ ਅਤੇ ਉਸ ਨੂੰ ਬਾਲ ਸੁਧਾਰ ਗ੍ਰਹਿ ਤੋਂ ਰਿਹਾਅ ਕੀਤਾ ਗਿਆ ਸੀ। ਅਧਿਕਾਰੀਆਂ ਅਨੁਸਾਰ ਉਸ ਨੂੰ 2018 'ਚ ਕਤਲ ਦੇ ਇਕ ਮਾਮਲੇ 'ਚ ਇੱਥੇ ਭੇਜਿਆ ਗਿਆ ਸੀ। ਪੁਲਿਸ ਨੇ ਦੱਸਿਆ ਕਿ ਦੋਸ਼ੀ ਨੇ ਵੀਰਵਾਰ ਅੱਧੀ ਰਾਤ ਨੂੰ 112 ਨੰਬਰ 'ਤੇ ਪੀ.ਸੀ.ਆਰ. ਨੂੰ ਫੋਨ ਕੀਤਾ ਅਤੇ ਪ੍ਰਧਾਨ ਮੰਤਰੀ ਮੋਦੀ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ।

ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਜਿਸ ਨੰਬਰ ਤੋਂ ਫੋਨ ਆਇਆ ਸੀ, ਉਸ ਦਾ ਤੁਰੰਤ ਪਤਾ ਲਗਾ ਲਿਆ ਗਿਆ ਅਤੇ ਜ਼ਿਲ੍ਹਾ ਪੁਲਿਸ ਇਕਾਈ ਨਾਲ ਨੰਬਰ ਸਾਂਝਾ ਕੀਤਾ ਗਿਆ, ਜਿਸ ਨੇ ਫੋਨ ਕਰਨ ਵਾਲੇ ਵਿਅਕਤੀ ਦੇ ਖਜੂਰੀ ਖਾਸ 'ਚ ਹੋਣ ਦਾ ਪਤਾ ਲਗਾਇਆ। ਸ਼ੁਰੂਆਤੀ ਜਾਂਚ ਅਨੁਸਾਰ, ਸਲਮਾਨ ਫੋਨ ਕਰਨ ਦੇ ਸਮੇਂ ਨਸ਼ੇ 'ਚ ਸੀ। ਉਸ ਦੇ ਪਿਤਾ ਨੇ ਰਾਤ ਕਰੀਬ 10 ਵਜੇ ਉਸ ਨੂੰ ਝਿੜਕਿਆ ਸੀ। ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੁੱਛ-ਗਿੱਛ ਦੌਰਾਨ ਦੋਸ਼ੀ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਇਸ ਲਈ ਫੋਨ ਕੀਤਾ, ਕਿਉਂਕਿ ਉਹ ਜੇਲ੍ਹ ਜਾਣਾ ਚਾਹੁੰਦਾ ਹੈ। ਇਹ ਪੁੱਛਣ 'ਤੇ ਕਿ ਜੇਲ੍ਹ ਕਿਉਂ ਜਾਣਾ ਚਾਹੁੰਦਾ ਹੈ, ਇਸ 'ਤੇ ਉਸ ਨੇ ਕਿਹਾ,''ਉੱਥੇ ਮਨ ਲੱਗਦਾ ਹੈ ਮੇਰਾ।'' ਉਨ੍ਹਾਂ ਕਿਹਾ ਕਿ ਸਲਮਾਨ ਨੇ ਪੁਲਿਸ ਨੂੰ ਇਹ ਵੀ ਦੱਸਿਆ ਕਿ ਉਸ ਨੂੰ ਨਸ਼ੇ ਦੀ ਆਦਤ ਹੈ ਅਤੇ ਉਸ ਨੇ ਵੀਰਵਾਰ ਰਾਤ ਕਰੀਬ 7 ਵਜੇ ਥੋੜ੍ਹਾ ਨਸ਼ਾ ਕੀਤਾ ਸੀ। ਪੁਲਿਸ ਨੇ ਦੱਸਿਆ ਕਿ ਦਿੱਲੀ ਪੁਲਿਸ ਦੇ ਸੀਨੀਅਰ ਅਧਿਕਾਰੀ ਕੋਈ ਕਾਨੂੰਨੀ ਕਾਰਵਾਈ ਕਰਨ ਤੋਂ ਪਹਿਲਾਂ ਪ੍ਰੋਟੋਕਾਲ ਅਨੁਸਾਰ ਖੁਫੀਆ ਬਿਊਰੋ ਦੇ ਅਧਿਕਾਰੀਆਂ ਨਾਲ ਉਸ ਤੋਂ ਪੁੱਛ-ਗਿੱਛ ਕਰਨਗੇ।

# ਅਮਰੀਕਾ : ਫਲੋਰਿਡਾ 'ਚ ਦੋ ਬੱਚਿਆਂ ਨੇ ਪੁਲਿਸ 'ਤੇ ਚਲਾਈਆਂ ਗੋਲੀਆਂ, ਮਚੀ ਦਹਿਸ਼ਤ

**ਫਰਿਜ਼ਨੋ (ਕੈਲੀਫੋਰਨੀਆ)/ਏ.ਟੀ.ਨਿਊਜ਼ :** ਫਲੋਰਿਡਾ 'ਚ ਇੱਕ ਘਰ 'ਚ ਲੁਕ ਕੇ ਬੈਠੇ 12 ਤੇ 14 ਸਾਲ ਦੇ ਬੱਚਿਆਂ ਵੱਲੋਂ ਖਤਰਨਾਕ ਹਥਿਆਰਾਂ ਨਾਲ ਪੁਲਿਸ 'ਤੇ ਗੋਲੀਬਾਰੀ ਕਰਨ ਨਾਲ ਹਫੜਾ-ਦਫੜੀ ਮਚ ਗਈ। ਇਨ੍ਹਾਂ ਦੋਵੇਂ ਬੱਚਿਆਂ 'ਚੋਂ ਇੱਕ 12 ਸਾਲਾ ਲੜਕਾ ਤੇ 14 ਸਾਲ ਲੜਕੀ ਸੀ ਅਤੇ ਅਧਿਕਾਰੀਆਂ ਨੇ ਦੱਸਿਆ ਕਿ ਇਸ 14 ਸਾਲਾ ਲੜਕੀ ਦੇ ਗੋਲੀਬਾਰੀ 'ਚ ਗੰਭੀਰ ਸੱਟ ਲੱਗੀ ਹੈ । ਪੁਲਿਸ ਅਨੁਸਾਰ ਇਹ ਦੋਵੇਂ ਬੱਚੇ, ਜੋ ਕਥਿਤ ਤੌਰ 'ਤੇ ਥੋੜ੍ਹਾ ਸਮਾਂ ਪਹਿਲਾਂ ਇੱਕ ਗਰੁੱਪ ਹੋਮ 'ਚੋਂ ਭੱਜ ਗਏ ਸਨ, ਮੰਗਲਵਾਰ ਰਾਤ ਨੂੰ ਇੱਕ ਖਾਲੀ ਘਰ 'ਚ ਦਾਖਲ ਹੋ ਗਏ ਸਨ, ਜਿਥੇ ਕਿ ਘਰ ਦੇ ਮਾਲਕ ਅਨੁਸਾਰ ਇੱਕ ਏ. ਕੇ. 47, ਇੱਕ ਹੈਂਡਗਨ, ਇੱਕ ਸ਼ਾਟਗੰਨ ਅਤੇ ਵੱਡੀ ਮਾਤਰਾ ਵਿੱਚ ਗੋਲਾ-ਬਾਰੂਦ ਮੌਜੂਦ ਸੀ। 12 ਸਾਲਾ ਲੜਕੇ ਨੇ ਘਰ ਦੇ ਕਮਰੇ 'ਚ ਏ. ਕੇ. 47 ਬੰਦੂਕ ਅਤੇ ਦੋ ਲੋਡ ਕੀਤੇ ਮੈਗਜ਼ੀਨ ਲੈ ਲਏ ਸਨ। ਵੂਲਸੀਆ ਪੁਲਿਸ ਵੱਲੋਂ ਜੁਵੇਨਾਈਲ ਹੋਮ 'ਚੋਂ ਲਾਪਤਾ ਹੋਣ ਕਾਰਨ ਬੱਚਿਆਂ ਦੀ ਭਾਲ ਕੀਤੀ ਜਾ ਰਹੀ ਸੀ ਅਤੇ ਇਸੇ ਦੌਰਾਨ ਅਧਿਕਾਰੀਆਂ ਨੇ ਘਰ ਨੂੰ ਘੇਰਿਆ ਤੇ ਬੱਚਿਆਂ ਨੂੰ ਸ਼ਾਂਤਮਈ ਢੰਗ ਨਾਲ ਬਾਹਰ ਆਉਣ ਲਈ ਕਿਹਾ ਪਰ ਬੱਚਿਆਂ ਨੇ ਘਰ 'ਚੋਂ ਲਈਆਂ ਬੰਦੂਕਾਂ ਨਾਲ ਗੋਲੀਬਾਰੀ



ਸ਼ੁਰੂ ਕਰ ਦਿੱਤੀ। ਵੂਲਸੀਆ ਕਾਉਂਟੀ ਸ਼ੈਰਿਫ ਮਾਈਕ ਚਿਟਵੁੱਡ ਅਨੁਸਾਰ ਬੱਚਿਆਂ ਨੇ ਕਈ ਥਾਵਾਂ ਤੋਂ ਫਾਇਰਿੰਗ ਕੀਤੀ ਅਤੇ ਲੜਕੀ ਨੇ ਇਕ ਸਾਰਜੈਂਟ ਨੂੰ ਜਾਨ ਤੋਂ ਮਾਰਨ ਦੀ ਧਮਕੀ ਵੀ ਦਿੱਤੀ। ਪੁਲਿਸ ਨੇ ਬੱਚਿਆਂ ਨਾਲ ਗੱਲਬਾਤ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਸਭ ਵਿਅਰਥ ਰਹੀ।

ਲੱਗਭਗ 30 ਮਿੰਟ ਤੱਕ ਪੁਲਿਸ 'ਤੇ ਫਾਇਰਿੰਗ ਕਰਨ ਤੋਂ ਬਾਅਦ 14 ਸਾਲਾ ਲੜਕੀ ਘਰ 'ਚੋਂ ਬਾਹਰ ਆਈ ਅਤੇ ਕਥਿਤ ਤੌਰ 'ਤੇ ਦੋ ਵਾਰ ਅਧਿਕਾਰੀਆਂ 'ਤੇ ਬੰਦੂਕ ਤਾਣੀ। ਇਸੇ ਦੌਰਾਨ ਉਸ ਨੂੰ ਇੱਕ ਡਿਪਟੀ ਨੇ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ, ਜੋ ਹੁਣ ਜ਼ੇਰੇ ਇਲਾਜ ਹੈ। ਇਸ ਗੋਲੀਬਾਰੀ 'ਚ ਕੋਈ ਵੀ ਪੁਲਿਸ ਅਧਿਕਾਰੀ ਜ਼ਖ਼ਮੀ ਨਹੀਂ ਹੋਇਆ। ਪੁਲਿਸ ਅਨੁਸਾਰ ਦੋਵਾਂ ਬੱਚਿਆਂ ਉੱਤੇ ਪਹਿਲੀ-ਡਿਗਰੀ ਕਤਲ ਦੀ ਕੋਸ਼ਿਸ਼ ਅਤੇ ਹਥਿਆਰਬੰਦ ਚੋਰੀ ਦੇ ਦੋਸ਼ ਲਾਏ ਗਏ ਹਨ। ਫਲੋਰਿਡਾ ਯੂਨਾਈਟਿਡ ਮੈਥੋਡਿਸਟ ਚਿਲਡ੍ਰਨਜ਼ ਹੋਮ ਦੇ ਪ੍ਰਧਾਨ ਅਤੇ ਸੀ. ਈ. ਓ. ਕਿਟਵਾਨਾ ਮੈਕਟੇਅਰ ਨੇ ਇਸ ਘਟਨਾ ਨੂੰ ਦੁਖਦਾਈ ਦੱਸਿਆ ਹੈ। ਮੈਕਟੇਅਰ ਨੇ ਕਿਹਾ ਕਿ ਦੋਵੇਂ ਬੱਚੇ ਘਰ ਦੇ ਐਮਰਜੈਂਸੀ ਪਨਾਹ ਦੇਖਭਾਲ ਪ੍ਰੋਗਰਾਮ 'ਚ ਸਨ, ਜੋ ਇਸ ਸਮੇਂ ਤਿੰਨ ਬੱਚਿਆਂ ਦੀ ਸੇਵਾ ਕਰ ਰਿਹਾ ਹੈ।

# ਸ਼ਹੀਦੀ ਸਮਾਗਮ



## ਗੁਰਦੁਆਰਾ ਸਾਹਿਬ, ਫਰੀਮੌਂਟ

ਜੂਨ ਮਹੀਨੇ ਦੀ ਆਮਦ ਸਿੱਖ ਮਾਨਸਿਕਤਾ ਨੂੰ ਰਹਿੰਦੀ ਦੁਨੀਆਂ ਤੱਕ ਜ਼ਖਮੀ ਕਰਦੀ ਰਹੇਗੀ ਕਿਉਂਕਿ ਇਸੇ ਮਹੀਨੇ ਦੌਰਾਨ **1984** ਵਿੱਚ ਸਾਡੇ ਧੁਰੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੇ ਭਾਰਤੀ ਹਾਕਮਾਂ ਵੱਲੋਂ ਟੈਂਕਾਂ-ਤੋਪਾਂ ਨਾਲ ਹਮਲਾ ਕਰਕੇ ਜਿੱਥੇ ਮੀਰੀ-ਪੀਰੀ ਦੇ ਤਖਤ ਨੂੰ ਖੰਡਰਾਤ ਵਿੱਚ ਬਦਲ ਦਿੱਤਾ ਸੀ ਉੱਥੇ ਹਜ਼ਾਰਾਂ ਹੀ ਬੇਗੁਨਾਹ ਅਤੇ ਮਾਸੂਮ ਸਿੱਖ ਬੀਬੀਆਂ, ਬੱਚੇ, ਬਜ਼ੁਰਗ ਗੋਲ਼ੀਆਂ ਨਾਲ ਸ਼ਹੀਦ ਕਰ ਦਿੱਤੇ ਸਨ।

ਦਰਬਾਰ ਸਾਹਿਬ ਦੀ ਪ੍ਰਕਰਮਾ ਨੂੰ ਆਪਣੇ ਖ਼ੂਨ ਨਾਲ ਧੋਣ ਵਾਲੇ ਸ਼ਹੀਦਾਂ ਨੂੰ ਸਿਜਦਾ ਕਰਦੇ ਹੋਏ, ਹਰੇਕ ਸਾਲ ਵਾਂਗ, ਉਹਨਾਂ ਦੀ ਮਹਾਨ ਯਾਦ ਗੁਰਦੁਆਰਾ ਸਾਹਿਬ, ਫਰੀਮੌਂਟ, ਕੈਲੇਫੋਰਨੀਆਂ ਵਿਖੇ ਸ਼ਰਧਾ, ਭਾਵਨਾ ਅਤੇ ਸਤਿਕਾਰ ਸਹਿਤ ਮਨਾਈ ਜਾ ਰਹੀ ਹੈ।

ਇਸ ਸੰਬੰਧ ਵਿੱਚ **4 ਜੂਨ 2021** ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ **6 ਜੂਨ 2021** ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ ਤੋਂ ਉਪਰੰਤ ਜੂਨ **1984** ਦੇ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਪੰਥ ਦੇ ਮਹਾਨ ਰਾਗੀ ,ਢਾਡੀ ਅਤੇ ਕਥਾਵਾਚਕ ਹਾਜ਼ਰੀ ਭਰਨਗੇ ।

**4** ਅਤੇ **5** ਜੂਨ ਸ਼ਾਮਾਂ ਨੂੰ ਵਿਸ਼ੇਸ਼ ਸਮਾਗਮ ਹੋਣਗੇ। ਪੰਥ ਦੇ ਮਹਾਨ ਕੀਰਤਨੀਏ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ, ਭਾਈ ਇੰਦਰਜੀਤ ਸਿੰਘ ਅਤੇ ਭਾਈ ਹਰਚਰਨ ਸਿੰਘ ਖਾਲਸਾ ਅਤੇ ਗਿਆਨੀ ਪੂਰਨ ਸਿੰਘ ਲੁਧਿਆਣੇ ਵਾਲੇ ਹਾਜ਼ਰੀ ਭਰਨਗੇ।

ਸਮੂਹ ਸਾਧ ਸੰਗਤ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਸ਼ਹੀਦਾਂ ਦੀ ਯਾਦ ਵਿੱਚ ਹੋ ਰਹੇ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਹਾਜ਼ਰੀ ਭਰਕੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਸ਼ਹਾਦਤਾਂ ਪ੍ਰਾਪਤ ਵਾਲ਼ਿਆਂ ਦੀ ਕੁਰਬਾਨੀ ਨੂੰ ਸਿਜਦਾ ਕਰਦੇ ਹੋਏ, ਸ਼ਹੀਦਾਂ ਅਤੇ ਗੁਰੂ ਸਾਹਿਬ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੀਏ।







ਜੂਨ **1984** ਦੇ ਸ਼ਹੀਦਾਂ ਦੀ ਯਾਦ ਵਿੱਚ **30** ਮਈ **2021** ਨੂੰ ਖ਼ੂਨ ਦਾਨ ਕੈਂਪ ਗੁਰਦੁਆਰਾ ਸਾਹਿਬ ਵਿਖੇ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਦਾਨੀ ਵੀਰ-ਭੈਣਾਂ ਨੂੰ ਸ਼ਹੀਦਾਂ ਦੀ ਯਾਦ ਵਿੱਚ ਖ਼ੂਨ-ਦਾਨ ਕਰਨ ਲਈ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

**5 ਜੂਨ ਨੂੰ 12-2 ਵਜੇ ਤੱਕ ਭਾਰਤੀ ਕੌਂਸਲੇਟ ਸਾਹਮਣੇ ਹਰ ਸਾਲ ਦੀ ਤਰਾਂ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ।**



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**ਸੁਪਰੀਮ ਕੌਂਸਲ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੇਫੋਰਨੀਆਂ । ਫ਼ੋਨ 510-790-0177**

# ਜਿਸ ਮਿਸ਼ਨ ਕਾਰਨ ਜੂਨ 1984 ਦਾ ਘੱਲੂਘਾਰਾ ਵਾਪਰਿਆ, ਸੁਹਿਰਦਤਾ ਨਾਲ ਉਸਦੀ ਪ੍ਰਾਪਤੀ ਲਈ ਸੰਘਰਸ਼ ਕਰਨਾ ਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੈ

**ਵਾਹਿਗੁਰੂ ਜੀ ਕਾ ਖ਼ਾਲਸਾ ।।**
**ਵਾਹਿਗੁਰੂ ਜੀ ਕੀ ਫ਼ਤਿਹ ।।**

ਗੁਰੂ ਰੂਪ ਸੰਗਤ ਜੀਓ, ਆਪਾਂ ਸਭ ਜਾਣਦੇ ਹਾਂ ਕਿ ਜੂਨ 1984 ਦੌਰਾਨ ਦਰਬਾਰ ਸਾਹਿਬ, ਅੰਮ੍ਰਿਤਸਰ, ਪੰਜਾਬ ਵਿਖੇ ਵਾਪਰੇ ਘੱਲੂਘਾਰੇ ਨੂੰ 37 ਸਾਲ ਬੀਤ ਗਏ ਹਨ। ਰਵਾਇਤੀ ਕਾਲੀਆਂ ਦੀ ਸਹਿਮਤੀ ਨਾਲ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤ੍ਰਿਕ ਦੇਸ਼ ਕਹਾਉਣ ਵਾਲੇ ਭਾਰਤ ਦੀ ਸਰਕਾਰ ਵੱਲੋਂ ਕੁੱਝ ਹੋਰ ਦੇਸ਼ਾਂ ਦੀ ਸਲਾਹ 'ਤੇ ਸਹਾਇਤਾ ਨਾਲ ਫੌਜ ਨੂੰ ਕਿਸੇ ਦੁਸ਼ਮਣ ਦੇਸ਼ ਨਾਲ ਜੰਗ ਲਈ ਭੇਜਣ ਵਾਂਗ ਹਰ ਮਾਰੂ ਹਥਿਆਰ ਅਤੇ ਸਮਗਰੀ ਨਾਲ ਲੈਸ ਕਰਕੇ ਅਕਿਹ ਅਤੇ ਅਸਿਹ ਜੁਲਮ ਢਾਹਿਆ ਗਿਆ। ਕੇਂਦਰ ਸਰਕਾਰ ਦੇ ਇਸ਼ਾਰਿਆਂ ਉੱਪਰ ਬੇਸ਼ੱਕ ਕਾਲੀ ਆਗੂਆਂ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਹਮਲੇ ਦੇ ਨਿਸ਼ਾਨ ਮਿਟਾਉਣ ਦੇ ਸਭ ਸੰਭਵ ਯਤਨ ਕੀਤੇ ਜਾਂਦੇ ਹਨ ਪਰ ਫਿਰ ਵੀ ਇਹ ਕਿਸੇ ਨਾਂ ਕਿਸੇ ਰੂਪ ਵਿੱਚ ਦਿਸ ਹੀ ਪੈਂਦੇ ਹਨ ਅਤੇ ਸ਼ਰਧਾਵਾਨ ਸਿੱਖਾਂ ਦੇ ਦਿਲੋ ਦਿਮਾਗ ਵਿੱਚ ਪੀੜੀ ਦਰ ਪੀੜੀ ਸਦੀਵੀ ਕਾਲ ਲਈ ਕਾਇਮ ਰਹਿਣਗੇ। ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਸ਼ਹੀਦ ਜਨਰਲ ਸੁਬੇਗ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ, ਬੀਬੀ ਉਪਕਾਰ ਕੌਰ ਅਤੇ ਹੋਰ ਸੂਰਬੀਰ ਯੋਧਿਆਂ ਨੇ ਚਮਕੌਰ ਸਾਹਿਬ ਜੀ ਦੀ ਗੜੀ ਦਾ ਇਇਹਾਸ ਦੁਹਰਾ ਦਿੱਤਾ। ਘੱਲੂਘਰੇ ਦੀ 37ਵੀਂ ਬਰਸੀ ਮੌਕੇ ਇਸ ਦੌਰਾਨ ਸ਼ਹੀਦ ਹੋਏ ਸਮੂਹ ਸਿੰਘ, ਸਿੰਘਣੀਆਂ ਤੇ ਭੁਝੰਗੀਆਂ ਲਈ ਸੱਚੀ ਅਤੇ ਸੁੱਚੀ ਸ਼ਰਧਾਂਜਲੀ ਇਹ ਹੋਵੇਗੀ ਕਿ ਕੌਮ ਉਨਾਂ ਦੇ ਅਧੂਰੇ ਮਿਸ਼ਨ ਦੀ ਪ੍ਰਾਪਤੀ ਲਈ ਸੁਹਿਰਦਤਾ ਨਾਲ ਸੰਘਰਸ਼ ਕਰੇ, ਉ ਜਿਸ ਦਿਨ ਭਾਰਤੀ ਫੌਜ ਨੇ ਦਰਬਾਰ ਸਾਹਿਬ ਵਿੱਚ ਪੈਰ ਰੱਖਿਆ ਉਸ ਦਿਨ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ ਉ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਇਹ ਬਚਨ ਕੌਮੀ ਸੰਘਰਸ਼ ਲਈ ਮਿਸ਼ਨ ਸਟੇਟਮੈਂਟ ਹੈ। ਕੌਮ ਪੜਚੋਲ ਕਰਕੇ ਫੈਸਲਾ ਕਰੇ ਕਿ ਕੌਣ ਕਿੱਥੇ ਖੜਾ ਹੈ, ਅਤੇ ਜੋ ਵੀ ਜਾਤੀ ਜਾਂ ਜਮਾਤੀ ਤੌਰ 'ਤੇ ਇਸ ਉੱਪਰ ਪਹਿਰਾ ਦੇ ਰਿਹਾ ਹੈ ਉਸਦੀ ਹਰ ਸੰਭਵ ਤਰੀਕੇ ਨਾਲ ਮੱਦਦ ਕੀਤੀ ਜਾਵੇ ਅਤੇ ਜੋ ਇਸ ਤੋਂ ਮੁਨਕਰ ਹੈ ਜਾਂ ਸਿਰਫ ਵਿਖਾਵਾ ਕਰ ਰਹੇ ਹਨ ਉਨਾਂ ਨੂੰ ਨਿਖੇੜ ਦਿੱਤਾ ਜਾਵੇ।



13 ਅਪ੍ਰੈਲ 1978 ਵਾਲੇ ਦਿਨ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ 13 ਸਿੰਘ ਸ਼ਹੀਦ 'ਤੇ ਅਨੇਕਾਂ ਹੋਰ ਜਖ਼ਮੀ ਹੋਏ ਸਨ ਉਦੋਂ ਤੋਂ ਲੈ ਕੇ ਹੁਣ ਤੱਕ ਅਤੇ 1 ਜੂਨ 2015 ਤੋਂ ਯੋਜਨਾਬੱਧ ਢੰਗ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਖਿਲਾਫ ਕੋਈ ਕਾਰਵਾਈ ਨਹੀਂ ਹੋਈ, 1978 ਵਿੱਚ ਵੀ ਤੇ 2015 ਵਿੱਚ ਵੀ ਪੰਜਾਬ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਕਾਲੀ ਦਲ ਦੀ ਸਰਕਾਰ ਸੀ ਜੋ ਕਿ ਦਾਅਵਾ ਕਰਦਾ ਹੈ ਕਿ ਉਸਨੂੰ ਵਿਦੇਸ਼ਾਂ ਵਿੱਚ ਵੀ ਕੀੜੀ ਤੁਰੀ ਜਾਂਦੀ ਸਾਫ ਨਜ਼ਰ ਆਉਂਦੀ ਹੈ। ਭਾਖੜਾ ਡੈਮ ਤੋਂ ਪੈਦਾ ਹੁੰਦੀਂ ਬਿਜਲੀ, ਪੰਜਾਬ ਦੇ ਪਾਣੀ 'ਤੇ ਡਾਕਾ ਮਾਰਨ ਦੀਆਂ ਸਾਜਿਸ਼ਾਂ ਤਾਂ ਚੱਲ ਹੀ ਰਹੀਆਂ ਸਨ ਕਿ ਪਿਛਲੀ ਸਦੀ ਦੇ 90ਵਿਆਂ ਦੌਰਾਨ ਕਿਸਾਨਾ ਤੋਂ ਉਨਾਂ ਦੀਆਂ ਜਮੀਨਾਂ ਖੋਹਣ ਲਈ ਅਪਨਾਈਆਂ ਜਾ ਰਹੀਆਂ ਨੀਤੀਆਂ ਆਪਣੀ ਚਰਮ ਸੀਮਾਂ ਉੱਪਰ ਪੁੱਜ ਗਈਆਂ ਹਨ ਛੇ ਮਹੀਨੇ ਤੋਂ ਉੱਪਰ ਸਮਾਂ ਹੋ ਗਿਆ ਹੈ ਕਿਸਾਨ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਹੇ ਹਨ ਸੈਂਕੜੇ ਕਿਸਾਨ ਇਸ ਦੌਰਾਨ ਜਾਨਾਂ ਵਾਰ ਗਏ ਹਨ, ਪਰ ਕੇਂਦਰ ਸਰਕਾਰ ਉੱਪਰ ਰਤੀ ਭਰ ਵੀ ਅਸਰ ਨਹੀਂ ਹੋ ਰਿਹਾ।

ਪੰਥ, ਪੰਜਾਬ 'ਤੇ ਪੰਜਾਬੀਅਤ ਦੇ ਦਰਦੀਉ ਉੱਠੋ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਉਸਦੀਆਂ ਸਹਿਯੋਗੀ ਧਿਰਾਂ ਦਾ ਸਾਥ ਦਿਉ ।

**ਬੇਨਤੀ ਕਰਤਾ: ਪ੍ਰਧਾਨ ਸੂਬਾ ਸਿੰਘ ਲਿੱਤਰਾਂ,**
**ਸਕੱਤਰ ਜਨਰਲ ਸਰਬਜੀਤ ਸਿੰਘ, ਪ੍ਰਧਾਨ ਯੂਥ ਵਿੰਗ**
**ਸਤਿੰਦਰ ਸਿੰਘ ਮੰਗੂਵਾਲ ਸ਼੍ਰੋਮਣੀ ਅਕਾਲੀ ਦਲ**

# ਸਪਰਿੰਗਫੀਲਡ ਦੀ ਸਾਲਾਨਾ 'ਮੈਮੋਰੀਅਲ ਡੇਅ ਪ੍ਰੇਡ'

## ਵਿਸ਼ਵ ਯੁੱਧਾਂ 'ਚ ਸ਼ਹੀਦ ਹੋਏ ਅਮਰੀਕਨ ਅਤੇ ਸਿੱਖ ਫੌਜੀਆਂ ਨੂੰ ਦਿੱਤੀ ਸ਼ਰਧਾਂਜਲੀ

**ਡੇਟਨ (ਅਮਰੀਕਾ)/ਏ.ਟੀ.ਨਿਊਜ਼ :** ਅਮਰੀਕਾ ਦੇ ਸ਼ਹੀਦ ਫ਼ੌਜੀਆਂ ਨੂੰ ਯਾਦ ਕਰਨ ਲਈ ਹਰ ਸਾਲ ਮਨਾਏ ਜਾਂਦੇ 'ਮੈਮੋਰੀਅਲ ਡੇਅ' ਮੌਕੇ ਓਹਾਇਓ ਸੂਬੇ ਦੇ ਸ਼ਹਿਰ ਸਪਰਿੰਗਫੀਲਡ ਵਿਖੇ ਇਸ ਇਤਿਹਾਸਕ ਦਿਨ 'ਤੇ ਇੱਥੋਂ ਦੀ ਬਹੁਤ ਹੀ ਪ੍ਰਸਿੱਧ ਸਲਾਨਾ ਪ੍ਰੇਡ ਦਾ ਆਯੋਜਨ ਕੀਤਾ ਗਿਆ। ਵੱਖ ਵੱਖ ਵਿਭਾਗਾਂ, ਜਥੇਬੰਦੀਆਂ, ਵਿਦਿਅਕ ਤੇ ਧਾਰਮਿਕ ਅਦਾਰਿਆਂ ਦੀਆਂ ਝਲਕੀਆਂ, ਇਸ ਪ੍ਰੇਡ ਦੀ ਵਿਸ਼ੇਸ਼ ਖਿੱਚ ਸਨ। ਇਸ ਪ੍ਰੇਡ ਵਿਚ ਇੱਥੋਂ ਦੇ ਸ਼ਹੀਦਾਂ ਦੀਆਂ ਤਸਵੀਰਾਂ ਪੋਸਟਰਾਂ 'ਤੇ ਲਾ ਕੇ ਉਨਾਂ ਨੂੰ ਯਾਦ ਕੀਤਾ ਗਿਆ। ਸੜਕਾਂ ਕੰਢੇ ਹਜ਼ਾਰਾਂ ਲੋਕ ਪ੍ਰਵਾਰ ਸਮੇਤ ਇਨਾਂ ਦੇ ਸੁਆਗਤ ਲਈ ਬੈਠੇ ਹੁੰਦੇ ਹਨ।

ਪਿਛਲੇ 23 ਸਾਲਾਂ ਤੋਂ ਇੱਥੋਂ ਦੇ ਵਸਨੀਕ ਅਵਤਾਰ ਸਿੰਘ, ਉਨਾਂ ਦੀ ਪਤਨੀ ਸਰਬਜੀਤ ਕੌਰ ਤੇ ਬੱਚੇ ਲਗਾਤਾਰ ਇਸ ਪ੍ਰੇਡ ਦਾ ਹਿੱਸਾ ਬਣਦੇ ਆ ਰਹੇ ਹਨ। ਉਨਾਂ ਵਲੋਂ ਕਈ ਵਰਿਆਂ ਪਹਿਲਾਂ ਕੀਤੇ ਗਏ ਇਸ ਉਦਮ ਤੋਂ ਬਾਅਦ ਹੁਣ ਸਪਰਿੰਗਫੀਲਡ ਦੇ ਨਾਲ ਲਗਦੇ ਸ਼ਹਿਰ ਡੇਟਨ, ਸਿਨਸਿਨਾਟੀ ਤੋਂ ਵੀ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਇਸ ਵਿੱਚ ਭਾਗ ਲੈਂਦਾ ਹੈ।

ਉਨਾਂ ਵਲੋਂ ਅਮਰੀਕਨ ਝੰਡਿਆਂ, ਬੈਨਰਾਂ, ਪੋਸਟਰਾਂ ਨਾਲ ਸਜਾਈਆਂ ਸਿਖ ਝਾਕੀਆਂ ਉੱਪਰ ਵਿਸ਼ਵ ਯੁੱਧਾਂ ਦੌਰਾਨ ਸ਼ਹੀਦ ਹੋਏ ਸਿੱਖ ਫੌਜੀਆਂ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਤਸਵੀਰਾਂ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ ਤੇ ਅਮਰੀਕੀਨਾਂ ਨੂੰ ਸ਼ੁਭਕਾਮਨਾਵਾਂ ਭੇਟ ਕੀਤੀਆਂ ਗਈਆਂ ਸਨ। ਕਰੀਬ ਤਿੰਨ ਮੀਲ ਲੰਮੀ ਇਹ ਪਰੇਡ ਜੱਦ ਬਜਾਰਾਂ ਵਿੱਚੋਂ ਲੰਘੀ, ਤਾਂ ਹਮੇਸ਼ਾ ਦੀ ਤਰਾਂ ਸਿੱਖ ਝਾਕੀ ਦਾ ਸੜਕ ਕੰਢੇ ਖੜੇ









ਅਤੇ ਬੈਠੇ ਹਜ਼ਾਰਾਂ ਸ਼ਹਿਰੀਆਂ ਨੇ ਹੱਥਾਂ ਵਿੱਚ ਅਮਰੀਕੀ ਝੰਡੇ ਲੈ ਕੇ ਹੱਥ ਹਿਲਾ ਕੇ ਨਿੱਘਾ ਸਵਾਗਤ ਕੀਤਾ ਅਤੇ ਉਹ 'ਮਿਸਟਰ ਸਿੰਘ, ਹੈਪੀ ਮੈਮੋਰੀਅਲ ਡੇਅ' ਵੀ ਕਹਿ ਰਹੇ ਸਨ। ਇਹ ਪਰੇਡ ਅਮਰੀਕਾ ਦੀਆਂ ਸਭ ਤੋਂ ਵੱਡੀਆਂ ਪਰੇਡਾਂ ਵਿਚੋਂ ਇਕ ਮੰਨੀ ਜਾਂਦੀ ਹੈ ਜਿਸ ਵਿੱਚ ਸ਼ਹਿਰ ਦੇ ਬਜਾਰਾਂ, ਘਰਾਂ ਦੇ ਬਾਹਰ ਅਤੇ ਪਾਰਕਾਂ ਵਿਚਲਗਭਗ 35 ਹਜ਼ਾਰ ਲੋਕ ਆਨੰਦ ਮਾਣਦੇ ਹਨ ਅਤੇ ਤਕਰੀਬਨ 2500 ਲੋਕ,300 ਗੱਡੀਆਂ ਤੇ 120 ਸਥਾਨਕ ਸੰਸਥਾਵਾਂ ਭਾਗ ਲੈਂਦੀਆਂ ਹਨ

ਸਿੱਖ ਸੋਸਾਇਟੀ ਆਫ ਡੇਟਨ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਹੇਮ ਸਿੰਘ ਜੀ ਨੇ ਵਿਸ਼ਵ ਸ਼ਾਂਤੀ, ਸਰਬੱਤ ਦੇ ਭਲੇ, ਦੇਸ਼ ਦੀ ਰੱਖਿਆ ਲਈ ਸ਼ਹੀਦ ਹੋਏ ਫੌਜੀਆਂ ਅਤੇ ਕਰੋਨਾ ਮਹਾਂਮਾਰੀ ਕਾਰਨ ਮਾਰੇ ਗਏ ਲੱਖਾਂ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ। ਸਰਬਜੀਤ ਕੌਰ ਅਤੇ ਅਵਤਾਰ ਸਿੰਘ ਨੇ ਦੱਸਿਆ ਕਿ ਉਹ ਪਹਿਲੀ ਵਾਰ 1999 ਵਿਚ ਪਰਿਵਾਰ ਸਮੇਤ ਇਸ ਪਰੇਡ ਵਿੱਚ ਸ਼ਾਮਲ ਹੋਏ ਸਨ ਤੇ ਉਨਾਂ ਨੂੰ ਇਸ ਕਮਿਉਨਟੀ ਦਾ ਹਿੱਸਾ ਹੋਣ ਤੇ ਮਾਣ ਹੈ। ਪਰੇਡ ਵਿੱਚ ਸ਼ਮੂਲੀਅਤ ਸਾਨੂੰ ਵਿਸ਼ਵ ਯੁਧਾਂ ਵਿਚ ਸ਼ਹੀਦ ਹੋਏ ਸਿੱਖ ਅਤੇ ਅਮਰੀਕੀ ਫੌਜੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਤੇ ਅਮਰੀਕੀ ਲੋਕਾਂ ਨੂੰ ਸਿੱਖਾਂ ਵਲੋਂ ਵਿਸ਼ਵ ਅਤੇ ਹੋਰਨਾਂ ਯੁੱਧਾਂ ਵਿਚ ਦਿੱਤੀਆਂ ਗਈਆਂ ਕੁਰਬਾਨੀਆਂ ਬਾਰੇ ਜਾਣਕਾਰੀ ਦੇਣ ਦਾ ਮੌਕਾ ਦਿੰਦੀ ਹੈ।

ਅਮਰੀਕਾ ਵਿਚ ਸਤੰਬਰ 2001 ਦੇ ਹਮਲੇ ਤੋਂ ਬਾਦ ਸਿੱਖਾਂ ਨੂੰ ਬਹੁਤ ਸਾਰੇ ਨਸਲੀ ਹਮਲਿਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਇਸ ਲਈ ਇਹ ਹੋਰ ਵੀ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਇਨਾਂ ਪ੍ਰੋਗਰਾਮਾਂ ਵਿਚ ਭਾਗ ਲਈਏ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਮਿਲ ਸਕੇ। ਉਨਾਂ ਨੂੰ ਇਹ ਦੇਖ ਕੇ ਅਹਿਸਾਸ ਹੋਵੇ ਕਿ ਸਿੱਖ ਵੀ ਸਾਡੇ ਕਮਿਉਨਿਟੀ ਦਾ ਹਿੱਸਾ ਹਨ।

ਲੋਕਾਂ ਨੂੰ ਸਿੱਖਾਂ ਦੀ ਨਿਵੇਕਲੀ ਪਛਾਣ ਤੋਂ ਜਾਣੂ ਕਰਵਾਉਣ ਲਈ ਕਿਤਾਬਚਾ ਵੀ ਵੰਡੇ ਜਾਂਦੇ ਹਨ। ਪਰੇਡ ਦੀਆਂ ਅਨਮੋਲ ਯਾਦਾਂ ਨੂੰ ਕੈਮਰਾਬੰਦ ਕਰਨ ਦੀ ਸੇਵਾ ਡੇਟਨ ਤੋਂ ਏ.ਐਂਡ.ਏ. ਫੋਟੋਗ੍ਰਾਫੀ ਦੇ ਸੁਨੀਲ ਮੱਲੀ ਵਲੋਂ ਕੀਤੀ ਜਾਂਦੇ ਹੈ।

# ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਵਲੋਂ ਬਾਬਾ ਸੇਵਾ ਸਿੰਘ 'ਫੇਥ ਫਾਰ ਅਰਥ' ਕੌਂਸਲਰ ਨਿਯੁਕਤ



**ਖਡੂਰ ਸਾਹਿਬ/ਏ.ਟੀ.ਨਿਊਜ਼ :** ਸੰਯੁਕਤ ਰਾਸ਼ਟਰ ਨਾਲ ਸਬੰਧਤ ਵਾਤਾਵਰਣ ਪ੍ਰੋਗਰਾਮ ਦੇ ਅਧਿਕਾਰੀਆਂ ਨਾਲ ਕਈ ਧਾਰਮਿਕ ਸੰਸਥਾਵਾਂ ਦੇ ਮੁਖੀਆਂ ਦੀ ਹੋਈ ਇਕ ਵਰਚੂਅਲ ਮੀਟਿੰਗ ਵਿਚ ਬਾਬਾ ਸੇਵਾ ਜੀ ਨੂੰ ਫੇਥ ਫਾਰ ਅਰਥ ਕੌਂਸਲਰ ਵਜੋਂ ਚੁਣਿਆ ਗਿਆ ਹੈ। ਸੰਯੁਕਤ ਰਾਸ਼ਟਰ ਦੇ ਵਾਤਾਵਰਣ ਪ੍ਰੋਗਰਾਮ ਦੀ ਸ਼ਾਖਾ ਵਜੋਂ ਕੰਮ ਕਰਦੀ ਸੰਸਥਾ ਯੁਨਾਈਟਿਡ ਰਿਲੀਜਨਸ ਇਨੀਸ਼ੀਏਟਿਵ ਵਲੋਂ ਇਹ ਐਲਾਨ ਇਕ ਵਰਚੂਅਲ ਮੀਟਿੰਗ ਵਿਚ ਕੀਤਾ ਗਿਆ। ਇਸ ਦੌਰਾਨ ਯੁਨਾਈਟਿਡ ਰਿਲੀਜਨਸ ਵਲੋਂ 2021 ਲਈ ਤਿੰਨ ਕਾਰਜ ਪ੍ਰਮੁਖ ਰੱਖੇ ਗਏ ਹਨ। ਇਨਾਂ ਵਿਚ ਬਾਇਉਡਾਈਵਰਸਿਟੀ ਦੀ ਸੁਰੱਖਿਆ, ਵੇਸਟ ਮੈਨੇਜਮੈਂਟ ਅਤੇ ਪਾਣੀ ਦੀ ਸਾਂਭ ਸੰਭਾਲ ਸ਼ਾਮਲ ਹਨ।

# ਤਪਤੇਜਦੀਪ ਸਿੰਘ ਦੇ ਦਰਸਨ ਕਰਨ ਲਈ ਸਮਾਂ ਅੱਜ ਸਾਮ 4 ਤੋਂ 7 ਵਜੇ ਤੱਕ








**ਯੂਨੀਅਨ ਸਿਟੀ /ਏ.ਟੀ.ਨਿਊਜ਼:** ਵੀਟੀਏ ਗੋਲੀਕਾਂਡ ਵਿੱਚ ਸਹੀਦ ਹੋਏ ਭਾਈ ਤਪਤੇਜਦੀਪ ਸਿੰਘ ਦੇ ਦਰਸਨ ਕਰਨ ਲਈ ਸੰਗਤ ਅੱਜ ਮਿਤੀ 4 ਜੂਨ ਨੂੰ ਸਾਮ 4 ਤੋਂ 7 ਵਜੇ ਤੱਕ ਜਾ ਸਕਦੀ ਹੈ। ਉਹਨਾਂ ਦਾ ਸਰਕਾਰ ਕੱਲ੍ਹ ਨੂੰ ਚੈਪਲ ਆਫ ਚਾਈਮਜ, 32992 ਮਿਸਨ ਸਟਰੀਟ ਹੇਵਰਡ ਹੋ ਰਿਹਾ। ਇਸ ਐਡਰੈਸ ਤੇ ਹੀ ਅੱਜ ਦਰਸਨ ਕਰ ਸਕਦੇ ਹੋ। ਸਸਕਾਰ ਵਿੱਚ ਪਰਿਵਾਰ ਹੀ ਜਾ ਸਕੇਗਾ ਪਰ ਗੁਰਦੁਆਰਾ ਸਾਹਿਬ ਫਰੀਮਾਂਟ ਕੱਲ੍ਹ ਸਵੇਰੇ 9 ਵਜੇ ਤੋਂ ਵੱਡੀ ਸਕਰੀਨ ਲਾ ਕੇ ਸਸਕਾਰ ਦਖਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਤਸਵੀਰਾਂ ਭਾਈ ਤਪਤੇਜਦੀਪ ਸਿੰਘ ਦੀਆਂ ਸੈਨ ਫਰਾਂਸਿਸਕੋ ਨਗਰ ਕੀਰਤਨ ਵਿੱਚ ਪੰਜ ਪਿਆਰਿਆਂ ਵਜੋਂ ਸਮੂਲੀਅਤ ਦੀਆਂ ਹਨ ।

## ਸਿੱਖ ਸੰਗਤਾਂ 1984 ਦੇ ਘੱਲੂਘਾਰੇ ਦੀ ਯਾਦ ਵਿੱਚ ਭਾਰਤੀ ਸਫਾਰਤਖਾਨੇ ਅੱਗੇ ਕਰਨੀਆਂ ਰੋਸ ਮੁਜਾਹਰਾ

**ਫਰੀਮਾਂਟ/ਏ.ਟੀ.ਨਿਊਜ਼:** ਹਰ ਸਾਲ ਦੀ ਤਰਾਂ ਕੈਲੇਫੋਰਨੀਆਂ ਦੀ ਸਿੱਖ ਸੰਗਤਾਂ ਕੱਲ੍ਹ ਮਿਤੀ 5 ਜੂਨ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਭਾਰਤੀ ਸਫਾਰਤਖਾਨੇ ਅੱਗੇ ਰੋਸ ਮੁਜਾਹਰਾ ਕਰਣਗੀਆਂ। 1984 ਵਿੱਚ ਭਾਰਤ ਸਰਕਾਰ ਵੱਲੋਂ ਦਰਬਾਰ ਸਾਹਿਬ ਉੱਪਰ ਕੀਤੇ ਹਮਲੇ ਦੀ ਯਾਦ ਵਿੱਚ ਸੰਗਤਾਂ ਭਾਰਤ ਨੂੰ ਯਾਦ ਕਰਾਉਣ ਲਈ 1985 ਤੋਂ ਹੀ ਲਗਾਤਾਰ ਇਹ ਮਜਾਹਰਾ ਕਰਦੀਆਂ ਹਨ ਤਾਂ ਜੋ ਭਾਰਤ ਅਤੇ ਦੁਨੀਆਂ ਨੂੰ ਪਤਾ ਲੱਗ ਸਕੇ ਕਿ ਅਸੀਂ 'ਨਾਂ ਭੁੱਲੇ ਹਾਂ , ਨਾਂ ਭੁੱਲਾਂਗੇ'।

ਸਿੱਖ ਯੂਥ ਆਫ ਅਮਰੀਕਾ ਨੇ ਸਾਰੀਆਂ ਪੰਥਕ ਜੱਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਨੂੰ ਮੁਜਾਹਰੇ ਵਿੱਚ ਸਾਮਿਲ ਹੋਣ ਲਈ ਬੇਨਤੀ ਕੀਤੀ ਹੈ।



ਭਾਰਤੀ ਕੌਂਸਲੇਟ ਦਾ ਐਡਰੈਸ 540 Arguello Street, San Francisco ਹੈ।

## ਵਿਸ਼ਵ ਦੀ ਸਭ ਤੋਂ ਵੱਡੀ ਮੀਟ ਸਪਲਾਈ ਕੰਪਨੀ ਜੇ ਬੀ ਐਸ ਉਪਰ ਸਾਈਬਰ ਹਮਲਾ

### ਉਤਰੀ ਅਮਰੀਕਾ ਤੇ ਆਸਟ੍ਰੇਲੀਆ ਵਿਚ ਆਈ ਟੀ ਪ੍ਰਣਾਲੀ ਪ੍ਰਭਾਵਿਤ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਅਮਰੀਕਾ ਦੀ ਜੇ ਬੀ ਐਸ ਕੰਪਨੀ ਨੇ ਕਿਹਾ ਹੈ ਕਿ ਉਸ ਉਪਰ ਸੰਗਠਿਤ ਸਾਈਬਰ ਹਮਲਾ ਹੋਇਆ ਹੈ ਜਿਸ ਨਾਲ ਉਸ ਨੂੰ ਆਪਣਾ ਕਾਰੋਬਾਰ ਰੱਦ ਕਰਨਾ ਪਿਆ ਹੈ। ਜੇ ਬੀ ਐਸ ਵਿਸ਼ਵ ਭਰ ਵਿਚ ਮੀਟ ਦਾ ਕਾਰੋਬਾਰ ਕਰਨ ਵਾਲੀ ਸਭ ਤੋਂ ਵੱਡੀ ਕੰਪਨੀ ਹੈ। ਇਕ ਬਿਆਨ ਵਿਚ ਜੇ ਬੀ ਐਸ ਜਿਸ ਦਾ ਅਮਰੀਕਾ ਵਿਚ ਹੈੱਡਕੁਆਰਟਰ ਗਰੀਲੇ, ਕੋਲੋਰਾਡੋ ਵਿਖੇ ਹੈ, ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਹਮਲੇ ਕਾਰਨ ਉਤਰੀ ਅਮਰੀਕਾ ਤੇ ਆਸਟ੍ਰੇਲੀਆ ਵਿਚਲੇ ਆਈ ਟੀ ਸਿਸਟਮ ਲਈ ਕੰਮ ਕਰਦੇ ਕੁਝ ਸਰਵਰ ਪ੍ਰਭਾਵਿਤ ਹੋਏ ਹਨ। ਉਸ ਨੇ ਤੁਰੰਤ ਕਾਰਵਾਈ ਕਰਦਿਆਂ ਆਪਣੀ ਸਾਰੀ ਪ੍ਰਭਾਵਿਤ ਪ੍ਰਣਾਲੀ ਦਾ ਕੰਮ ਰੋਕ ਦਿੱਤਾ ਹੈ। ਇਸ ਦੇ ਨਾਲ ਹੀ ਮਸਲੇ ਦੇ ਹੱਲ ਲਈ ਆਪਣੇ ਵਿਸ਼ਵ ਦੇ ਆਈ ਟੀ ਮਾਹਿਰਾਂ ਤੇ ਤੀਸਰੀ ਧਿਰ ਦੇ ਮਾਹਿਰਾਂ ਨੂੰ ਕਾਰਵਾਈ ਕਰਨ ਲਈ ਕਿਹਾ ਹੈ। ਕੰਪਨੀ ਨੇ ਕਿਹਾ ਹੈ ਕਿ ਉਸ ਦੇ 'ਬੈਕ ਅੱਪ ਸਰਵਰ' ਪ੍ਰਭਾਵਿਤ ਨਹੀਂ ਹੋਏ ਤੇ ਉਹ ਠੀਕ ਤਰਾਂ ਕੰਮ ਕਰ ਰਹੇ ਹਨ। ਇਸ ਹਮਲੇ ਕਾਰਨ ਕਿੰਨੇ ਗਾਹਕ ਪ੍ਰਭਾਵਿਤ ਹੋਏ ਹਨ ਇਸ ਸਬੰਧੀ ਅਜੇ ਪੂਰੀ ਜਾਣਕਾਰੀ ਨਹੀਂ ਮਿਲੀ ਹੈ। ਇਥੇ ਜ਼ਿਕਰਯੋਗ ਹੈ ਕਿ ਮਈ ਮਹੀਨੇ ਦੇ ਸ਼ੁਰੂ ਵਿਚ ਕੋਲੋਨੀਅਲ ਪਾਈਪ ਲਾਈਨ ਉਪਰ ਸਾਈਬਰ ਹਮਲਾ ਹੋਇਆ ਸੀ ਜਿਸ ਕਾਰਨ ਦੱਖਣ ਪੂਰਬੀ ਅਮਰੀਕਾ ਵਿਚ ਤੇਲ ਦੀ ਸਪਲਾਈ ਆਰਜੀ ਤੌਰ 'ਤੇ ਰੋਕਣੀ ਪਈ ਸੀ। ਲੋਕਾਂ ਵਿਚ ਖਰੀਦ ਲਈ ਆਪਾ ਧਾਪੀ ਪੈਣ ਕਾਰਨ ਗੈਸ ਦੀ ਕਮੀ ਪੈਦਾ ਹੋ ਗਈ ਸੀ।

## ਅਮਰੀਕਾ ਵਿਚ ਕੰਪਨੀਆਂ ਆਪਣੇ ਮੁਲਾਜ਼ਮਾਂ ਦਾ ਟੀਕਾਕਰਨ ਲਾਜ਼ਮੀ ਕਰਨ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਇਕ ਸੰਘੀ ਏਜੰਸੀ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਅਮਰੀਕੀ ਕੰਪਨੀਆਂ ਆਪਣੇ ਮੁਲਾਜ਼ਮਾਂ ਨੂੰ ਕੋਵਿਡ-19 ਵੈਕਸੀਨੇਸ਼ਨ ਲਈ ਮਜਬੂਰ ਕਰ ਸਕਦੀਆਂ ਹਨ। 'ਇਕੂਅਲ ਇੰਪਲਾਇਮੈਂਟ ਆਪਰਚਿਉਨਿਟੀ ਕਮਿਸ਼ਨ' ਨੇ ਕਿਹਾ ਹੈ ਕਿ ਸੰਘੀ ਕਾਨੂੰਨ ਸਾਰੇ ਮੁਲਾਜ਼ਮਾਂ ਜੋ ਕੰਮ ਵਾਲੇ ਸਥਾਨ ਵਿਚ ਦਾਖਲ ਹੁੰਦੇ ਹਨ, ਦਾ ਕੋਵਿਡ-19 ਟੀਕਾਕਰਨ ਕਰਨ ਤੋਂ ਮਾਲਕਾਂ ਨੂੰ ਰੋਕਦਾ ਨਹੀਂ ਹੈ। ਕਮਿਸ਼ਨ ਨੇ ਕਿਹਾ ਹੈ ਕਿ ਕੰਪਨੀਆਂ ਦੇ ਮਾਲਕ ਟੀਕਾਕਰਨ ਬਦਲੇ ਆਪਣੇ ਮੁਲਾਜ਼ਮਾਂ ਨੂੰ ਕੋਈ ਲੁਭਾਉਣੀ ਪੇਸ਼ਕਸ਼ ਕਰ ਸਕਦੇ ਹਨ। ਬਹੁਤ ਸਾਰੀਆਂ ਕੰਪਨੀਆਂ ਪਹਿਲਾਂ ਹੀ ਟੀਕਾਕਰਨ ਬਦਲੇ ਆਪਣੇ ਮੁਲਾਜ਼ਮਾਂ ਤੇ ਗਾਹਕਾਂ ਨੂੰ ਕਈ ਤਰਾਂ ਦੀਆਂ ਪੇਸ਼ਕਸ਼ਾਂ ਕਰ ਚੁੱਕੀਆਂ ਹਨ। ਸੀ ਵੀ ਐਸ ਕੰਪਨੀ ਨੇ ਆਪਣੇ ਗਾਹਕਾਂ ਦੇ ਵਧ ਤੋਂ ਵਧ ਟੀਕਾਕਰਨ ਲਈ ਵਿਦੇਸ਼ੀ ਟੂਰ ਜਾਂ ਨਕਦ ਇਨਾਮ ਦੀ ਪੇਸ਼ਕਸ਼ ਕੀਤੀ ਹੈ। ਰੋਜਰ ਕੰਪਨੀ ਆਪਣੇ ਗਾਹਕਾਂ ਤੇ ਵਰਕਰਾਂ ਨੂੰ ਟੀਕਾਕਰਨ ਬਦਲੇ 10 ਲੱਖ ਡਾਲਰ ਜਿੱਤਣ ਜਾਂ ਇਕ ਸਾਲ ਲਈ ਮੁਫਤ ਰਾਸ਼ਨ ਪਾਣੀ ਦੇਣ ਦੀ ਪੇਸ਼ਕਸ਼ ਕਰ ਚੁੱਕੀ ਹੈ। ਕੰਪਨੀ ਨੇ ਕਿਹਾ ਹੈ ਕਿ ਵੈਕਸੀਨ ਲਵਾਉਣ ਵਾਲੇ ਲੋਕਾਂ ਨੂੰ 10 ਲੱਖ ਡਾਲਰ ਜਿੱਤਣ ਦਾ ਅਵਸਰ ਮਿਲੇਗਾ ਤੇ ਇਸ ਤੋਂ ਇਲਾਵਾ 10 ਹੋਰ ਜੇਤੂ ਇਕ ਸਾਲ ਤੱਕ ਮੁਫਤ ਰਾਸ਼ਨ ਪਾਣੀ ਲੈ ਸਕਣਗੇ। ਕੰਪਨੀ ਦੀ ਇਹ ਪੇਸ਼ਕਸ਼ ਅਗਲੇ ਹਫਤੇ ਤੋਂ ਲਾਗੂ ਹੋ ਰਹੀ ਹੈ। ਇਸ ਸਾਲ ਦੇ ਸ਼ੁਰੂ ਵਿਚ ਕੰਪਨੀ ਨੇ ਟੀਕਾ ਲਵਾਉਣ ਵਾਲੇ ਆਪਣੇ ਮੁਲਾਜ਼ਮਾਂ 100 ਡਾਲਰ ਬੋਨਸ ਦੇਣ ਦਾ ਐਲਾਨ ਕੀਤਾ ਸੀ। ਅਮਰੀਕਾ ਦਾ ਟੀਚਾ ਜਿਵੇਂ ਕਿ ਰਾਸ਼ਟਰਪਤੀ ਜੋਅ ਬਾਈਡਨ ਕਹਿ ਚੁੱਕੇ ਹਨ ਛੇਤੀ ਤੋਂ ਛੇਤੀ ਦੇਸ਼ ਦੀ 70% ਆਬਾਦੀ ਦਾ ਟੀਕਾਕਰਨ ਕਰਨ ਦਾ ਹੈ। ਬਾਈਡਨ ਨੇ ਕਿਹਾ ਸੀ ਕਿ ਉਹ ਚਹੁੰਦੇ ਹਨ ਕਿ 4 ਜੁਲਾਈ ਤੱਕ 70% ਅਮਰੀਕੀ ਘੱਟੋ ਘੱਟ ਇਕ ਟੀਕਾ ਜਰੂਰ ਲਵਾ ਲੈਣ। ਇਥੇ ਜਿਕਰਯੋਗ ਹੈ ਕਿ ਅਮਰੀਕਾ ਦੀ 40% ਅਬਾਦੀ ਦਾ ਪੂਰੀ ਤਰਾਂ ਟੀਕਾਕਰਨ ਹੋ ਚੁੱਕਾ ਹੈ। ਜਿਸ ਦਾ ਸਿੱਟਾ ਹੈ ਕਿ ਪੂਰੀ ਤਰਾਂ ਟੀਕਾਕਰਨ ਕਰਵਾ ਚੁੱਕੇ ਲੋਕਾਂ ਨੂੰ ਬਿਨਾਂ ਮਾਸਕ ਇਕੱਠਾਂ ਵਿਚ ਜਾਣ ਦੀ ਇਜਾਜਤ ਦਿੱਤੀ ਗਈ ਹੈ। ਵੈਟਰਨਜ ਅਫੇਅਰਜ ਵਿਭਾਗ ਨੇ ਮਾਸਕ ਤੇ ਸਮਾਜਿਕ ਦੂਰੀ ਸਮੇਤ ਹਰ ਤਰਾਂ ਦੇ ਸੀਮਿਤ ਇਕੱਠਾਂ ਦੀਆਂ ਪਾਬੰਦੀਆਂ ਖਤਮ ਕਰ ਦਿੱਤੀਆਂ ਹਨ।

## ਝੀਲ ਵਿਚ ਤਬਾਹ ਹੋਏ ਛੋਟੇ ਜਹਾਜ਼ ਵਿੱਚ ਸਵਾਰ ਸਾਰੇ 7 ਜਣਿਆਂ ਦੀ ਮੌਤ



**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਬੀਤੇ ਦਿਨ ਨੈਸ਼ਵਿਲੇ ਸ਼ਹਿਰ ਦੇ ਨੀਮ ਸ਼ਹਿਰੀ ਇਲਾਕੇ ਟੈਨੇਸੀ ਦੀ ਝੀਲ ਵਿਚ ਡਿੱਗ ਕੇ ਤਬਾਹ ਹੋਏ ਇਕ ਛੋਟੇ ਜਹਾਜ਼ ਵਿਚ ਸਵਾਰ ਸਾਰੇ 7 ਵਿਅਕਤੀਆਂ ਦੀ ਮੌਤ ਹੋ ਗਈ ਹੈ। ਪਹਿਲੀਆਂ ਰਿਪੋਰਟਾਂ ਵਿਚ 6 ਵਿਅਕਤੀਆਂ ਨੂੰ ਬਚਾਅ ਲੈ ਜਾਣ ਦੀ ਗੱਲ ਕਹੀ ਗਈ ਸੀ ਪਰ ਹੁਣ ਮੰਨ ਲਿਆ ਗਿਆ ਹੈ ਕਿ ਜਹਾਜ਼ ਵਿਚ ਸਵਾਰ ਵਿਅਕਤੀਆਂ ਵਿਚੋਂ ਕੋਈ ਵੀ ਨਹੀਂ ਬਚਿਆ। ਇਨਾਂ ਵਿਚ ਡਾਈਟ ਗੁਰੂ ਤੇ ਚਰਚ ਪ੍ਰਧਾਨ ਗੈਨ ਲਾਰਾ, ਉਸ ਦਾ ਪਤੀ ਅਦਾਕਾਰ ਜੋਅ ਲਾਰਾ ਵੀ ਸ਼ਾਮਿਲ ਹੈ। ਇਹ ਸਾਰੇ ਬਰੈਂਟਵੁੱਡ, ਟੈਨੇਸੀ ਦੇ ਰਹਿਣ ਵਾਲੇ ਸਨ। ਅਧਿਕਾਰੀਆਂ ਨੇ ਦਸਿਆ ਕਿ ਸਮਾਈਰਨਾ, ਟੈਨੇਸੀ ਤੋਂ ਉਡਾਨ ਭਰਨ ਉਪਰੰਤ ਤਕਰੀਬਨ 3 ਕਿਲੋਮੀਟਰ ਦੀ ਦੂਰੀ 'ਤੇ ਜਹਾਜ਼ ਤਬਾਹ ਹੋ ਕੇ ਝੀਲ ਵਿਚ ਜਾ ਡਿੱਗਾ। ਰੁਦਰਫੋਰਡ ਕਾਉਂਟੀ ਦੇ ਅੱਗ ਬੁਝਾਊ ਵਿਭਾਗ ਦੇ ਕੈਪਟਨ ਜੋਸ਼ੂਆ ਸੈਂਡਰਜ ਨੇ ਕਿਹਾ ਹੈ ਕਿ ਇਸ ਸਮੇਂ ਕਿਸੇ ਦੇ ਜਿੰਦਾ ਮਿਲਣ ਦੀ ਕੋਈ ਸੰਭਾਵਨਾ ਨਹੀਂ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh, Sarbjeet Kaur Sarb Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਫੌਜ ਦੀ ਗੋਲੀਬਾਰੀ ਨਾਲ ਜ਼ਖਮੀ ਪਾਵਨ ਸਰੂਪ ਤੇ ਗੋਲੀਆਂ ਲੱਗੇ ਸੋਨੇ ਦੇ ਪੱਤਰੇ ਹੁਣ ਸੰਗਤ ਦੇਖ ਸਕੇਗੀ

## 37 ਵਰਿਆਂ ਬਾਅਦ ਸ਼੍ਰੋਮਣੀ ਕਮੇਟੀ ਨੇ ਕੀਤਾ ਫੈਸਲਾ



**ਅੰਮ੍ਰਿਤਸਰ/ਏ.ਟੀ.ਨਿਊਜ਼ :** ਸ਼੍ਰੋਮਣੀ ਕਮੇਟੀ ਨੇ 37 ਵਰਿਆਂ ਬਾਅਦ ਅਹਿਮ ਫ਼ੈਸਲੇ ਲੈਂਦਿਆਂ ਜੂਨ 1984 ਵਿਚ ਫ਼ੌਜ ਵਲੋਂ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਸਮੂਹ ’ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਹਰਿਮੰਦਰ ਸਾਹਿਬ ਵਿਖੇ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਪਾਵਨ ਸਰੂਪ ਅਤੇ ਗੋਲੀਆਂ ਨਾਲ ਛਲਣੀ ਹੋਏ ਗੁਰੂਘਰ ਦੇ ਸੋਨੇ ਦੇ ਪੱਤਰਿਆਂ ਦੇ ਸੰਗਤਾਂ ਨੂੰ ਦਰਸ਼ਨ ਕਰਵਾਉਣ, ਗੋਲੀਆਂ ਨਾਲ ਵਿੰਨੀ ਖ਼ਜ਼ਾਨਾ ਡਿਉੜੀ ਦੀ ਸੰਭਾਲ ਕਰਨ ਅਤੇ ਜੂਨ ’84 ਦੇ ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਲਗਾਉਣ ਲਈ ਸ਼ਹੀਦੀ ਗੈਲਰੀ ਸ਼੍ਰੋਮਣੀ ਕਮੇਟੀ ਵਲੋਂ ਖ਼ੁਦ ਜਲਦ ਤਿਆਰ ਕਰਨ ਦਾ ਐਲਾਨ ਕੀਤਾ । ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਜੂਨ ’84 ਦਾ ਘੱਲੂਘਾਰਾ ਸਿੱਖ ਕੌਮ ਲਈ ਅਤਿ ਪੀੜਾਦਾਇਕ ਹੈ ਤੇ ਇਸ ਨੂੰ ਦੁਨੀਆ ਭਰ ’ਚ ਵਸਦੇ ਸਿੱਖ ਕਦੇ ਨਹੀਂ ਭੁਲਾ ਸਕਦੇ । ਉਨਾਂ ਕਿਹਾ ਕਿ ਅੰਤ੍ਰਿਗ ਕਮੇਟੀ ਨੇ ਫ਼ੈਸਲਾ ਕੀਤਾ ਹੈ ਕਿ ਘੱਲੂਘਾਰੇ ਦੌਰਾਨ ਜ਼ਖ਼ਮੀ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਸਮੇਤ ਹੋਰ ਸਬੰਧਤ ਮੌਜੂਦ ਨਿਸ਼ਾਨੀਆਂ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਣਗੇ, ਤਾਂ ਜੋ ਆਉਣ ਵਾਲੀਆਂ ਪੀੜੀਆਂ ਆਪਣੀ ਕੌਮ ’ਤੇ ਕੇਂਦਰ ਦੀ ਕਾਂਗਰਸ ਸਰਕਾਰ ਵਲੋਂ ਕੀਤੇ ਜ਼ੁਲਮ ਨੂੰ ਯਾਦ ਰੱਖ ਸਕਣ । ਉਨਾਂ ਕਿਹਾ ਕਿ ਸ਼ਹੀਦੀ ਹਫ਼ਤੇ ਦੌਰਾਨ 1984 ਵਿਚ ਜ਼ਖ਼ਮੀ ਹੋਏ ਪਾਵਨ ਸਰੂਪ ਨੂੰ ਅਕਾਲ ਤਖ਼ਤ ਸਾਹਿਬ ਦੇ ਨਜ਼ਦੀਕ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿਖੇ 3 ਤੋਂ 5 ਜੂਨ ਤੱਕ ਸੰਗਤ ਦੇ ਦਰਸ਼ਨਾਂ ਲਈ ਸੁਸ਼ੋਭਿਤ ਕੀਤਾ ਜਾਵੇਗਾ ਤੇ ਇਸ ਦੌਰਾਨ ਇਸ ਪਾਵਨ ਸਰੂਪ ਵਿਚ ਲੱਗੀ ਫ਼ੌਜ ਦੀ ਗੋਲੀ ਨੂੰ ਵੀ ਪ੍ਰਦਰਸ਼ਿਤ ਕੀਤਾ ਜਾਵੇਗਾ। ਉਨਾਂ ਦੱਸਿਆ ਕਿ ਫ਼ੌਜੀ ਹਮਲੇ ਵਿਚ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੇ ਜਿਨਾਂ ਸੁਨਹਿਰੀ ਪੱਤਰਿਆਂ ’ਤੇ ਗੋਲੀਆਂ ਲੱਗੀਆਂ ਸਨ, ਦੇ ਵੀ ਜਲਦ ਸੰਗਤਾਂ ਦਰਸ਼ਨ ਕਰ ਸਕਣਗੀਆਂ ਤੇ ਇਹ ਸੁਨਹਿਰੀ ਪੱਤਰੇ ਅਕਾਲ ਤਖ਼ਤ ਸਾਹਿਬ ਵਿਖੇ ਭੋਰਾ ਸਾਹਿਬ ਵਿਚ ਦਰਸ਼ਨਾਂ ਲਈ ਰੱਖੇ ਜਾਣਗੇ ।ਉਨਾਂ ਕਿਹਾ ਕਿ ਖ਼ਜ਼ਾਨਾ ਡਿਉੜੀ ਜੋ ਕਿ ਫ਼ੌਜ ਦੀ ਗੋਲਾਬਾਰੀ ਦੌਰਾਨ ਛਲਣੀ ਹੋ ਗਈ ਸੀ, ਦੇ ਨਿਸ਼ਾਨਾਂ ਨੂੰ ਵੀ ਜਿਉਂ ਦਾ ਤਿਉਂ ਸੰਭਾਲ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ ਤਾਂ ਕਿ ਆਉਣ ਵਾਲੀਆਂ ਪੀੜੀਆਂ ਸਮੇਂ ਦੀ ਕੇਂਦਰ ਸਰਕਾਰ ਵਲੋਂ ਸਿੱਖ ਗੁਰਧਾਮਾਂ ’ਤੇ ਕੀਤੇ ਹਮਲੇ ਨੂੰ ਦੇਖ ਸਕਣ। ਉਨਾਂ ਦੱਸਿਆ ਕਿ ਥੋੜੇ ਦਿਨਾਂ ਅੰਦਰ ਹੀ ਜੂਨ 1984 ਦੇ ਸ਼ਹੀਦਾਂ ਸਬੰਧੀ ਬਣਾਈ ਜਾ ਰਹੀ ਸ਼ਹੀਦੀ ਗੈਲਰੀ ਦੀ ਵੀ ਸ਼੍ਰੋਮਣੀ ਕਮੇਟੀ ਵਲੋਂ ਸ਼ੁਰੂਆਤ ਕੀਤੀ ਜਾਵੇਗੀ। ਇਸ ਵਿਚ ਢਹਿ-ਢੇਰੀ ਹੋਏ ਅਕਾਲ ਤਖ਼ਤ ਸਾਹਿਬ ਦਾ ਵੱਡ-ਆਕਾਰੀ ਮਾਡਲ ਲਗਾਇਆ ਜਾਵੇਗਾ ਤੇ ਇਥੇ ਡਿਜੀਟਲ ਰੂਪ ਵਿਚ ਘੱਲੂਘਾਰੇ ਦੇ ਇਤਿਹਾਸ ਨੂੰ ਵੀ ਰੂਪਮਾਨ ਕੀਤਾ ਜਾਵੇਗਾ । ਇਕ ਸਵਾਲ ਦੇ ਜਵਾਬ ਵਿਚ ਉਨਾਂ ਕਿਹਾ ਕਿ ਜੂਨ ’84 ਦੇ ਫ਼ੌਜੀ ਹਮਲੇ ਸਮੇਂ ਸ਼ਹੀਦ ਹੋਏ ਸਿੰਘ, ਸਿੰਘਣੀਆਂ ਅਤੇ ਭੁਝੰਗੀਆਂ ਦੇ ਵੇਰਵੇ ਇਕੱਤਰ ਕੀਤੇ ਜਾਣਗੇ।

# ਅਮਰੀਕਾ ਸੰਸਦ ਵਿਚ ਗਰੀਨ ਕਾਰਡ ਕੋਟੇ ਦੀ ਹੱਦ ਖ਼ਤਮ ਕਰਨ ਵਾਲਾ ਬਿੱਲ ਪੇਸ਼

## ਭਾਰਤੀ ਆਈਟੀ ਪੇਸ਼ੇਵਰਾਂ ਨੂੰ ਲਾਭ ਮਿਲਣ ਦੀ ਸੰਭਾਵਨਾ

**ਵਾਸ਼ਿੰਗਟਨ/ਏ.ਟੀ.ਨਿਊਜ਼ :** ਹਰ ਦੇਸ਼ ਨੂੰ ਰੁਜ਼ਗਾਰ ਆਧਾਰਿਤ ਮਿਲਦੇ ਗਰੀਨ ਕਾਰਡ ਕੋਟੇ ਦੀ ਹੱਦ ਖਤਮ ਕਰਨ ਵਾਲਾ ਬਿੱਲ ਅਮਰੀਕੀ ਸੰਸਦ ਦੀ ਪ੍ਰਤੀਨਿਧ ਸਭਾ ’ਚ ਪੇਸ਼ ਕੀਤਾ ਗਿਆ। ਇਸ ਕਦਮ ਨਾਲ ਭਾਰਤੀ ਆਈਟੀ ਪੇਸ਼ੇਵਰਾਂ ਨੂੰ ਲਾਭ ਮਿਲਣ ਦੀ ਸੰਭਾਵਨਾ ਹੈ, ਜੋ ਕਈ ਦਹਾਕਿਆਂ ਤੋਂ ਸਥਾਈ ਰਿਹਾਇਸ਼ੀ ਕਾਰਡ (ਪੀਆਰਸੀ) ਦੀ ਉਡੀਕ ਕਰ ਰਹੇ ਹਨ।

ਇਹ ਬਿੱਲ ਸੰਸਦ ਮੈਂਬਰਾਂ ਜੋਅ ਲੋਫਗਰੇਨ ਅਤੇ ਜੌਹਨ ਕੁਰਟਿਸ ਵੱਲੋਂ ਪੇਸ਼ ਕੀਤਾ ਗਿਆ। ‘ਦਿ ਈਕੁਅਲ ਅਕਸੈੱਸ ਟੂ ਗਰੀਨ ਕਾਰਡਸ ਫਾਰ ਲੀਗਲ ਐਂਪਲੌਏਮੈਂਟ (ਈਏਜਐੱਲਈ) ਐਕਟ 2021’ ਨੂੰ ਪਹਿਲਾਂ ਸੈਨੇਟ ’ਚ ਪਾਸ ਕਰਨ ਦੀ ਲੋੜ ਹੈ, ਜਿਸ ਮਗਰੋਂ ਰਾਸ਼ਟਰਪਤੀ ਦੇ ਦਸਤਖਤ ਲਈ ਇਸ ਨੂੰ ਵਾਈਟ ਹਾਊਸ ਭੇਜਿਆ ਜਾਵੇਗਾ।

ਮੌਜੂਦਾ ਇਮੀਗਰੇਸ਼ਨ ਪ੍ਰਣਾਲੀ ਦਾ ਸਭ ਤੋਂ ਵੱਧ ਖਮਿਆਜਾ ਭਾਰਤੀ ਆਈਟੀ ਪੇਸ਼ੇਵਰਾਂ, ਜੋ ਮੁੱਖ ਤੌਰ ’ਤੇ ਐੱਚ-1ਬੀ ਵੀਜ਼ਿਆਂ ’ਤੇ ਅਮਰੀਕਾ ਆਉਂਦੇ ਹਨ, ਨੂੰ ਭੁਗਤਣਾ ਪੈ ਰਿਹਾ ਹੈ। ਮੌਜੂਦਾ ਪ੍ਰਣਾਲੀ ਮੁਤਾਬਕ ਗਰੀਨ ਕਾਰਡ ਜਾਂ ਸਥਾਈ ਕਾਨੂੰਨੀ ਰਿਹਾਇਸ ਲਈ ਹਰ ਦੇਸ਼ ਨੂੰ ਸੱਤ ਫੀਸਦ ਕੋਟਾ ਮਿਲਦਾ ਹੈ। ਨਵੇਂ ਬਿੱਲ ਵਿੱਚ ਰੁਜਗਾਰ ਆਧਾਰਿਤ ਪਰਵਾਸੀ ਵੀਜ਼ਿਆਂ ਤੋਂ ਪ੍ਰਤੀ ਦੇਸ਼ 7 ਫੀਸਦੀ ਕੋਟੇ ਦੀ ਸ਼ਰਤ ਹਟਾਉਣ ਦੀ ਤਜਵੀਜ ਹੈ। ਬਿੱਲ ਵਿੱਚ ਫੈਮਿਲੀ ਸਪਾਂਸਰ ਵੀਜ਼ਿਆਂ ਦੀ ਹੱਦ ਨੂੰ ਵੀ 7 ਫੀਸਦੀ ਤੋਂ 15 ਫੀਸਦੀ ਤੱਕ ਵਧਾਇਆ ਗਿਆ ਹੈ।

ਪਰਵਾਸ ਅਤੇ ਨਾਗਰਿਕਤਾ ਬਾਰੇ ਸਦਨ ਦੀ ਉਪ ਕਮੇਟੀ ਦੇ ਪ੍ਰਧਾਨ ਲੋਫਗਰੇਨ ਨੇ ਕਿਹਾ, ‘ਅਸੀਂ ਸਾਰੇ ਜਾਣਦੇ ਹਾਂ ਕਿ ਸਾਡੀ ਪਰਵਾਸ ਪ੍ਰਣਾਲੀ ’ਚ ਬਹੁਤ ਖਾਮੀਆਂ ਹਨ।’ ਉਨਾਂ ਕਿਹਾ ਕਿ ਲੋਕ 1990 ਤੋਂ ਗਰੀਨ ਕਾਰਡ ਮਿਲਣ ਦੀ ਉਡੀਕ ਕਰ ਰਹੇ ਹਨ ਤੇ ਉਨਾਂ ਦੀ ਗਿਣਤੀ ਬਹੁਤ ਜ਼ਿਆਦਾ ਵਧ ਗਈ ਹੈ।

# ਸੈਨਹੋਜੇ ਕਤਲਕਾਂਡ ਦੇ ਦੋਸ਼ੀ ਕੋਲ 3 ਪਿਸਤੌਲ ਤੇ 32 ਮੈਗਜੀਨ ਸਨ

## ਉਸ ਦੇ ਘਰੋਂ ਵੀ ਭਾਰੀ ਮਾਤਰਾ ਵਿਚ ਹਥਿਆਰ ਬਰਾਮਦ ਹੋਏ





**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਸੈਨਹੋਜੇ (ਕੈਲੀਫੋਰਨੀਆ) ਦੀ ਵੈਲੀ ਟਰਾਂਸਪੋਰਟੇਸ਼ਨ ਅਥਾਰਿਟੀ (ਵੀ ਟੀ ਏ) ਦੇ ਰੇਲ ਯਾਰਡ ਵਿਚ ਇਕ ਪੰਜਾਬੀ ਸਿੱਖ ਤਪਤੇਜਦੀਪ ਸਿੰਘ ਸਮੇਤ 9 ਵਿਅਕਤੀਆਂ ਦੀ ਅੰਧਾਧੁੰਦ ਫਾਇਰਿੰਗ ਕਰਕੇ ਹੱਤਿਆ ਕਰਨ ਵਾਲੇ ਦੋਸ਼ੀ ਸੈਮੂਏਲ ਕੈਸਿਡੀ ਕੋਲ ਤਿੰਨ ਪਿਸਤੌਲ ਤੇ 32 ਮੈਗਜੀਨ ਸਨ। ਸਾਂਟਾਕਲਾਰਾ ਕਾਊਂਟੀ ਦੇ ਸ਼ੈਰਿਫ ਲਾਉਰੀ ਸਮਿਥ ਅਨੁਸਾਰ ਉਸ ਦੇ ਘਰੋਂ ਵੀ ਵੱਡੀ ਮਾਤਰਾ ਵਿਚ ਹਥਿਆਰ ਮਿਲੇ ਹਨ। ਕੈਸਿਡੀ ਵੱਧ ਤੋਂ ਵੱਧ ਲੋਕਾਂ ਨੂੰ ਮਾਰਨਾ ਚਹੁੰਦਾ ਸੀ। ਉਸ ਨੇ ਕੁਲ 39 ਗੋਲੀਆਂ ਚਲਾਈਆਂ ਤੇ ਪੁਲਿਸ ਅਧਿਕਾਰੀਆਂ ਦੇ ਮੌਕੇ ਉਪਰ ਪੁਜਣ ’ਤੇ ਉਸ ਨੇ ਖੁਦ ਨੂੰ ਵੀ ਗੋਲੀ ਮਾਰ ਕੇ ਖਤਮ ਕਰ ਲਿਆ। ਜਾਂਚਕਾਰ ਹਾਲਾਂਕਿ ਦੋਸ਼ੀ ਦੇ ਗੋਲੀਬਾਰੀ ਪਿਛੇ ਮਕਸਦ ਬਾਰੇ ਕਿਸੇ ਸਿੱਟੇ ’ਤੇ ਨਹੀਂ ਪੁੱਜੇ ਪਰ ਉਨਾਂ ਦਾ ਮੰਨਣਾ ਹੈ ਕਿ ਦੋਸ਼ੀ ਨੇ ਚੁਣ ਚੁਣ ਕੇ ਲੋਕਾਂ ਨੂੰ ਮਾਰਿਆ। ਉਥੇ ਮੌਜੂਦ ਇਕ ਸਥਾਨਕ ਯੂਨੀਅਨ ਦੇ ਅਧਿਕਾਰੀ ਜੋ ਕਿ ਵੀ ਟੀ ਏ ਦਾ ਮੁਲਾਜਮ ਨਹੀਂ ਸੀ, ਨੂੰ ਉਸ ਨੇ ਕਿਹਾ ਮੈਂ ਤੈਨੂੰ ਨਹੀਂ ਮਾਰਾਂਗਾ। ਵੈਲੀ ਟਰਾਂਸਪੋਰਟੇਸ਼ਨ ਅਥਾਰਿਟੀ ਵਿਚ ਉਹ ਜਨਵਰੀ 2001 ਤੋਂ ਕੰਮ ਕਰ ਰਿਹਾ ਸੀ।

# ਕੇ ਟੀ ਐੱਫ ਦਾ ਕਮਲ ਮੋਗਾ ਤੋਂ ਗ੍ਰਿਫ਼ਤਾਰ




**ਮੋਗਾ/ਏ.ਟੀ.ਨਿਊਜ਼:** ਖਾਲਿਸਤਾਨ ਟਾਈਗਰ ਫੋਰਸ (ਕੇ ਟੀ ਐੱਫ) ਦੇ ਦੋ ਕਾਰਕੁਨਾਂ ਦੀ ਗ੍ਰਿਫਤਾਰੀ ਤੋਂ ਬਾਅਦ ਪੰਜਾਬ ਪੁਲਿਸ ਨੇ ਉਨਾਂ ਦੇ ਤੀਜੇ ਸਾਥੀ ਕਮਲਜੀਤ ਸ਼ਰਮਾ ਉਰਫ਼ ਕਮਲ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ, ਜੋ ਕਿ ਡੇਰਾ ਪ੍ਰੇਮੀ ਦੇ ਕਤਲ, ਕੇ ਟੀ ਐੱਫ ਮੁਖੀ ਹਰਦੀਪ ਨਿੱਝਰ ਦੇ ਪਿੰਡ ਵਿੱਚ ਪੁਜਾਰੀ ’ਤੇ ਗੋਲੀਬਾਰੀ, ਸੁੱਖਾ ਲੰਮਾ ਕਤਲ ਕੇਸ ਅਤੇ ਮੋਗਾ ਦੇ ਸੁਪਰਸਾਈਨ ਕਤਲ ਕੇਸ ਵਿੱਚ ਸ਼ਾਮਲ ਮੁੱਖ ਸ਼ੂਟਰਾਂ ਵਿੱਚੋਂ ਇੱਕ ਹੈ।

ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ ਜੀ ਪੀ) ਪੰਜਾਬ ਦਿਨਕਰ ਗੁਪਤਾ ਨੇ ਦੱਸਿਆ ਕਿ ਕਮਲ, ਜੋ ਕਿ ਮੋਗਾ ਦੇ ਪਿੰਡ ਡਾਲਾ ਦਾ ਵਸਨੀਕ ਹੈ, ਨੂੰ ਮੋਗਾ ਪੁਲਿਸ ਨੇ ਮੋਗਾ ਜ਼ਿਲੇ ਦੇ ਨੱਥੂਵਾਲਾ ਜਦੀਦ ਕੋਲੋਂ ਗ੍ਰਿਫ਼ਤਾਰ ਕੀਤਾ ਹੈ ਅਤੇ ਉਸ ਕੋਲੋਂ ਚਾਰ 315 ਬੋਰ ਪਿਸਤੌਲਾਂ ਨਾਲ 10 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਦੱਸਣਯੋਗ ਹੈ ਕਿ ਪੁਲਿਸ ਵੱਲੋਂ 22 ਜੂਨ ਨੂੰ ਕਮਲ ਦੇ ਦੋ ਸਾਥੀ ਲਵਪ੍ਰੀਤ ਸਿੰਘ ਉਰਫ਼ ਰਵੀ ਅਤੇ ਰਾਮ ਸਿੰਘ ਉਰਫ਼ ਸੋਨੂੰ ਨੂੰ ਮੋਗਾ ਤੋਂ ਗ੍ਰਿਫਤਾਰ ਕੀਤਾ ਗਿਆ ਸੀ।

ਇਹ ਤਿੰਨੋਂ ਮੁਲਜ਼ਮ ਕੇ ਟੀ ਐੱਫ ਦੇ ਕੈਨੇਡਾ ਅਧਾਰਤ ਮੁਖੀ ਹਰਦੀਪ ਸਿੰਘ ਨਿੱਜਰ, ਜਿਸ ਨੂੰ ਸਰਕਾਰ ਦੁਆਰਾ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂ ਏ ਪੀ ਏ) ਤਹਿਤ ਘੋਸ਼ਿਤ ਕੀਤਾ ਗਿਆ ਸੀ, ਦੇ ਦਿਸ਼ਾ ਨਿਰਦੇਸ਼ ਅਧਾਰਤ ਵਾਰਦਾਤਾਂ ਨੂੰ ਅੰਜ਼ਾਮ ਦਿੰਦੇ ਸਨ। ਡੀ ਜੀ ਪੀ ਦਿਨਕਰ ਗੁਪਤਾ ਨੇ ਦੱਸਿਆ ਕਿ ਇਸ ਤੋਂ ਇਲਾਵਾ ਉਨਾਂ ਦੇ ਤਿੰਨ ਹੋਰ ਕੇ ਟੀ ਐੱਫ ਦੇ ਸਹਿ-ਸਾਜ਼ਿਸਕਰਤਾ/ਮਾਸਟਰ ਮਾਈਂਡ ਦੀ ਪਛਾਣ ਅਰਸ਼ਦੀਪ, ਰਮਨਦੀਪ ਅਤੇ ਚਰਨਜੀਤ ਉਰਫ ਰਿੰਕੂ ਬਿਹਲਾ ਵਜੋਂ ਕੀਤੀ ਗਈ ਹੈ, ਜੋ ਸਰੀ (ਬੀ ਸੀ) ਕੈਨੇਡਾ ਵਿੱਚ ਛੁਪੇ ਹੋਏ ਹਨ ਅਤੇ ਮੁਕੱਦਮੇ ਅਤੇ ਅਪਰਾਧਿਕ ਕਾਰਵਾਈ ਲਈ ਪੰਜਾਬ ਪੁਲਿਸ ਉਨਾਂ ਨੂੰ ਭਾਰਤ ਲਿਆਉਣ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ।

ਉਨਾ ਦੱਸਿਆ ਕਿ ਪੁਲਿਸ ਨੇ ਕਮਲ ਤੋਂ ਇੱਕ ਮਹਿੰਦਰਾ ਬਲੈਰੋ ਵੀ ਬਰਾਮਦ ਕੀਤੀ ਹੈ, ਜਿਸ ਦੀ ਵਰਤੋਂ ਉਹ ਜਾਅਲੀ ਰਜਿਸਟ੍ਰੇਸ਼ਨ ਨੰਬਰ ਸੀ ਐੱਚ 01 ਏ ਐੱਫ 601 ਲਗਾ ਕੇ ਕਰ ਰਿਹਾ ਸੀ। ਉਨਾਂ ਦੱਸਿਆ ਕਿ ਇਸ ਤੋਂ ਇਲਾਵਾ, ਕਮਲ ਕੋਲੋਂ ਤਿੰਨ ਮੋਟਰਸਾਈਕਲਾਂ, ਜਿਨਾਂ ਵਿੱਚ ਹੀਰੋ ਸਪਲੈਂਡਰ, ਬਜਾਜ ਪਲਸਰ ਅਤੇ ਬਜਾਜ ਸੀ ਟੀ 100 ਵੀ ਬਰਾਮਦ ਕੀਤੀਆਂ ਗਈਆਂ ਹਨ, ਜਿਨਾਂ ਨੂੰ ਭਗਤਾ ਭਾਈਕਾ ਵਿਖੇ ਡੇਰਾ ਪ੍ਰੇਮੀ ਦੇ ਕਤਲ, ਫਿਲੌਰ ਵਿੱਚ ਪੁਜਾਰੀ ’ਤੇ ਗੋਲੀਬਾਰੀ ਅਤੇ ਸੁਪਰਸਾਈਨ ਕਤਲ ਵਿੱਚ ਵਰਤਿਆ ਗਿਆ ਸੀ।

ਐੱਸ ਐੱਸ ਪੀ ਮੋਗਾ ਹਰਮਨਬੀਰ ਸਿੰਘ ਗਿੱਲ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਕਮਲ ਨੂੰ ਇਨਾਂ ਵਰਦਾਤਾਂ ਨੂੰ ਅੰਜ਼ਾਮ ਦੇਣ ਲਈ ਹਵਾਲਾ ਅਤੇ ਵੈਸਟਰਨ ਯੂਨੀਅਨ ਰਾਹੀਂ ਆਪਣੇ ਕੈਨੇਡਾ ਅਧਾਰਤ ਸਾਥੀਆਂ ਵੱਲੋਂ ਵੱਡੀ ਗਿਣਤੀ ਵਿੱਚ ਪੈਸਾ ਭੇਜਿਆ ਜਾ ਰਿਹਾ ਸੀ। ਕਮਲ ਨੇ ਖੁਲਾਸਾ ਕੀਤਾ ਕਿ ਨਿੱਝਰ ਅਤੇ ਉਸ ਦੇ ਕੈਨੇਡਾ ਦੇ ਤਿੰਨ ਹੋਰ ਸਹਿਯੋਗੀਆਂ ਨੇ ਉਨਾਂ ਨੂੰ ਭਰੋਸਾ ਦਿੱਤਾ ਸੀ ਕਿ ਜੇਕਰ ਉਹ ਅਪਰਾਧ ਕਰਦੇ ਸਮੇਂ ਫੜੇ ਵੀ ਜਾਂਦੇ ਹਨ ਤਾਂ ਉਨਾਂ ਦਾ ਕੇਸ ਨਾਮੀ ਵਕੀਲਾਂ ਨੂੰ ਸੌਂਪਿਆ ਜਾਵੇਗਾ। ਉਨਾਂ ਦੱਸਿਆ ਕਿ ਮੁਲਜ਼ਮ ਦੇ ਸਾਥੀ ਲਵਪ੍ਰੀਤ ਸਿੰਘ ਉਰਫ਼ ਰਵੀ ਵੱਲੋਂ ਖੁਲਾਸਾ ਕਰਨ ’ਤੇ ਮੋਗਾ ਪੁਲਿਸ ਵੱਲੋਂ ਮੋਗਾ ਵਿਖੇ ਸੁਪਰਸਾਈਨ ਕੱਪੜੇ ਦੇ ਮਾਲਕ ਦੀ ਹੱਤਿਆ ਵਿੱਚ ਵਰਤੀ ਗਈ 0.32 ਬੋਰ ਦੀ ਪਿਸਤੌਲ ਵੀ ਬਰਾਮਦ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਇਸ ਮਡਿਊਲ ਤੋਂ ਹੁਣ ਤੱਕ ਕੁੱਲ ਪੰਜ 32 ਬੋਰ ਪਿਸਤੌਲਾਂ, ਸੱਤ 315 ਬੋਰ ਪਿਸਤੌਲਾਂ ਅਤੇ ਇੱਕ 12 ਬੋਰ ਦੇਸੀ ਪਿਸਤੌਲ ਬਰਾਮਦ ਕੀਤੇ ਗਏ ਹਨ ।

## 6 ਸਾਲਾ ਬੱਚੇ ਨੂੰ ਗੋਲੀ ਮਾਰਨ ਦਾ ਮਾਮਲਾ

# ਦੋਸ਼ੀ ਦੀ ਸੂਚਨਾ ਦੇਣ ਵਾਲੇ ਲਈ ਇਨਾਮੀ ਰਾਸ਼ੀ ਵਧਾ ਕੇ ਸਾਢੇ 4 ਲੱਖ ਡਾਲਰ ਕੀਤੀ



**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਕੈਲੀਫੋਰਨੀਆ ਵਿਚ ਪਿਛਲੇ ਮਹੀਨੇ 6 ਸਾਲਾ ਬੱਚੇ ਨੂੰ ਗੋਲੀ ਮਾਰ ਕੇ ਮਾਰ ਦੇਣ ਵਾਲੇ ਸ਼ੱਕੀ ਦੋਸ਼ੀ ਦੀ ਸੂਚਨਾ ਦੇਣ ਵਾਲੇ ਲਈ ਇਨਾਮ ਦੀ ਰਾਸ਼ੀ ਵਧਾ ਕੇ 4,50,000 ਡਾਲਰ ਕਰ ਦਿੱਤੀ ਗਈ ਹੈ ਜੋ ਪਹਿਲਾਂ 4 ਲੱਖ ਡਾਲਰ ਸੀ। ਵਧਾਈ ਗਈ 50 ਹਜ਼ਾਰ ਡਾਲਰ ਦੀ ਰਾਸ਼ੀ ਦੇਣ ਦਾ ਐਲਾਨ ਕੋਸਟਾ ਮੀਸਾ ਸਿਟੀ ਕੌਂਸਲ ਨੇ ਕੀਤਾ ਹੈ। ਸਿਟੀ ਕੌਂਸਲ ਦੇ ਮੇਅਰ ਜੌਹਨ ਸਟੀਫਨਜ ਨੇ ਕਿਹਾ ਹੈ ਕਿ 6 ਸਾਲਾ ਬੱਚੇ ਏਡਨ ਲੀਓਸ ਦੀ ਬੇਹੂਦਾ ਹੱਤਿਆ ਦਾ ਅਹਿਸਾਸ ਹਰ ਵਿਅਕਤੀ ਨੂੰ ਹੈ ਇਸ ਲਈ ਅਸੀਂ ਚਹੁੰਦੇ ਹਾਂ ਕਿ ਹੱਤਿਆਰੇ ਨੂੰ ਹਰ ਹਾਲਤ ਵਿਚ ਕਟਹਿਰੇ ਵਿਚ ਖੜਾ ਕੀਤਾ ਜਾਵੇ। ਇਥੇ ਜ਼ਿਕਰਯੋਗ ਹੈ ਕਿ ਏਡਨ ਲੀਓਸ ਦੀ ਮਾਂ ਉਸ ਨੂੰ ਸਟੇਟ ਰੂਟ 55 ਉਪਰ ਆਪਣੀ ਕਾਰ ਵਿਚ ਸਕੂਲ ਛੱਡਣ ਜਾ ਰਹੀ ਸੀ। ਨਾਲ ਜਾ ਰਹੇ ਇਕ ਵਾਹਨ ਵਿਚੋਂ ਚਲਾਈ ਗੋਲੀ ਉਸ ਦੇ ਬੱਚੇ ਢਿੱਡ ਵਿਚ ਵੱਜਣ ਨਾਲ ਉਹ ਗੰਭੀਰ ਜਖਮੀ ਹੋ ਗਿਆ ਸੀ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਕੈਲੀਫੋਰਨੀਆ ਹਾਈ ਵੇਅ ਪੈਟਰੋਲ ਦੇ ਅਧਿਕਾਰੀ ਫਲੋਰੇਨਟੀਨੋ ਉਲੀਵੇਰਾ ਨੇ ਦਸਿਆ ਕਿ ਸ਼ੱਕੀ ਵਾਹਨ ਜਿਸ ਵਿਚ ਦੋਸ਼ੀ ਸਵਾਰ ਸੀ ਦੀ ਫੋਟੋ ਵੀ ਜਾਰੀ ਕੀਤੀ ਗਈ ਹੈ। ਇਹ ਇਕ ਚਿੱਟੇ ਰੰਗ ਦੀ ਵੋਲਕਸਵੈਗਨ ਗੋਲਫ ਸਪੋਰਟਸ ਵੈਗਨ ਹੈ। ਇਸ ਵਾਹਨ ਵਿਚ ਔਰਤ ਤੇ ਮਰਦ ਸਵਾਰ ਸਨ। ਅਧਿਕਾਰੀਆਂ ਅਨੁਸਾਰ ਫੋਟੋ ਜਾਰੀ ਕਰਨ ਉਪਰੰਤ ਸਾਨੂੰ ਬਹੁਤ ਸਾਰੀਆਂ ਗੁਪਤ ਸੂਚਨਾਵਾਂ ਮਿਲੀਆਂ ਹਨ। ਉਨਾਂ ਕਿਹਾ ਕਿ ਦੋਸ਼ੀ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ।

# ਬੇਅਦਬੀ ਕਾਂਡ ਬਾਰੇ ਪਹਿਲੀ ਜੁਲਾਈ ਤੋਂ 'ਪੱਕਾ ਮੋਰਚਾ' ਲਗੇਗਾ

## ਬਰਗਾੜੀ ਤੇ ਬੁਰਜ ਜਵਾਹਰ ਸਿੰਘ ਵਾਲਾ ਵਿੱਚ 'ਪਸ਼ਚਾਤਾਪ ਸਮਾਗਮ'

**ਜੈਤੋ/ਏ.ਟੀ.ਨਿਊਜ਼ :** ਬੇਅਦਬੀ ਕਾਂਡ ਨਾਲ ਸਬੰਧਤ ਉਪ ਮੰਡਲ ਜੈਤੋ ਦੇ ਦੋ ਪਿੰਡਾਂ ਬਰਗਾੜੀ ਅਤੇ ਬੁਰਜ ਜਵਾਹਰ ਸਿੰਘ ਵਾਲਾ 'ਚ ਸਿੱਖ ਸੰਗਤ ਵੱਲੋਂ 'ਪਸ਼ਚਾਤਾਪ ਸਮਾਗਮ' ਕਰਵਾਏ ਗਏ। ਬਰਗਾੜੀ ਦੇ ਗੁਰਦੁਆਰੇ 'ਚ ਹੋਏ ਸਮਾਗਮ ਮੌਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਹਕੂਮਤ ਨੂੰ ਅਲਟੀਮੇਟਮ ਦਿੱਤਾ ਕਿ ਜੇ ਇਕ ਮਹੀਨੇ ਦੇ ਅੰਦਰ-ਅੰਦਰ ਬੇਅਦਬੀ ਅਤੇ ਬਹਿਬਲ ਗੋਲੀ ਕਾਂਡ ਦੇ ਮੁਲਜਮ ਗ੍ਰਿਫਤਾਰ ਨਾ ਕੀਤੇ ਗਏ ਤਾਂ ਪਹਿਲੀ ਜੁਲਾਈ ਤੋਂ ਸਿੱਖ ਪੰਥ ਵੱਲੋਂ ਸਾਂਝੇ ਤੌਰ 'ਤੇ ਅਣਮਿੱਥੇ ਸਮੇਂ ਲਈ ਪੱਕਾ ਮੋਰਚਾ ਲਾਇਆ ਜਾਵੇਗਾ। ਇਸ ਦੌਰਾਨ ਮਾਨ ਨੇ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸਾਬਕਾ ਡੀਜੀਪੀ ਸੁਮੇਧ ਸੈਣੀ ਤੇ ਸਬੰਧਤ ਪੁਲਿਸ ਅਧਿਕਾਰੀਆਂ ਦੀ ਗ੍ਰਿਫਤਾਰੀ ਵੀ ਮੰਗੀ।

ਦੀਪ ਸਿੱਧੂ ਨੇ ਆਪਣੇ ਸੰਬੋਧਨ 'ਚ ਇਨਸਾਫ਼ ਲਈ ਆਵਾਜ਼ ਚੁੱਕਣ ਵਾਲੀਆਂ ਧਿਰਾਂ ਨੂੰ ਇਕੱਠੇ ਹੋ ਕੇ ਨਿਆਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਦੀ ਗੱਲ ਆਖੀ। ਸ਼੍ਰੋਮਣੀ ਅਕਾਲੀ ਦਲ (ਯੂਨਾਈਟਡ) ਦੇ ਪ੍ਰਧਾਨ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਇਨਸਾਫ਼ ਲਈ ਇੱਕਜੁਟਤਾ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਜ਼ਿਕਰਯੋਗ ਹੈ ਕਿ ਬਰਗਾੜੀ ਮੋਰਚੇ ਦੇ ਮੁੱਖ ਸੂਤਰਧਾਰ ਅਤੇ ਅਕਾਲ ਤਖ਼ਤ ਦੇ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ 'ਪਸ਼ਚਾਤਾਪ ਸਮਾਗਮ' ਵਿਚੋਂ ਗ਼ੈਰਹਾਜ਼ਰ ਰਹੇ।

ਇਸੇ ਦੌਰਾਨ ਆਮ ਆਦਮੀ ਪਾਰਟੀ (ਆਪ) ਦੇ ਕਈ ਵੱਡੇ ਆਗੂ ਅਰਦਾਸ ਕਰਨ ਲਈ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂ ਘਰ ਪਹੁੰਚੇ। ਉਨਾਂ ਬਹਿਬਲ ਕਾਂਡ 'ਚ ਜਾਨਾਂ ਗਵਾਉਣ ਵਾਲੇ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਸਰਾਵਾਂ ਦੇ ਘਰ ਜਾ ਕੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਵੀ ਜਤਾਈ। ਇਸ ਮੌਕੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੈਪਟਨ ਸਰਕਾਰ ਬੇਅਦਬੀ ਮੁੱਦੇ 'ਤੇ ਹੋਂਦ ਵਿਚ ਆਈ ਸੀ ਪਰ ਕੈਪਟਨ ਅਤੇ ਬਾਦਲ ਪਰਿਵਾਰਾਂ ਦੀ ਸਾਂਝ ਕਾਰਨ ਛੇ ਸਾਲ ਬੀਤਣ 'ਤੇ ਵੀ ਲੋਕਾਂ ਨੂੰ ਇਨਸਾਫ ਨਹੀਂ ਮਿਲਿਆ। ਉਨਾਂ ਕਿਹਾ ਕਿ ਜਿਸ ਦਿਨ ਕੁੰਵਰ ਵਿਜੈ ਪ੍ਰਤਾਪ ਸਿੰਘ ਵਾਲੀ ਸਿਟ ਦੀ ਰਿਪੋਰਟ ਬਾਰੇ ਹਾਈ ਕੋਰਟ 'ਚ ਸੁਣਵਾਈ ਸੀ, ਉਸ ਦਿਨ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਜਾਣ-ਬੁੱਝ ਕੇ ਮੈਡੀਕਲ ਛੁੱਟੀ ਲੈ ਲਈ ਤਾਂ ਕਿ ਮੁਲਜਮਾਂ ਨੂੰ ਬਚਾਇਆ ਜਾ ਸਕੇ। ਹਾਈ ਕੋਰਟ ਦੇ ਫੈਸਲੇ ਨੂੰ ਡਬਲ ਬੈਂਚ ਜਾਂ ਸੁਪਰੀਮ ਕੋਰਟ 'ਚ ਲਿਜਾਣਾ ਕੈਪਟਨ ਸਰਕਾਰ ਦਾ ਫ਼ਰਜ਼ ਸੀ ਪਰ ਸਰਕਾਰ ਨੇ ਮੁਲਜਮਾਂ 'ਤੇ ਪਰਦਾ ਪਾਉਣ ਲਈ ਅਜਿਹਾ ਨਹੀਂ ਕੀਤਾ।

**ਘਟੀਆ ਰਾਜਨੀਤੀ ਕਰ ਰਹੇ ਨੇ ਬਾਦਲ ਤੇ ਕੈਪਟਨ: ਬ੍ਰਹਮਪੁਰਾ**

ਅਕਾਲੀ ਦਲ (ਸੰਯੁਕਤ) ਦੇ ਆਗੂ ਵੀ ਸੁਖਦੇਵ ਸਿੰਘ ਢੀਂਡਸਾ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਦੀ ਅਗਵਾਈ ਹੇਠ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਵਿਚ ਅਰਦਾਸ ਕਰਨ ਲਈ ਪਹੁੰਚੇ। ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਉਨਾਂ ਦੇ ਨਾਲ ਸਨ। ਇਸ ਮੌਕੇ ਬ੍ਰਹਮਪੁਰਾ ਨੇ ਆਖਿਆ ਕਿ ਉਹ ਰਾਜਨੀਤੀ ਕਰਨ ਨਹੀਂ ਸਗੋਂ ਬੇਅਦਬੀ ਤੇ ਗੋਲੀ ਕਾਂਡ ਦੇ ਮੁਲਜਮਾਂ ਨੂੰ ਸਜਾ ਦਿਵਾਉਣ ਲਈ ਅਰਦਾਸ ਕਰਨ ਆਏ ਹਨ। ਉਨਾਂ ਕਾਂਗਰਸ ਅਤੇ ਬਾਦਲ ਪਰਿਵਾਰ 'ਤੇ ਨੀਵੇਂ ਪੱਧਰ ਦੀ ਰਾਜਨੀਤੀ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਇਹ ਵਿਸ਼ਵਾਸ਼ਘਾਤ ਕਰ ਕੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖੇਡ ਰਹੇ ਹਨ। ਇਸ ਮੌਕੇ ਰਣਜੀਤ ਸਿੰਘ ਤਲਵੰਡੀ, ਬੀਰਦਵਿੰਦਰ ਸਿੰਘ, ਕਰਨੈਲ ਸਿੰਘ ਪੀਰ ਮੁਹੰਮਦ, ਰਵਿੰਦਰ ਸਿੰਘ ਬ੍ਰਹਮਪੁਰਾ, ਆਦਿ ਆਗੂ ਹਾਜ਼ਰ ਸਨ।

**ਅਕਾਲੀ ਦਲ ਅੰਮ੍ਰਿਤਸਰ ਤੇ ਅਕਾਲੀ ਦਲ ਯੂਨਾਈਟਡ ਦੇ ਆਗੂਆਂ ਵਿਚਾਲੇ ਤਲਖੀ**

ਬਰਗਾੜੀ ਵਿਚ ਹੋਏ ਸਮਾਗਮ ਦੌਰਾਨ ਅਕਾਲੀ ਦਲ (ਯੂਨਾਈਟਡ) ਦੇ ਜਨਰਲ ਸਕੱਤਰ ਜਤਿੰਦਰ ਸਿੰਘ ਈਸੜੂ ਨੇ ਜਦੋਂ ਆਪਣੇ ਭਾਸ਼ਣ 'ਚ ਬਰਗਾੜੀ ਮੋਰਚੇ ਦੀ ਸਮਾਪਤੀ ਸਬੰਧੀ ਸਵਾਲ ਉਠਾਉਣ ਦੀ ਕੋਸ਼ਿਸ਼ ਕੀਤੀ ਤਾਂ ਅਕਾਲੀ ਦਲ (ਅੰਮ੍ਰਿਤਸਰ) ਜ਼ਿਲਾ ਬਠਿੰਡਾ ਦੇ ਪ੍ਰਧਾਨ ਪਰਮਿੰਦਰ ਸਿੰਘ ਬਾਲਿਆਂਵਾਲੀ ਨੇ ਕਿਹਾ, 'ਮੋਰਚੇ ਦੀ ਸਮਾਪਤੀ ਲਈ ਤੁਸੀਂ ਵੀ ਹਾਮੀ ਭਰੀ ਸੀ।' ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ (ਯੂਨਾਈਟਡ) ਦੇ ਪ੍ਰਧਾਨ ਗੁਰਦੀਪ ਸਿੰਘ ਬਠਿੰਡਾ ਵੀ ਤਲਖ਼ੀ ਖਾ ਗਏ। ਇਸ ਦੌਰਾਨ ਮੀਡੀਆ ਕਰਮੀਆਂ ਨੂੰ ਵੀ ਕੁਝ ਲੋਕਾਂ ਵੱਲੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਅਖੀਰ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਵਿੱਚ ਪੈ ਕੇ ਦੋਹਾਂ ਧਿਰਾਂ ਨੂੰ ਸ਼ਾਂਤ ਕਰਵਾਇਆ।

# ਸਿੱਖ ਵਿਰੋਧੀ ਕਤਲੇਆਮ ਬਾਰੇ ਸਿਟ ਦਾ ਕਾਰਜਕਾਲ ਛੇ ਮਹੀਨੇ ਵਧਿਆ

**ਕਾਨਪੁਰ/ਏ.ਟੀ.ਨਿਊਜ :** ਸਿੱਖ ਵਿਰੋਧੀ ਕਤਲੇਆਮ ਦੌਰਾਨ ਦਰਜ ਮੁਕੱਦਮਿਆਂ ਦੀ ਜਾਂਚ ਲਈ ਗਠਿਤ ਵਿਸ਼ੇਸ਼ ਪੜਤਾਲੀਆ ਟੀਮ ਦਾ ਕਾਰਜਕਾਲ ਛੇ ਮਹੀਨੇ ਵਧਾਇਆ ਗਿਆ ਹੈ। ਹੁਣ ਟੀਮ ਇਸ ਸਾਲ 27 ਨਵੰਬਰ ਤਕ ਜਾਂਚ ਪੂਰੀ ਕਰੇਗੀ। ਹਾਲਾਂਕਿ ਟੀਮ ਨੇ 19 ਮੁਕੱਦਮਿਆਂ ਦੀ ਪੜਤਾਲ 'ਚੋਂ 12 ਵਿਚ ਸਬੂਤ ਤੇ ਗਵਾਹ ਜੁਟਾ ਲਏ ਹਨ। ਤਿੰਨ ਮੁਕੱਦਮਿਆਂ ਵਿਚ ਦੋਸ਼ ਪੱਤਰ ਵੀ ਅਦਾਲਤ ਵਿਚ ਦਾਖ਼ਲ ਹੋਣ ਦੀ ਉਮੀਦ ਹੈ।

ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਈ ਹਿੰਸਾ ਦੌਰਾਨ ਸ਼ਹਿਰ ਵਿਚ 127 ਲੋਕਾਂ ਦੀ ਹੱਤਿਆ ਤੇ ਲੁੱਟਮਾਰ ਹੋਈ ਸੀ ਤੇ ਕਈ ਪਰਿਵਾਰ ਹਿਜਰਤ ਕਰ ਗਏ ਸਨ। ਫਰਵਰੀ 2019 ਵਿਚ ਸ਼ਾਸਨ ਨੇ ਦੰਗਿਆਂ ਦੌਰਾਨ ਹੱਤਿਆ, ਲੁੱਟ, ਡਕੈਤੀ ਵਰਗੇ ਗੰਭੀਰ ਅਪਰਾਧਾਂ ਦੀ ਜਾਂਚ ਲਈ ਸੇਵਾ ਮੁਕਤ ਡੀਜੀ ਅਤੁਲ ਕੁਮਾਰ ਦੀ ਅਗਵਾਈ ਵਿਚ ਐੱਸਆਈਟੀ ਦਾ ਗਠਨ ਕੀਤਾ ਸੀ। 27 ਮਈ 2019 ਨੂੰ ਐੱਸਆਈਟੀ ਨੇ ਕੰਮ ਸ਼ੁਰੂ ਕੀਤਾ ਤੇ ਬਾਅਦ ਵਿਚ ਇਸ ਨੂੰ ਥਾਣੇ ਦਾ ਦਰਜਾ ਵੀ ਮਿਲਿਆ। ਦਸਤਾਵੇਜ਼ ਇਕੱਠੇ ਕਰਨ ਤੋਂ ਬਾਅਦ ਐੱਸਆਈਟੀ ਨੇ 19 ਮੁਕੱਦਮਿਆਂ ਦੀ ਅਗਾਊਂ ਪੜਤਾਲ ਸ਼ੁਰੂ ਕੀਤੀ। ਇਸ ਦਰਮਿਆਨ ਦੋ ਵਾਰ ਐੱਸਆਈਟੀ ਦਾ ਕਾਰਜਕਾਲ ਵਧਾਇਆ ਗਿਆ। ਹਾਲ ਹੀ ਵਿਚ ਟੀਮ ਨੇ ਇਕ ਦਰਜਨ ਮਾਮਲਿਆਂ ਵਿਚ ਪੁਖ਼ਤਾ ਸਬੂਤ ਤੇ ਗਵਾਹ ਜੁਟਾਏ ਪਰ 27 ਮਈ ਨੂੰ ਇਸ ਦਾ ਕਾਰਜਕਾਲ ਖ਼ਤਮ ਹੋ ਰਿਹਾ ਸੀ। ਇਸ ਕਾਰਨ ਐੱਸਆਈਟੀ ਦੇ ਐੱਸਪੀ ਨੇ ਛੇ ਮਹੀਨੇ ਦਾ ਵਕਤ ਹੋਰ ਮੰਗਿਆ ਸੀ। ਐੱਸਪੀ ਬਾਲੇਂਦੂ ਭੂਸ਼ਣ ਨੇ ਦੱਸਿਆ ਕਿ ਪੰਜਾਬ, ਮੱਧ ਪ੍ਰਦੇਸ਼, ਦਿੱਲੀ ਆਦਿ ਸੂਬਿਆਂ ਵਿਚ ਐੱਸਆਈਟੀ ਨੇ ਜਾ ਕੇ ਗਵਾਹਾਂ ਦੇ ਬਿਆਨ ਦਰਜ ਕੀਤੇ ਤੇ ਸਬੂਤ ਜੁਟਾਏ ਹਨ। ਕੁਝ ਮੁਕੱਦਮਿਆਂ ਦੀ ਪੜਤਾਲ ਵੀ ਪੂਰੀ ਹੋ ਚੁੱਕੀ ਹੈ। ਸ਼ਾਸਨ ਤੋਂ ਕਾਰਜਕਾਲ ਛੇ ਮਹੀਨੇ ਹੋਰ ਵਧਾਉਣ ਦੀ ਮੰਗ ਕੀਤੀ ਗਈ ਸੀ। ਹੁਣ ਛੇ ਮਹੀਨੇ ਦਾ ਵਕਤ ਹੋਰ ਮਿਲਿਆ ਹੈ।

# ਕੋਰੋਨਾ ਹਸਪਤਾਲ ਬਣਾਉਣ ਲਈ ਦਿੱਤਾ ਦਿੱਲੀ ਕਮੇਟੀ ਨੇ ਸੋਨੇ ਤੇ ਚਾਂਦੀ ਦਾ ਭੰਡਾਰ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 125 ਬੈੱਡਾਂ ਦੇ ਕੋਰੋਨਾ ਹਸਪਤਾਲ ਦੇ ਨਿਰਮਾਣ ਲਈ ਸੋਨੇ ਤੇ ਚਾਂਦੀ ਦਾ ਭੰਡਾਰ ਬਾਬਾ ਬਚਨ ਸਿੰਘ ਕਾਰ ਸੇਵਾ ਵਾਲਿਆਂ ਨੂੰ ਸੌਂਪਿਆ। ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਤੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਇਸ ਹਸਪਤਾਲ ਦੀ ਉਸਾਰੀ ਬਾਬਾ ਬਚਨ ਸਿੰਘ ਤੇ ਉਨਾਂ ਦੀ ਟੀਮ ਵਲੋਂ ਕੀਤੀ ਜਾਵੇਗੀ। ਕਮੇਟੀ 60 ਦਿਨਾਂ ਦੇ ਰਿਕਾਰਡ ਸਮੇਂ ਦੇ ਅੰਦਰ-ਅੰਦਰ ਇਹ ਹਸਪਤਾਲ ਸਥਾਪਤ ਕਰ ਲਵੇਗੀ। ਉਨਾਂ ਕਿਹਾ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਨਾਂ 'ਤੇ ਬਣ ਰਹੇ ਇਸ ਹਸਪਤਾਲ 'ਚ ਮਨੁੱਖਤਾ ਦੀ ਸੇਵਾ ਕੀਤੀ ਜਾਵੇਗੀ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਸ਼੍ਰੋਮਣੀ ਕਮੇਟੀ ਵੱਲੋਂ ਕੋਰੋਨਾ ਪੀੜਤਾਂ ਲਈ 400 ਬੈੱਡਾਂ ਦਾ ਪ੍ਰਬੰਧ

## ✪ ਵੈਂਟੀਲੇਟਰ ਤੇ ਆਕਸੀਜਨ ਕੰਸਨਟਰੇਟਰ ਵੀ ਕਰਵਾਏ ਮੁਹੱਈਆ ✪ ਗੁਆਂਢੀ ਸੂਬੇ ਹਰਿਆਣਾ 'ਚ ਬਣਾਏ ਕਰੋਨਾ ਕੇਅਰ ਸੈਂਟਰ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਸ਼੍ਰੋਮਣੀ ਕਮੇਟੀ ਨੇ ਕੋਰੋਨਾ ਪੀੜਤਾਂ ਦੀ ਮਦਦ ਲਈ ਸ਼ੁਰੂ ਕੀਤੀ ਮੁਹਿੰਮ ਤਹਿਤ ਪੰਜਾਬ ਅਤੇ ਹਰਿਆਣਾ ਵਿਚ ਲਗਭਗ 400 ਬੈੱਡਾਂ ਦਾ ਪ੍ਰਬੰਧ ਕਰ ਦਿੱਤਾ ਹੈ, ਜਿੱਥੇ ਕੋਰੋਨਾ ਪੀੜਤਾਂ ਦੇ ਇਲਾਜ ਲਈ ਮੁਫਤ ਦਵਾਈਆਂ, ਡਾਕਟਰੀ ਅਮਲਾ, ਆਕਸੀਜਨ ਕੰਸਨਟਰੇਟਰ ਅਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ ਅਤੇ ਹਰਿਆਣਾ ਦੇ ਹਸਪਤਾਲਾਂ ਵਿਚ ਵੈਂਟੀਲੇਟਰਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਸਿੱਖ ਸੰਸਥਾ ਵੱਲੋਂ ਇਹ ਕੋਰੋਨਾ ਕੇਅਰ ਕੇਂਦਰ ਲੁਧਿਆਣਾ ਦੇ ਆਲਮਗੀਰ, ਬਠਿੰਡਾ ਦੇ ਤਲਵੰਡੀ ਸਾਬੋ, ਕਪੂਰਥਲਾ ਦੇ ਭੁਲੱਥ, ਫਿਰੋਜ਼ਪੁਰ ਦੇ ਬਜੀਦਪੁਰ, ਸੰਗਰੂਰ, ਮਾਨਸਾ ਦੇ ਬੁਢਲਾਡਾ, ਰੋਪੜ, ਜਲੰਧਰ ਦੇ ਆਦਮਪੁਰ ਨੇੜੇ ਪਿੰਡ ਕਾਲੜਾ, ਪਟਿਆਲਾ ਦੇ ਬਹਾਦਰਗੜ ਅਤੇ ਅੰਮ੍ਰਿਤਸਰ ਦੇ ਪਿੰਡ ਕਥੂਨੰਗਲ ਵਿੱਚ ਸਥਾਪਿਤ ਕੀਤੇ ਗਏ ਹਨ। ਇਨਾਂ ਵਿੱਚੋਂ ਇਕ ਵਿੱਚ 50 ਬੈੱਡ ਅਤੇ ਬਾਕੀ 9 ਕੇਂਦਰਾਂ ਵਿਚ 25-25 ਬੈੱਡ ਹਨ। ਇਨਾਂ 'ਚ ਲਗਭਗ 200 ਆਕਸੀਜਨ ਕੰਸਨਟਰੇਟਰਾਂ ਦਾ ਪ੍ਰਬੰਧ ਹੈ। ਅੰਮ੍ਰਿਤਸਰ ਸਥਿਤ ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿੱਚ 100 ਬੈੱਡਾਂ ਦਾ ਪ੍ਰਬੰਧ ਹੈ। ਇੱਥੇ ਆਕਸੀਜਨ ਕੰਸਨਟਰੇਟਰਾਂ ਤੋਂ ਇਲਾਵਾ ਲਗਪਗ 35 ਵੈਂਟੀਲੇਟਰਾਂ ਦਾ ਵੀ ਪ੍ਰਬੰਧ ਹੈ। ਇਸੇ ਤਰਾਂ ਹਰਿਆਣਾ ਦੇ ਸ਼ਾਹਬਾਦ ਮਾਰਕੰਡਾ ਵਿੱਚ ਮੀਰੀ-ਪੀਰੀ ਮੈਡੀਕਲ ਕਾਲਜ 'ਚ ਵੀ ਕਰੋਨਾ ਕੇਅਰ ਕੇਂਦਰ ਸਥਾਪਤ ਕੀਤਾ, ਜਿੱਥੇ ਆਕਸੀਜਨ ਕੰਸਨਟਰੇਟਰ ਅਤੇ ਵੈਂਟੀਲੇਟਰਾਂ ਦਾ ਵੀ ਪ੍ਰਬੰਧ ਹੈ। ਕੋਰੋਨਾ ਕੇਅਰ ਕੇਂਦਰਾਂ ਵਿਚ ਮਰੀਜ਼ਾਂ ਦੇ ਇਲਾਜ ਵਾਸਤੇ ਸ਼੍ਰੋਮਣੀ ਕਮੇਟੀ ਦੇ ਹਸਪਤਾਲਾਂ 'ਚ ਲਗਭਗ 400 ਤੋਂ ਵੱਧ



ਕਰਮਚਾਰੀ ਤਾਇਨਾਤ ਹਨ। ਇਨਾਂ ਕੋਰੋਨਾ ਕੇਅਰ ਕੇਂਦਰਾਂ 'ਤੇ ਸੰਸਥਾ ਵੱਲੋਂ ਰੋਜ਼ਾਨਾ ਤਕਰੀਬਨ 5 ਲੱਖ ਰੁਪਏ ਖਰਚੇ ਜਾ ਰਹੇ ਹਨ। ਇਸ ਤੋਂ ਇਲਾਵਾ ਸੰਸਥਾ ਨੇ ਮੁਫਤ ਟੀਕਾਕਰਨ ਕੈਂਪ ਵੀ ਸ਼ੁਰੂ ਕੀਤੇ ਹਨ, ਜਿਸ ਲਈ 53 ਲੱਖ ਰੁਪਏ ਦੀ ਲਾਗਤ ਨਾਲ ਕੋਵੈਕਸੀਨ ਦੇ 5 ਹਜ਼ਾਰ ਟੀਕੇ ਖਰੀਦੇ ਗਏ ਹਨ। ਇਸ ਕੈਂਪ ਦੀ ਸ਼ੁਰੂਆਤ ਸ੍ਰੀ ਹਰਿਮੰਦਰ ਸਾਹਿਬ ਸਮੂਹ ਤੋਂ ਕੀਤੀ ਗਈ ਹੈ ਅਤੇ ਇਸ ਤੋਂ ਬਾਅਦ ਅਜਿਹੇ ਮੁਫਤ ਟੀਕਾਕਰਨ ਕੈਂਪ ਤਖਤ ਸ੍ਰੀ ਕੇਸਗੜ ਸਾਹਿਬ, ਆਨੰਦਪੁਰ ਸਾਹਿਬ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਵੀ ਲਾਉਣ ਦੀ ਯੋਜਨਾ ਹੈ। ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ ਮੈਡੀਕਲ ਸਾਇੰਸਿਜ਼ ਦੇ ਡੀਨ ਡਾ. ਏ ਪੀ ਸਿੰਘ ਜੋ ਕੋਰੋਨਾ ਕੇਅਰ ਸੈਂਟਰਾਂ ਦੇ ਸੰਚਾਲਕ ਵੀ ਹਨ, ਨੇ ਦੱਸਿਆ ਕਿ ਇਸ ਨਾਲ ਆਮ ਕੋਰੋਨਾ ਪੀੜਤਾਂ ਨੂੰ ਵੱਡਾ ਲਾਭ ਹੋਇਆ ਹੈ। ਹੁਣ ਤੱਕ ਇੱਥੋਂ ਸੈਂਕੜੇ ਕੋਰੋਨਾ ਮਰੀਜ਼ ਠੀਕ ਹੋ ਚੁੱਕੇ ਹਨ। ਉਨਾਂ ਦੱਸਿਆ ਕਿ ਕੋਰੋਨਾ ਟੀਕਾਕਰਨ ਕੈਂਪ ਤੋਂ ਪਹਿਲਾਂ ਵੀ ਸਿੱਖ ਸੰਸਥਾ ਵੱਲੋਂ ਲਗਭਗ 7 ਹਜ਼ਾਰ ਕੋਵੀਸ਼ੀਲਡ ਟੀਕੇ ਲੋਕਾਂ ਨੂੰ ਮੁਫਤ ਲਾਏ ਹਨ ਅਤੇ 5 ਹਜ਼ਾਰ ਤੋਂ ਵੱਧ ਕੋਵੈਕਸੀਨ ਦੇ ਟੀਕੇ ਖਰੀਦੇ ਹਨ।

**ਦੋ ਆਕਸੀਜਨ ਪਲਾਂਟ ਵੀ ਲਾਏਗੀ ਸਿੱਖ ਸੰਸਥਾ**

ਸਿੱਖ ਸੰਸਥਾ ਵੱਲੋਂ ਇੱਥੇ ਸ੍ਰੀ ਗੁਰੂ ਰਾਮਦਾਸ ਹਸਪਤਾਲ ਅਤੇ ਮੈਡੀਕਲ ਕਾਲਜ 'ਚ ਜਲਦੀ ਹੀ ਦੋ ਆਕਸੀਜਨ ਪਲਾਂਟ ਵੀ ਸਥਾਪਿਤ ਕੀਤੇ ਜਾ ਰਹੇ ਹਨ। ਇਹ ਪਲਾਂਟ ਪ੍ਰਤੀ ਮਿੰਟ ਇਕ ਹਜ਼ਾਰ ਲਿਟਰ ਆਕਸੀਜਨ ਪੈਦਾ ਕਰਨ ਦੀ ਸਮੱਰਥਾ ਵਾਲੇ ਹਨ। ਸ੍ਰ.ਰੋਮਣੀ ਕਮੇਟੀ ਵੱਲੋਂ ਮੈਡੀਕਲ ਕਾਲਜ ਵਿੱਚ ਤਰਲ ਆਕਸੀਜਨ ਪਲਾਂਟ ਸਥਾਪਿਤ ਕਰਨ ਦੀ ਯੋਜਨਾ ਸੀ। ਇਸ ਸਬੰਧੀ ਗੁਜਰਾਤ ਦੀ ਇਕ ਕੰਪਨੀ ਨਾਲ ਸਮਝੌਤਾ ਵੀ ਕੀਤਾ ਗਿਆ ਸੀ ਪਰ ਇਸ ਕੰਪਨੀ ਨੇ ਹੁਣ ਤਕ ਤਰਲ ਆਕਸੀਜਨ ਹੀ ਮੁਹੱਈਆ ਨਹੀਂ ਕੀਤੀ। ਇਸ ਸਬੰਧੀ ਪ੍ਰਧਾਨ ਮੰਤਰੀ ਅਤੇ ਕੇਂਦਰੀ ਸਿਹਤ ਮੰਤਰੀ ਨੂੰ ਮਦਦ ਦੀ ਅਪੀਲ ਵੀ ਕੀਤੀ ਗਈ ਪਰ ਕੋਈ ਕਾਰਵਾਈ ਨਹੀਂ ਹੋਈ, ਜਿਸ ਕਾਰਨ ਆਕਸੀਜਨ ਪਲਾਂਟ ਸਥਾਪਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।

**ਤੀਜੀ ਲਹਿਰ ਦੇ ਟਾਕਰੇ ਲਈ ਅਗਾਊਂ ਪ੍ਰਬੰਧ ਕੀਤੇ: ਬੀਬੀ ਜਗੀਰ ਕੌਰ**

ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਆਖਿਆ ਕਿ ਸਿਹਤ ਮਾਹਿਰਾਂ ਵੱਲੋਂ ਕਰੋਨਾ ਦੀ ਤੀਜੀ ਲਹਿਰ ਦਾ ਖਦਸ਼ਾ ਦਾ ਪ੍ਰਗਟਾਇਆ ਜਾ ਰਿਹਾ ਹੈ ਤੇ ਇਸ ਖਦਸ਼ੇ ਨੂੰ ਧਿਆਨ ਵਿਚ ਰਖਦਿਆਂ ਇਸ ਸਬੰਧੀ ਵੀ ਲੋੜੀਂਦੇ ਪ੍ਰਬੰਧ ਅਗਾਊਂ ਕੀਤੇ ਜਾ ਰਹੇ ਹਨ। ਆਕਸੀਜਨ ਕੰਸਨਟਰੇਟਰਾਂ ਦੀ ਥਾਂ ਹੁਣ ਸਿੱਖ ਸੰਗਤ ਨੂੰ ਵੈਂਟੀਲੇਟਰ ਭੇਟ ਕਰਨ ਦੀ ਅਪੀਲ ਕੀਤੀ ਹੈ।

**bold matter**

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਬੀਬੀ ਜਗੀਰ ਕੌਰ ਪ੍ਰਧਾਨ ਸ਼੍ਰੋਮਣੀ ਕਮੇਟੀ ਕੋਰੋਨਾ ਦੌਰ ਵਿਚ ਵਧੀਆ ਮੈਡੀਕਲ ਸੇਵਾਵਾਂ ਪ੍ਰਦਾਨ ਕਰਕੇ ਸਿਖ ਸੇਵਾ ਖੇਤਰ ਵਿਚ ਵਧੀਆ ਰੋਲ ਨਿਭਾ ਰਹੀ ਹੈ। ਜਦਕਿ ਮੋਦੀ ਸਰਕਾਰ ਇਸ ਸੰਸਥਾ ਨੂੰ ਸਹਿਯੋਗ ਦੇਣ ਦੀ ਥਾਂ ਅੜਚਨਾਂ ਪੈਦਾ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਵਲੋਂ ਵੈਟੀਲੇਟਰਾਂ ਦਾ ਪ੍ਰਬੰਧ ਕਰਕੇ ਤੀਸਰੀ ਕੋਰੋਨਾ ਕਰੋਪੀ ਨਾਲ ਟਾਕਰਾ ਕਰਨ ਲਈ ਯੋਗ ਭੂਮਿਕਾ ਨਿਭਾਈ ਜਾ ਰਹੀ ਹੈ।

# ਗੁਟਕਾ ਸਾਹਿਬ ਦੀ ਆਨਲਾਈਨ ਵਿਕਰੀ ਦਾ ਸ਼੍ਰੋਮਣੀ ਕਮੇਟੀ ਵਲੋਂ ਸਖ਼ਤ ਨੋਟਿਸ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਐਮਾਜ਼ੋਨ 'ਤੇ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਅਤੇ ਗੁਟਕਾ ਸਾਹਿਬ ਵੇਚਣ ਦਾ ਸ਼੍ਰੋਮਣੀ ਕਮੇਟੀ ਨੇ ਸਖ਼ਤ ਨੋਟਿਸ ਲਿਆ ਹੈ। ਸ਼੍ਰੋਮਣੀ ਕਮੇਟੀ ਨੇ ਕੰਪਨੀ ਦੀ ਕਾਰਵਾਈ ਨੂੰ ਸਿੱਖ ਸਿਧਾਂਤਾਂ ਦੇ ਵਿਰੁੱਧ ਦੱਸਦਿਆਂ ਕਾਨੂੰਨੀ ਨੋਟਿਸ ਭੇਜਣ ਦੀ ਚਿਤਾਵਨੀ ਦਿੱਤੀ ਹੈ। ਇਸ ਦੌਰਾਨ ਸਿੱਖ ਜਥੇਬੰਦੀ 'ਸਿੱਖ ਯੂਥ ਪਾਵਰ ਆਫ ਪੰਜਾਬ' ਨੇ ਐਮਾਜੋਨ ਦੇ ਦਫਤਰਾਂ ਬਾਹਰ ਪ੍ਰਦਰਸ਼ਨ ਵੀ ਕੀਤਾ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਬਾਣੀ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਗੁਟਕਾ ਸਾਹਿਬਾਨ ਦੀ ਆਨਲਾਈਨ ਵਿਕਰੀ ਕਰਨਾ ਠੀਕ ਨਹੀਂ। ਇਸ ਨਾਲ ਸਿੱਖ ਭਾਈਚਾਰੇ ਵਿੱਚ ਰੋਸ ਦੀ ਲਹਿਰ ਹੈ। ਉਨਾਂ ਕੰਪਨੀ ਨੂੰ ਆਪਣੀ ਵੈੱਬਸਾਈਟ ਤੋਂ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਅਤੇ ਗੁਟਕਿਆਂ ਦੀ ਵਿਕਰੀ ਦਾ ਪ੍ਰਚਾਰ ਤੁਰੰਤ ਹਟਾਉਣ ਲਈ ਕਿਹਾ। ਉਨਾਂ ਕਿਹਾ ਕਿ ਜੇ ਉਨਾਂ ਤੁਰੰਤ ਸਪੱਸ਼ਟੀਕਰਨ ਨਾ ਭੇਜਿਆ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਐਮਾਜ਼ੋਨ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਸ ਦੌਰਾਨ ਸਿੱਖ ਯੂਥ ਪਾਵਰ ਆਫ ਪੰਜਾਬ ਦੇ ਪਰਮਜੀਤ ਸਿੰਘ ਅਕਾਲੀ ਨੇ ਚਿਤਾਵਨੀ ਦਿੱਤੀ ਕਿ ਜੇ ਇਸ ਕੰਪਨੀ ਨੇ ਸੈਂਚੀਆਂ, ਪੋਥੀਆਂ ਅਤੇ ਗੁਟਕਾ ਸਾਹਿਬ ਆਦਿ ਆਨਲਾਈਨ ਵੇਚਣਾ ਬੰਦ ਨਾ ਕੀਤਾ ਤਾਂ ਜਥੇਬੰਦੀ ਸੰਗਤ ਦੇ ਸਹਿਯੋਗ ਨਾਲ ਇਹ ਦਫਤਰ ਬੰਦ ਕਰਵਾਏਗੀ। ਇਸੇ ਤਰਾਂ ਕੇਸ ਰਹਿਤ ਨੌਜਵਾਨ ਦੀ ਕਿਰਪਾਨ ਪਾ ਕੇ ਭੰਗੜਾ ਪਾਉਣ ਦੀ ਵਾਇਰਲ ਹੋਈ ਵੀਡੀਓ ਸਬੰਧੀ ਵੀ ਸ਼੍ਰੋਮਣੀ ਕਮੇਟੀ ਨੇ ਸਖਤ ਨੋਟਿਸ ਲਿਆ ਹੈ। ਮੁੱਖ ਸਕੱਤਰ ਧਾਮੀ ਨੇ ਕਿਹਾ ਕਿ ਇਸ ਸਬੰਧੀ ਸਾਈਬਰ ਕਰਾਈਮ ਸੈੱਲ ਨੂੰ ਸ਼ਿਕਾਇਤ ਕਰ ਦਿੱਤੀ ਗਈ ਹੈ।


When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਮਹਾਨ ਸ਼ਹੀਦ ਭਾਈ ਮਹਿੰਗਾ ਸਿੰਘ ਜੀ ਬੱਬਰ ਤੇ ਭਾਈ ਕੁਲਵੰਤ ਸਿੰਘ ਜੀ

## (ਸ਼ਹੀਦੀ 1 ਜੂਨ 1984)

ਜਦੋਂ ਕਦੇ ਅਣਖਾਂ ਨਾਲ ਜਿਊਣ ਵਾਲੀਆਂ ਕੌਮਾਂ ਉੱਤੇ ਮਨੁੱਖੀ ਲਹੂ ਦੀਆਂ ਭੁੱਖੀਆਂ ਇੱਲਾਂ ਚੜਦੀਆਂ ਹਨ ਤਾਂ ਉਨਾਂ ਕੌਮਾਂ ਵਿਚੋਂ ਹੀ ਕੁਝ ਸ਼ੇਰਾਂ ਵਾਂਗ ਜਿਊਣ ਦੇ ਚਾਹਵਾਨ ਸੂਰਬੀਰ ਯੋਧੇ ਹੱਥਾਂ ਵਿਚ ਹਥਿਆਰ ਫੜ ਕੇ ਇਨਾਂ ਭੂਸਰੀਆਂ ਇੱਲਾਂ ਨੂੰ ਠੱਲਣ ਲਈ ਉੱਠ ਖੜੋਂਦੇ ਹਨ। ਅਜਿਹੀ ਹੀ ਸਿੱਖੀ ਦੇ ਖ਼ੂਨ ਦੀ ਪਿਆਸੀ ਇਕ ਇੱਲ ਨਰਕਧਾਰੀ ਲਹਿਰ ਦੇ ਰੂਪ ਵਿਚ 13 ਅਪ੍ਰੈਲ 1978 ਦੀ ਪਵਿੱਤਰ ਧਰਤੀ ਉੱਪਰ ਧੂਤਕੜਾ ਪਾਉਣ ਲਈ ਆਣ ਧਮਕੀ ਤਾਂ ਗੁਰੂ ਨਾਨਕ ਸਾਹਿਬ ਦੇ ਸਿੱਖੀ ਦੇ ਬਾਗ ਵਿਚੋਂ ਦੋ ਟਹਿਕਦੇ ਫੁੱਲਾਂ ਵਰਗੀਆਂ ਜੁਝਾਰੂ ਜਥੇਬੰਦੀਆਂ ਦਮਦਮੀ ਟਕਸਾਲ ਤੇ ਅਖੰਡ ਕੀਰਤਨੀ ਜਥੇ ਵਿਚੋਂ ਉੱਠੇ 13 ਸੂਰਬੀਰਾਂ ਨੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਲਲਕਾਰ ਅਤੇ ਭਾਈ ਫ਼ੌਜਾ ਸਿੰਘ ਦੀ ਅਗਵਾਈ ਹੇਠ ਨਰਕਧਾਰੀਆਂ ਦੀ ਮੰਡਲੀ ਦੀ ਕੂੜ ਦੀ ਦੁਕਾਨ ਬੰਦ ਕਰਾਉਂਦਿਆਂ ਹੋਇਆਂ ਸ਼ਹਾਦਤਾਂ ਪ੍ਰਾਪਤ ਕੀਤੀਆਂ।

ਸਮਾਂ ਆਪਣੀ ਚਾਲੇ ਚੱਲਦਾ ਰਿਹਾ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਕੌਮੀ ਖਾੜਕੂ ਲੀਡਰ ਵਜੋਂ ਪੰਥਕ ਸਟੇਜ ਉੱਤੇ ਉਭਰੇ ਅਤੇ ਦੂਜੇ ਪਾਸੇ ਅਖੰਡ ਕੀਰਤਨੀ ਜਥੇ ਵਿਚੋਂ ਹੀ ਭਾਈ ਫ਼ੌਜਾ ਸਿੰਘ ਦੇ ਨਜ਼ਦੀਕੀ ਭੁਝੰਗੀਆਂ ਨੇ ਇਕ ਹੋਰ ਖਾੜਕੂ ਜਥੇਬੰਦੀ ਬੱਬਰ ਖ਼ਾਲਸਾ ਨੂੰ ਗੁਪਤ ਰੂਪ ਵਿਚ ਸੰਗਠਿਤ ਕਰ ਕੇ ਪੰਥ ਦੋਖੀਆਂ ਦੇ ਸਫਾਏ ਦੀ ਮੁਹਿੰਮ ਚਲਾ ਦਿੱਤੀ। ਦਰਿਆਵਾਂ ਦੇ ਵਹਿਣਾਂ ਵਾਂਗ ਠੰਡਾ ਸ਼ੀਤਲ ਵਗਦਾ ਪੰਜਾਬ ਅੱਗ ਲੱਗੇ ਜੰਗਲ ਵਾਂਗ ਭੱਖਣ ਲੱਗ ਪਿਆ।

ਅੰਤ 1978 ਤੋਂ 1984 ਨੇ ਆਣ ਦਸਤਕ ਦਿੱਤੀ। ਸਾਰੇ ਪੰਜਾਬ ਨੂੰ ਚੜਦੇ ਜੂਨ ਹੀ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ। ਭੋਲੇ ਪੰਜਾਬੀਆਂ ਦੇ ਅਲੂੰਏ ਪੁੱਤਾਂ ਉੱਪਰ ਬਾਹਮਣੀ ਹਕੂਮਤ ਦੀ ਕਹਿਰਵਾਨ ਹਨੇਰੀ ਝੁੱਲੀ।

1 ਜੂਨ 1984 ਦਾ ਸੂਰਜ ਪੰਜਾਂ ਦਰਿਆਵਾਂ ਦੀ ਧਰਤੀ ਉੱਤੇ ਸਹਾਦਤਾਂ ਦਾ ਪੈਗਾਮ ਲੈ ਕੇ ਚੜਿਆ। ਸਵੇਰੇ ਵੱਡੇ ਤੜਕੇ ਹੀ ਬਾਬਾ ਅਟੱਲ ਰਾਏ ਗੁਰਦੁਆਰੇ ਦੀ ਇਮਾਰਤ 'ਤੇ ਸੀ.ਆਰ. ਪੀ. ਤੇ ਬੀ.ਐਸ.ਐਫ. ਨੇ ਬੱਬਰਾਂ ਦੇ ਮੋਰਚਿਆਂ ਉੱਪਰ ਫਾਇਰਿੰਗ ਕਰ ਕੇ ਸਿੱਧੀ ਲੜਾਈ ਛੇੜ ਦਿੱਤੀ। ਬਾਬਾ ਅਟੱਲ ਦੀ ਇਮਾਰਤ ਵਿਚੋਂ ਬੱਬਰਾਂ ਦੀਆਂ ਰਾਈਫਲਾਂ ਨੇ ਵੀ ਅੱਗ ਉਗਲਣੀ ਸ਼ੁਰੂ ਕਰ ਦਿੱਤੀ। ਸਾਰਾ ਦਿਨ ਭਿਆਨਕ ਗੋਲੀਬਾਰੀ ਹੁੰਦੀ ਰਹੀ।

ਅੰਤ ਸ਼ਾਮ ਨੂੰ ਬਾਹਮਣੀ ਹਕੂਮਤ ਦੇ ਪਿਆਦੇ ਪੂਛਾਂ ਨੀਵੀਆਂ ਕਰ ਕੇ ਖੁੱਡਾਂ ਵਿਚ ਜਾ ਚੁੱਪ ਕਰ ਕੇ ਬੈਠ ਗਏ ਅਤੇ ਬੱਬਰਾਂ ਵੱਲੋਂ ਜੁਆਬੀ ਫਾਇਰ ਕਰ ਕੇ ਢੇਰੀ ਕੀਤਿਆਂ ਦੀਆਂ ਕੂਕਾਂ-ਚੀਕਾਂ ਇਤਿਹਾਸ ਦੀ ਕਿਤਾਬ ਦਾ ਸ਼ਿੰਗਾਰ ਬਣ ਗਏ, ਪਰ ਇਸ ਪਹਿਲੇ ਦਿਨ ਦੀ ਫਾਇਰਿੰਗ ਵਿਚ ਬੱਬਰਾਂ ਦਾ ਇਕ ਸਿਰਮੌਰ ਯੋਧਾ ਸ਼ਹੀਦ ਹੋ ਗਿਆ। ਜਿਸ ਨੂੰ ਇਤਿਹਾਸ ਨੇ ਸਾਕਾ ਨੀਲਾ ਤਾਰਾ ਦਾ ਪਹਿਲਾ ਸ਼ਹੀਦ ਹੋਣ ਦਾ ਮਾਣ ਬਖ਼ਸ਼ ਕੇ ਸਦਾ ਲਈ ਅਮਰ ਕਰ ਦਿੱਤਾ। ਇਸ ਸੂਰਬੀਰ ਦਾ ਨਾਂਅ ਭਾਈ ਮਹਿੰਗਾ ਸਿੰਘ ਬੱਬਰ ਕਰ ਕੇ ਸਿੱਖ ਸਿੱਖ ਸਫ਼ਾਂ ਵਿਚ ਮਸ਼ਹੂਰ ਹੈ। ਭਾਈ ਮਹਿੰਗਾ ਸਿੰਘ ਬੱਬਰ ਦੀ ਮ੍ਰਿਤਕ ਦੇਹ ਨੂੰ ਭਾਈ ਮਨਮੋਹਨ ਸਿੰਘ ਫ਼ੌਜੀ ਵਰਦੀਆਂ ਗੋਲੀਆਂ ਵਿਚੋਂ ਸਿਰ 'ਤੇ ਚੁੱਕ ਕੇ ਗੁਰੂ ਨਾਨਕ ਨਿਵਾਸ ਵਿਚ ਲੈ ਕੇ ਆਇਆ। ਸ਼ਹੀਦ ਹੋਣ ਤੋਂ ਪਹਿਲਾਂ ਯੋਧੇ ਦਾ ਵਾਹਿਗੁਰੂ ਸਿਮਰਨ ਦਾ ਅਭਿਆਸ ਅੱਧਾ ਘੰਟਾ ਚੱਲਦਾ ਰਿਹਾ, ਫਿਰ ਸਰੀਰ ਠੰਢਾ ਹੋ ਗਿਆ। ਭਾਈ ਮਹਿੰਗਾ ਸਿੰਘ ਜੀ ਦਾ ਅਸਲੀ ਨਾਂ ਭਾਈ ਕੁਲਵੰਤ ਸਿੰਘ ਜੀ ਸੀ। ਪਰ ਗੁਪਤ ਵਿਚਰਦਾ ਹੋਣ ਕਰਕੇ ਜਥੇਬੰਦਕ ਨਾਂ ਭਾਈ ਮਹਿੰਗਾ ਸਿੰਘ ਰੱਖਿਆ ਗਿਆ ਸੀ। ਲੰਬੇ ਕੱਦ, ਤਿੱਖੀ ਨੱਕ, ਗੋਰੇ ਨਿਸ਼ੋਹ ਰੰਗ ਦਾ ਇਹ ਨੌਜਵਾਨ ਦਾ ਜਨਮ ਹਰਿਆਣੇ ਦੇ ਸ਼ਹਿਰ ਜਗਾਧਰੀ ਵਿਖੇ ਸ. ਪ੍ਰਤਾਪ ਸਿੰਘ ਦੇ ਘਰ 1975 ਨੂੰ ਹੋਇਆ।

ਜਮਨਾ ਨਗਰ ਆਈ.ਟੀ.ਆਈ. ਵੈਲਡਰ ਟ੍ਰੇਡ ਵਿਚ ਕਰਨ ਤੋਂ ਬਾਅਦ ਉਸ ਨੇ ਚੜਦੀ ਵਰੇਸੇ ਭਾਈ ਫ਼ੌਜਾ ਸਿੰਘ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤ ਛਕਿਆ। ਉਹ ਸਦਾ ਪੀਲੇ ਰੰਗ ਦਾ ਦੁਮਾਲਾ ਸਜਾਉਂਦਾ, ਸਫੈਦ ਜਾਂ ਨੀਲੇ ਰੰਗ ਦਾ ਨਿਹੰਗ ਬਾਣਾ ਪਹਿਨਦਾ। ਉਸ ਦੇ ਸੱਜੇ ਹੱਥ ਵਿਚ ਸਰਬ-ਲੋਹ ਦੀ ਮਾਲਾ ਅਤੇ ਮੋਢੇ ਉੱਤੇ 315 ਬੋਰ ਦੀ ਰਾਈਫਲ ਹਮੇਸ਼ਾ ਲਟਕਦੀ ਰਹਿੰਦੀ। ਸਰਬ-ਲੋਹ ਬਿਬੇਕ ਦੇ ਪਹਿਰੇ ਦੇ ਧਾਰਨੀ ਸੂਰਬੀਰ ਦੀ ਰਸਨਾ ਸਦਾ ਵਾਹਿਗੁਰੂ-ਵਾਹਿਗੁਰੂ ਦੇ ਜਾਪ ਵਿਚ ਗੜੂੰਦ ਰਹਿੰਦੀ।



ਭਾਈ ਫ਼ੌਜਾ ਸਿੰਘ ਤੇ ਭਾਈ ਰਣਧੀਰ ਸਿੰਘ ਮਹਿਤੇ ਸਾਖਰੇ 13 ਸਿੰਘਾਂ ਦੀ ਸ਼ਹੀਦੀ ਨੇ ਉਸ ਦੇ ਅੰਤਰ-ਆਤਮੇ ਨੂੰ ਝੰਜੋੜ ਕੇ ਰੱਖ ਦਿੱਤਾ। ਉਸ ਨੂੰ ਹਿੰਦੁਸਤਾਨੀ ਧਰਤੀ ਉੱਤੇ ਸਿੱਖ ਕੌਮ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜੀ ਨਜ਼ਰ ਆਉਣ ਲੱਗੀ ਅਤੇ ਉਹ ਕੌਮੀ ਆਜ਼ਾਦੀ ਦੇ ਸੰਘਰਸ਼ ਵਿਚ ਨਿਧੜਕ ਸਿਪਾਹੀ ਵੱਜੋਂ ਆਪਣੇ ਸਾਥੀਆਂ ਸਮੇਤ ਵਿਚਰਨ ਲੱਗਾ।

1978 ਤੋਂ 1980 ਤੱਕ ਦੋ ਸਾਲ ਉਹ ਅਖੰਡ ਕੀਰਤਨੀ ਜਥੇ ਵੱਲੋਂ ਚੱਲਦੇ ਪ੍ਰਚਾਰ (ਚੱਲਦਾ ਵਹੀਰ) ਵਿਚ ਸ਼ਾਮਲ ਹੋ ਕੇ ਗੁਰਮਤਿ ਦਾ ਪ੍ਰਚਾਰ ਕਰਦਾ ਰਿਹਾ। ਸ਼ਹੀਦ ਭਾਈ ਤਲਵਿੰਦਰ ਸਿੰਘ ਬੱਬਰ ਨੇ ਪ੍ਰਚਾਰ ਕਰਨ ਲਈ ਚੱਲਦੇ ਵਹੀਰ ਨੂੰ ਇਕ ਸੈਕਿੰਡ-ਹੈਂਡ ਯੌਗਾ ਲੈ ਕੇ ਦਿੱਤਾ ਹੋਇਆ ਸੀ, ਜਿਹੜਾ ਪਿੰਡਾਂ ਵਿਚ ਜਾਣ ਸਮੇਂ ਅਕਸਰ ਹੀ ਖਰਾਬੀ ਦੇ ਜਾਇਆ ਕਰਦਾ ਸੀ।

1978 ਤੋਂ 1980 ਤਕ ਦੋ ਸਾਲ ਉਹ ਅਖੰਡ ਕੀਰਤਨੀ ਜਥੇ ਵੱਲੋਂ ਚੱਲਦੇ ਪ੍ਰਚਾਰ (ਚੱਲਦਾ ਵਹੀਰ) ਵਿਚ ਸ਼ਾਮਲ ਹੋ ਕੇ ਗੁਰਮਤਿ ਦਾ ਪ੍ਰਚਾਰ ਕਰਦਾ ਰਿਹਾ। ਸ਼ਹੀਦ ਭਾਈ ਤਲਵਿੰਦਰ ਸਿੰਘ ਬੱਬਰ ਨੇ ਪ੍ਰਚਾਰ ਕਰਨ ਲਈ ਚੱਲਦੇ ਵਹੀਰ ਨੂੰ ਇਕ ਸੈਕਿੰਡ-ਹੈਂਡ ਯੌਗਾ ਲੈ ਕੇ ਦਿੱਤਾ ਹੋਇਆ ਸੀ, ਜਿਹੜਾ ਪਿੰਡਾਂ ਵਿਚ ਜਾਣ ਸਮੇਂ ਅਕਸਰ ਹੀ ਖਰਾਬੀ ਦੇ ਜਾਇਆ ਕਰਦਾ ਸੀ।

ਭਾਈ ਮਹਿੰਗਾ ਸਿੰਘ ਨੇ ਯੌਂਗੇ ਦੀ ਸਾਂਭ-ਸੰਭਾਲ ਦਾ ਕੰਮ ਸਾਂਭਿਆ ਹੋਇਆ ਸੀ। ਉਹ ਯੌਂਗੇ ਨੂੰ ਸਾਫ ਕਰਦਾ ਤੇ ਉਸ ਉੱਤੇ ਲੀਰ ਮਾਰਦਾ ਅਤੇ ਲੋੜ ਪੈਣ 'ਤੇ ਡੀਜ਼ਲ ਵਿਚ ਗਈ ਹਵਾ ਕੱਢਣ ਲਈ ਉਸ ਨੂੰ ਪੰਪ ਕਰਦਾ। ਵਹੀਰ ਵਿਚ ਵਿਚਰਦਿਆਂ ਲੰਗਰ ਦੀ ਸੇਵਾ ਉਹ ਬੜੇ ਚਾਅ ਨਾਲ ਸਾਂਭਦਾ ਸੀ। ਜਿਸ ਕਰ ਕੇ ਆਮ ਸਿੰਘ ਉਸ ਨੂੰ ਵਹੀਰ ਦੀ ਮਾਂ ਕਿਹਾ ਕਰਦੇ ਸਨ।

ਹੌਲੀ-ਹੌਲੀ ਉਸ ਦਾ ਨਾਮ ਪ੍ਰਮੁੱਖ ਨਿਰੰਕਾਰੀਆਂ ਦੀ ਸੋਧ-ਸੁਧਾਈ ਦੇ ਕਈ ਕੇਸਾਂ ਵਿਚ ਬੋਲਣ ਲੱਗਾ। ਮਹਿੰਗਾ ਸਿੰਘ ਬੱਬਰ ਜਥੇਬੰਦੀ ਦੇ ਅਹਿਮ ਸਿੰਘਾਂ ਵਿਚ ਗਿਣਿਆ ਜਾਣ ਲੱਗ ਪਿਆ ਸੀ। ਉਸ ਨੇ ਤਨ, ਮਾਨ, ਧਨ ਕੌਮ ਨੂਮ ਅਰਪਣ ਕਰ ਦਿੱਤਾ ਹੋਇਆ ਸੀ।

ਸਾਕਾ ਨੀਲਾ ਤਾਰਾ ਤੋਂ ਕੁਝ ਸਮਾਂ ਪਹਿਲਾਂ ਉਹ ਅਨੰਦਪੁਰ ਸਾਹਿਬ ਵੱਲ ਯਾਤਰਾ ਕਰਨ ਗਿਆ ਤੇ ਵਾਪਸ ਮੁੜਦੇ ਸਮੇਂ ਕੀਰਤਪੁਰ ਸਾਹਿਬ ਬਾਬਾ ਗੁਰਦਿੱਤਾ ਜੀ ਦੇ ਅਸਥਾਨ 'ਤੇ ਖਲੋ ਕੇ ਮਹਿੰਗਾ ਸਿੰਘ ਬੱਬਰ ਨੇ ਅਰਦਾਸ ਕੀਤੀ:- 'ਹੇ ਸੱਚੇ ਪਾਤਸ਼ਾਹ! ਇਸ ਅਸਥਾਨ ਲਈ ਸਿੱਖ ਸੰਗਤਾਂ ਵਿਚ ਇਹ ਗੱਲ ਮਸ਼ਹੂਰ ਹੈ ਕਿ ਜੋ ਵੀ ਅਰਦਾਸ ਏਥੇ ਕੀਤੀ ਜਾਵੇ, ਜੋ ਵੀ ਮੰਗ ਏਥੇ ਮੰਗੀ ਜਾਵੇ, ਉਹ ਜ਼ਰੂਰ ਹੀ ਪੂਰੀ ਹੁੰਦੀ ਹੈ... ਸੁਣਨ ਵਿਚ ਵੀ ਆਉਂਦੈ ਬਾਬਾ ਗੁਰਦਿੱਤਾ ਦੀਨ ਦੁਨੀ ਦਾ ਟਿੱਕਾ, ਜੋ ਵਰ ਮੰਗਿਆ ਸੋ ਵਰ ਦਿੱਤਾ... ਸਤਿਗੁਰੂ! ਮੇਰੀ ਇਹੋ ਮੰਗ ਹੈ ਕਿ ਸੱਚੇ ਪਾਤਸ਼ਾਹ ਸ਼ਹੀਦੀ ਦੀ ਦਾਤ ਬਖ਼ਸ਼ੋ, ਮੇਰਾ ਸਰੀਰ ਪੰਥ ਦੇ ਲੇਖੇ ਲੱਗ ਜਾਵੇ... ਤੇਰੀ ਬਖ਼ਸ਼ੀ ਸਿੱਖੀ ਕੇਸ਼ਾਂ-ਸੁਆਸਾਂ ਸੰਗ ਨਿਭ ਜਾਵੇ।

ਅੰਤ ਭਾਈ ਮਹਿੰਗਾ ਸਿੰਘ ਬੱਬਰ ਆਪਣੀ ਕੀਤੀ ਅਰਦਾਸ ਨੂੰ ਤੋੜ-ਨਿਭਾ ਗਿਆ। ਸਤਿਗੁਰੂ ਸੱਚੇ ਪਾਤਸ਼ਾਹ ਨੇ ਉਸ ਦੇ ਮਨ ਦੀ ਰੀਝ ਪੂਰੀ ਕਰ ਦਿੱਤੀ ਅਤੇ ਉਹ ਸਾਕਾ ਨੀਲਾ ਤਾਰਾ ਦਾ ਪਹਿਲਾ ਸ਼ਹੀਦ ਹੋ ਨਿਬੜਿਆ। ਭਾਈ ਮਹਿੰਗਾ ਸਿੰਘ ਬੱਬਰ ਦਾ ਸਸਕਾਰ ਮੰਜੀ ਸਾਹਿਬ ਦੇ ਹਾਲ ਦੇ ਸਾਹਮਣੇ ਕੀਤਾ ਗਿਆ। ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਕਾਲ ਤਖ਼ਤ ਸਾਹਿਬ ਤੋਂ ਉਚੇਚਾ ਚੱਲ ਕੇ ਆਪਣੇ ਸਿੰਘਾਂ ਸਮੇਤ ਸ਼ਹੀਦ ਦੇ ਅੰਤਿਮ ਸਸਕਾਰ 'ਤੇ ਪਹੁੰਚੇ ਅਤੇ ਇਕ ਦੁਸ਼ਾਲਾ ਸ਼ਹੀਦ ਦੇ ਸਰੀਰ 'ਤੇ ਆਪਣੀ ਹੱਥੀਂ ਪਾਇਆ। ਸਾਰੇ ਦਾ ਸਾਰਾ ਪੰਥ ਢੱਕੋ-ਢੱਕੀ ਉਸ ਦੇ ਅੰਤਿਮ ਸਸਕਾਰ 'ਤੇ ਜੁੜ ਗਿਆ। ਸ਼ਹੀਦ ਦੀ ਅੰਤਿਮ ਅਰਦਾਸ ਵਿਚ ਸ਼੍ਰੋਮਣੀ ਅਕਾਲੀ ਦਲ, ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ ਅਤੇ ਸ਼੍ਰੋਮਣੀ ਕਮੇਟੀ ਦੀਆਂ ਅਹਿਮ ਸ਼ਖ਼ਸੀਅਤਾਂ ਸ਼ਾਮਲ ਹੋਈਆਂ। ਭਾਈ ਮਹਿੰਗਾ ਸਿੰਘ ਬੱਬਰ ਦੀ ਸ਼ਹੀਦੀ ਸਾਕਾ ਨੀਲਾ ਤਾਰਾ ਦੀ ਸ਼ੁਰੂਆਤ ਸੀ।

1 ਜੂਨ ਤੋਂ ਬਾਅਦ ਭਾਵੇਂ ਕਿ ਭਾਰਤੀ ਫੋਰਸਾਂ ਵੱਲੋਂ ਗਾਹੇ-ਬਗਾਹੇ ਸੰਗਤ ਉੱਤੇ ਗੋਲੀਬਾਰੀ ਹੁੰਦੀ ਰਹੀ ਪਰ ਜਰਨਲ ਸੁਬੇਗ ਸਿੰਘ ਦੇ ਆਰਡਰ 'ਤੇ ਸਿੰਘਾਂ ਨੇ ਫਾਈਰਿੰਗ ਨਹੀਂ ਕੀਤੀ।

1 ਤੇ 3 ਜੂਨ ਦੇ ਦਿਨ ਤਣਾਅ-ਭਰਪੂਰ ਹੀ ਰਹੇ।

4 ਜੂਨ ਸਵੇਰੇ ਚਾਰ ਕੁ ਵਜਦੇ ਨੂੰ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਵਿਹੜੇ ਵਿਚ ਫ਼ੌਜਾਂ ਵੱਲੋਂ ਦਾਗਿਆ ਇਕ ਗੋਲਾ ਡਿੱਗਿਆ ਤਾਂ ਸਿੰਘਾਂ ਨੇ ਫਾਇਰ ਖੋਲ ਦਿੱਤੇ। 'ਅਕਾਲ-ਅਕਾਲ' ਦੇ ਆਕਾਸ਼ ਗੁੰਜਾਊ ਨਾਅਰੇ ਅਸਮਾਨ ਨੂੰ ਛੂਹਣ ਲੱਗੇ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਾਨਸ਼ੀਨ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਨੂੰ ਸਮਰਪਿਤ ਹੋ ਕੇ ਜਾਨਾਂ ਹੀਲ ਕੇ ਲੜੇ। ਬੱਬਰਾਂ ਨੇ ਵੀ ਬਾਬਾ ਅਟੱਲ ਰਾਏ, ਗੁਰੂ ਨਾਨਕ ਨਿਵਾਸ ਦੀਆਂ ਇਮਾਰਤਾਂ ਵਿਚੋਂ ਭਾਰਤੀ ਫ਼ੌਜਾਂ ਦੇ ਹਮਲੇ ਦਾ ਬਣਦਾ ਜਵਾਬ ਦਿੱਤਾ। ਗੁਰੂ ਨਾਨਕ ਨਿਵਾਸ ਦੇ ਮਗਰ ਵਗਦਾ ਨਾਲਾ ਫੌਜੀਆਂ ਦੀਆਂ ਲਾਸ਼ਾਂ ਨਾ ਤੁੜਿਆ ਗਿਆ।

ਜਦੋਂ ਬੱਬਰਾਂ ਕੋਲੋਂ ਅਸਲਾ ਖ਼ਤਮ ਹੋ ਗਿਆ ਅਤੇ ਦਰਬਾਰ ਸਾਹਿਬ ਦੀਆਂ ਪਰਕਰਮਾ ਵਿਚ ਟੈਂਕ ਦਾਖਲ ਹੋ ਗਏ ਤੇ ਉਨਾਂ ਦੀਆਂ ਸਰਚ-ਲਾਈਟਾਂ ਦੀ ਰੌਸ਼ਨੀ ਸਿੰਘਾਂ ਦੀਆਂ ਅੱਖਾਂ ਚੁੰਧਿਆਉਣ ਲੱਗੀ ਤਾਂ ਉਨਾਂ ਨੇ ਸਿੰਘਾਂ ਦਰਮਿਆਨ ਗੁਰਮਤਾ ਕਰ ਕੇ ਸੰਘਰਸ਼ ਅਗਾਂਹ ਤੋਰਨ ਖਾਤਰ ਮੋਰਚੇ ਛੱਡਣ ਦਾ ਫੈਸਲਾ ਕਰ ਦਿੱਤਾ ਅਤੇ ਬਾਗ ਵਾਲੀ ਗਲੀ ਰਾਹੀਂ 19ਵੀਂ ਸਦੀ ਦੇ ਸਿੰਘਾਂ ਵਾਂਗ ਗੁਰੀਲਾ ਤਕਨੀਕ ਅਪਣਾਉਂਦੇ ਹੋਏ ਹਰਨ ਹੋ ਗਏ। ਜਿੱਥੇ ਸ਼ਾਹਦਤਾਂ ਪਾਉਣ ਵਿਚ ਖਾੜਕੂ ਸਿੰਘਾਂ ਨੇ ਦਲੇਰੀ ਦਿਖਾਈ, ਉੱਤੇ ਆਮ ਸੰਗਤ ਵਿਚ ਗਏ ਕਈ ਗੁਰਮੁਖ ਪਿਆਰਿਆਂ ਨੇ ਵੀ ਦਰਬਾਰ ਸਾਹਿਬ ਅੰਦਰ ਕੀਰਤਨ ਦੀ ਮਰਿਯਾਦਾ ਕਾਇਮ ਰੱਖਣ ਲਈ ਆਪਣੀਆਂ ਜਾਨਾਂ ਦੀ ਪਰਵਾਹ ਨਹੀਂ ਕੀਤੀ। ਜਿਨਾਂ ਵਿਚ ਕੀਰਤਨੀ ਸੂਰਮੇ-ਸਿੰਘ ਭਾਈ ਅਮਰੀਕ ਸਿੰਘ ਦਾ ਜਥਾ ਕੀਰਤਨ ਕਰ ਕੇ ਵਾਪਸ ਮੁੜਦਾ ਹੋਇਆ ਇਲਾਇਚੀ ਬੇਰੀ ਕੋਲ ਭਾਰਤੀ ਫ਼ੌਜਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ।

6 ਜੂਨ ਦੀ ਸਵੇਰ ਦਰਬਾਰ ਸਾਹਿਬ ਅੰਦਰ ਕੋਈ ਕੀਰਤਨੀਆ ਨਾ ਜਾ ਸਕਿਆ ਤਾਂ ਅਖੰਡ ਕੀਰਤਨੀ ਜਥੇ ਨਾਲ ਸਬੰਧਤ ਕੀਰਤਨੀਏ ਭਾਈ ਗੁਰਦਿਆਲ ਸਿੰਘ ਹੋਰਾਂ ਨੇ ਕੀਰਤਨ-ਹਾਜ਼ਰੀਆਂ ਭਰੀਆਂ। ਉਨਾਂ ਦੇ ਇਕ ਹੋਰ ਸਾਥੀ ਭਾਈ ਅਵਤਾਰ ਸਿੰਘ ਪਾਰੋਵਾਲ 6 ਜੂਨ ਨੂੰ ਸਵੇਰੇ ਕੀਰਤਨ-ਹਾਜ਼ਰੀਆਂ ਭਰਦੇ ਹੋਏ ਗੋਲੀ ਲੱਗਣ ਕਰ ਕੇ ਦਰਬਾਰ ਸਾਹਿਬ ਅੰਦਰ ਹੀ ਜਾਮ-ਏ-ਸ਼ਹਾਦਤ ਪੀ ਗਏ।

ਇਸੇ ਤਰਾਂ ਸ਼ਹੀਦ ਭਾਈ ਫੌਜਾ ਸਿੰਘ ਦੀ ਸਿੰਘਣੀ ਦੀ ਭੈਣ ਪਰਮਜੀਤ ਕੌਰ ਲਾਡੀ, ਬਾਬਾ ਸਵਾਇਆ ਸਿੰਘ ਜੀ ਦੀ ਛਬੀਲ ਕੋਲ ਸ਼ਹਾਦਤ ਪ੍ਰਾਪਤ ਗਈ। ਬੀਬੀ ਲਾਡੀ ਵੀ ਗੁਰੂ-ਪ੍ਰੇਮ ਵਿਚ ਭਿੱਜੀ ਹੋਈ ਰੂਹ ਸੀ। ਬੀਬੀ ਦਾ ਪਤੀ ਹਰਬੰਸ ਸਿੰਘ ਵਿਆਹ ਤੋਂ ਪਹਿਲਾਂ ਅੰਮ੍ਰਿਤਧਾਰੀ ਨਹੀਂ ਸੀ, ਸਗੋਂ ਬੀਬੀ ਜੀ ਦੀ ਸੰਗਤ ਕਰ ਕੇ ਉਸ ਦਾ ਜੀਵਨ ਬਦਲ ਗਿਆ ਸੀ। ਬੀਬੀ ਪਰਮਜੀਤ ਕੌਰ ਬੀ.ਏ. ਪਾਸ ਸੀ ਤੇ ਉਸ ਨੇ ਬਾਬਾ ਬੁੱਢਾ ਜੀ ਦੀ ਬੇਰੀ ਪਾਸ ਇਕ ਨਿੱਜੀ ਲਾਇਬ੍ਰੇਰੀ ਬਣਾਈ ਹੋਈ ਸੀ, ਜਿੱਥੋਂ ਸੰਗਤਾਂ ਪੜਨ ਲਈ ਗੁਰਮਤਿ ਲਿਟਰੇਚਰ ਫਰੀ ਪ੍ਰਾਪਤ ਕਰਦੀਆਂ ਸਨ।

ਭਾਈ ਫ਼ੌਜਾ ਸਿੰਘ ਉਸ ਨੂੰ 'ਸ਼ਹੀਦ-ਰੂਹ' ਕਿਹਾ ਕਰਦੇ ਸਨ। ਬੀਬੀ ਵਿਚ ਸਿੱਖੀ ਪ੍ਰਚਾਰ ਦੀ ਬੜੀ ਲਗਨ ਸੀ। ਉਹ ਘਰੇਲੂ ਕੰਮਾਂ-ਕਾਰਾਂ ਨੂੰ ਜਲਦੀ ਨਿਬੇੜ ਕੇ ਹਰ ਰੋਜ ਬਾਬਾ ਅਟੱਲ ਰਾਏ ਵਿਖੇ ਨਿੱਕੇ-ਨਿੱਕੇ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਇਆ ਕਰਦੀ ਸੀ। ਬੀਬੀ ਦੀ ਸੰਗਤ ਨਾਲ ਕਈ ਭੁਝੰਗੀ ਅੰਮ੍ਰਿਤਧਾਰੀ ਹੋਏ।

4 ਜੂਨ ਨੂੰ ਬੀਬੀ ਪਰਮਜੀਤ ਕੌਰ ਆਪਣੀ ਇਕ ਹੋਰ ਸਾਥਣ ਇੰਦਰਜੀਤ ਕੌਰ ਨਾਲ ਦਰਬਾਰ ਸਾਹਿਬ ਆਈ ਤੇ 6 ਜੂਨ ਸਵੇਰ ਤੱਕ ਬਾਲਟੀ ਵਿਚ ਪਾਣੀ ਭਰ ਕੇ ਹੱਥ ਵਿਚ ਬਾਟਾ ਫੜ ਕੇ ਮੋਰਚਿਆਂ ਉੱਪਰ ਲੜਨ ਵਾਲੇ ਸਿੰਘਾਂ ਨੂੰ ਪਾਣੀ ਪਿਆਉਣ ਦੀ ਸੇਵਾ ਕਰਦੀ ਰਹੀ। ਬੀਬੀ ਅਮਰਜੀਤ ਕੌਰ (ਸੁਪਤਨੀ ਫ਼ੌਜਾ ਸਿੰਘ) ਨੂੰ ਲੈਣ ਵਾਸਤੇ ਸਰਾਂ ਵਾਲੇ ਪਾਸੇ ਤੋਂ ਇਕ ਸਿੰਘ ਆਇਆ ਤਾਂ ਉਨਾਂ ਨੇ ਬੀਬੀ ਪਰਮਜੀਤ ਕੌਰ ਨੂੰ ਨਾਲ ਜਾਣ ਨੂੰ ਕਿਹਾ, ਪਰ ਪਰਮਜੀਤ ਕੌਰ ਨੇ ਵਾਰ-ਵਾਰ ਕਹਿਣ 'ਤੇ ਵੀ ਜਾਣ ਤੋਂ ਮਨਾ ਤੋਂ ਕਰ ਦਿੱਤਾ ਅਤੇ ਕਿਹਾ ਕਿ ਜਿਹੜਾ ਅੱਜ ਇਥੇ ਸ਼ਹੀਦ ਹੋਵੇਗਾ, ਉਹ ਸਿੱਧਾ ਹੋਵੇਗਾ, ਉਹ ਸਿੱਧਾ ਗੁਰੂ ਗੋਬਿੰਦ ਸਿੰਘ ਦੀ ਗੋਦ ਵਿਚ ਜਾਵੇਗਾ। ਸਿੰਘਾਂ ਦੀ ਸੇਵਾ ਕਰਦੀ ਹੋਈ, ਜਦੋਂ ਉਹ ਪਾਣੀ ਵਰਤਾ ਰਹੀ ਸੀ ਤਾਂ ਫ਼ੌਜੀਆਂ ਨੇ ਉਸ ਉੱਪਰ ਗਰਨੇਡ ਸੁੱਟਿਆ ਤੇ ਉਹ ਸ਼ਹੀਦੀ ਪ੍ਰਾਪਤ ਕਰ ਗਈ। ਉਸ ਦੀ ਸਾਥਣ ਬੀਬੀ ਇੰਦਰਜੀਤ ਕੌਰ ਸਖ਼ਤ ਜ਼ਖ਼ਮੀ ਹੋ ਗਈ ਅਤੇ ਆਪਣੀ ਇਕ ਅੱਖ ਗਵਾ ਬੈਠੀ। ਬਾਅਦ ਵਿਚ ਬੀਬੀ ਇੰਦਰਜੀਤ ਕੌਰ ਨੂੰ ਜੋਧਪੁਰ ਜੇਲ ਵੀ ਜਾਣਾ ਪਿਆ।

## ਭਾਈ ਮਹਿੰਗਾ ਸਿੰਘ ਦੀ ਯਾਦਗਾਰ ਬਣਾਉਣ ਦੀ ਕੀਤੀ ਮੰਗ

### ਘੱਲੂਘਾਰਾ ਹਫ਼ਤੇ ਦੀ ਆਰੰਭਤਾ 'ਤੇ ਜੂਨ 84 ਦੇ ਸ਼ਹੀਦ ਪਰਿਵਾਰਾਂ ਦਾ ਕੀਤਾ ਸਨਮਾਨ



**ਅੰਮ੍ਰਿਤਸਰ/ਏ.ਟੀ.ਨਿਊਜ਼:** ਭਾਰਤੀ ਫੌਜ ਵੱਲੋਂ ਜੂਨ 1984 ਦੇ ਦਰਬਾਰ ਸਾਹਿਬ ਹਮਲੇ ਦੀ 37ਵੀਂ ਵਰੇਗੰਢ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ ਗੁ.ਬਾਬਾ ਅਟੱਲ ਰਾਏ ਸਾਹਿਬ ਵਿਖੇ ਖਾਲਸਾਈ ਮਰਿਯਾਦਾ ਅਨੁਸਾਰ ਸੰਪੰਨ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣ ਬਾਅਦ ਹਜ਼ੂਰੀ ਰਾਗੀ ਭਾਈ ਦਵਿੰਦਰ ਸਿੰਘ ਤੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਵੱਲੋਂ ਗੁਰਬਾਣੀ ਦੇ ਵੈਰਾਗਮਈ ਕੀਰਤਨ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਸ਼ਹੀਦ ਭਾਈ ਮਹਿੰਗਾ ਸਿੰਘ ਦੇ ਭਰਾਤਾ ਦਵਿੰਦਰਪਾਲ ਸਿੰਘ, ਸ਼ਹੀਦ ਜਨਰਲ ਸਬੇਗ ਸਿੰਘ ਦੇ ਭਰਾਤਾ ਬੇਅੰਤ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ ਦੇ ਰਿਸ਼ਤੇਦਾਰ ਰਾਜਨਦੀਪ ਸਿੰਘ, ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ ਦੇ ਸਪੁੱਤਰ ਕੁਲਦੀਪ ਸਿੰਘ ਨੂੰ ਸਿਰੋਪਾਉ ਨਾਲ ਸਨਮਾਨਿਤ ਕੀਤਾ ਗਿਆ। ਹਵਾਰਾ ਕਮੇਟੀ ਦੇ ਪ੍ਰੋ. ਬਲਜਿੰਦਰ ਸਿੰਘ ਨੇ ਸ਼੍ਰੋਮਣੀ ਕਮੇਟੀ ਕੋਲੋਂ ਮੰਗ ਕੀਤੀ ਕਿ ਗੁ.ਬਾਬਾ ਅਟੱਲ ਰਾਏ ਸਾਹਿਬ ਵਿਖੇ ਭਾਈ ਮਹਿੰਗਾ ਸਿੰਘ ਬੱਬਰ ਅਤੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਿਤ ਸੰਗਤਾਂ ਲਈ ਸਿਹਤ ਸੁਵਿਧਾ ਕੇਂਦਰ ਸਥਾਪਿਤ ਕੀਤਾ ਜਾਵੇ ਜਿਸਦਾ ਸਾਰਾ ਖਰਚਾ ਹਵਾਰਾ ਕਮੇਟੀ ਕਰੇਗੀ। ਗੁਰਦੁਆਰ ਸਾਹਿਬ ਤੋਂ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੀਆਂ। ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਕਿ 1984 ਦਾ ਹਮਲਾ ਇਕ ਨਮੂਨ ਹੈ ਜਿਸਦੀ ਚੀਸ ਤੋਂ ਅਜ਼ਾਦੀ ਦੇ ਸੰਘਰਸ਼ ਨੇ ਜਨਮ ਲਿਆ ਹੈ ਬਾਪੂ ਗੁਰਚਰਨ ਸਿੰਘ ਵੱਲੋਂ ਪੜਿਆ ਗਿਆ। ਸਿੰਘ ਸਾਹਿਬ ਰਵੇਲ ਸਿਘ ਨੇ ਸ਼ਹੀਦ ਸਿੰਘ ਦੇ ਨਮਿਤ ਸ੍ਰੀ ਅਕਾਲ ਤਖ਼ਤ ਤੇ ਅਰਦਾਸ ਕੀਤੀ। ਇਸ ਸਮਾਗਮ ਵਿੱਚ ਅੰਖਡ ਕੀਰਤਨੀ ਜਥਾ, ਦਮਦਮੀ ਟਕਸਾਲ ਸੰਗਰਾਵਾਂ, ਅਕਾਲ ਯੂਥ, ਤਰਨਾ ਦਲ ਬਾਬਾ ਬਕਾਲਾ, ਸਿੱਖ ਯੂਥ ਫੈਡਰੇਸ਼ਨ ਭਿੰਡਰਾਵਤਲਾ, ਜਥਾ ਸਿਰਲੱਥ, ਅਕਾਲ ਖਾਲਸਾ ਦਲ ਆਦਿ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗੁਰਮਹਿੰਦਰ ਸਿੰਘ, ਸਿੰਘ ਸਾਹਿਬ ਗਿਆਨੀ ਰਵੇਲ ਸਿੰਘ, ਜਥੇਦਾਰ ਬਖਸ਼ੀਸ ਸਿੰਘ, ਸਤਨਾਮ ਸਿੰਘ ਝੰਝੀਆ, ਬਾਪੂ ਗੁਰਚਰਨ ਸਿੰਘ, ਸਤਨਾਮ ਸਿੰਘ ਖੰਡਾ, ਮਹਾਬੀਰ ਸਿੰਘ ਸੁਲਤਾਨਵਿੰਡ,

ਬਾਕੀ ਸਫ਼ਾ 30 'ਤੇ

# ਜੂਨ 1984: ਸ੍ਰੀ ਦਰਬਾਰ ਸਾਹਿਬ ਦੀ ਘੇਰਾਬੰਦੀ ਤੇ ਸੰਤ ਭਿੰਡਰਾਂਵਾਲੇ

## ਦੋਨੋਂ ਸੰਤਾਂ ਦਾ ਵੱਖੋ ਵੱਖਰਾ ਨਜ਼ਰੀਆ



**ਬਘੇਲ ਸਿੰਘ ਪੱਤਰਕਾਰ**

**99142-58142**

ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀ ਪੂਰਤੀ ਲਈ ਅਰੰਭਿਆ ਧਰਮਯੁੱਧ ਮੋਰਚਾ ਬਹੁਤ ਉਚਾਈਆਂ ਵੱਲ ਜਾ ਰਿਹਾ ਸੀ। ਅਕਾਲੀ ਵਰਕਰ ਲਗਾਤਾਰ ਵੱਡੀ ਗਿਣਤੀ ਵਿੱਚ ਹਰ ਰੋਜ ਗਿਰਫਤਾਰੀਆਂ ਦੇ ਰਹੇ ਸਨ। ਪਰ ਸ੍ਰੀ ਦਰਬਾਰ ਸਾਹਿਬ ਅੰਦਰ ਬੈਠੇ ਦੋ ਸੰਤਾਂ ’ਚੋਂ ਇੱਕ ਦਾ ਪ੍ਰਭਾਵ ਖਤਮ ਹੋਣ ਕਿਨਾਰੇ ਸੀ। ਦਫਤਰ ਵਿੱਚ ਸਿੱਖ ਸੰਗਤਾਂ ਦਾ ਆਉਣਾ ਜਾਣਾ ਤਕਰੀਬਨ ਬੰਦ ਹੋ ਜਾਣ ਵਰਗਾ ਸੀ ਤੇ ਦੂਜੇ ਦੇ ਖੇਮੇ ਵਿਚ ਸੰਗਤਾਂ ਦੀ ਗਿਣਤੀ ਵਿੱਚ ਦਿਨੋਂ ਦਿਨ ਭਾਰੀ ਵਾਧਾ ਦਰਜ ਕੀਤਾ ਜਾ ਰਿਹਾ ਸੀ।ਇੱਕ ਸੰਤ ਦੇ ਮਨ ਅੰਦਰ ਦੁਬਿਧਾ ਅਤੇ ਮੋਰਚੇ ਨੂੰ ਖਤਮ ਕਰਨ ਲਈ ਤੋੜ ਭੰਨ ਚੱਲ ਰਹੀ ਸੀ, ਜਦੋਂ ਕਿ ਦੂਜੇ ਸੰਤ ਦੇ ਚਿਹਰੇ ਤੇ ਦਿਨੋਂ ਦਿਨ ਸ਼ਹਾਦਤ ਨੂੰ ਪਾਉਣ ਦਾ ਰੂਹਾਨੀ ਨੂਰ ਝਲਕਣ ਲੱਗਾ ਸੀ। ਇੱਕ ਦੇ ਮਨ ਵਿਚ ਧਰਮ ਦੀ ਰਾਖੀ ਖਾਤਰ ਸਿਰ ਦੇਣ ਦੀ ਤਾਂਘ ਹੈ ਅਤੇ ਦੂਜੇ ਦੇ ਮਨ ਵਿਚ ਸਿਰ ਨੀਵਾਂ ਕਰਕੇ ਬਚ ਨਿਕਲਣ ਦੀ ਮਕਾਰੀ ਹੈ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਭਾਰਤ ਸਰਕਾਰ ਦੀਆਂ ਖੁਫੀਆ ਏਜੰਸੀਆਂ ਸ੍ਰੀ ਦਰਬਾਰ ਸਾਹਿਬ ’ਤੇ ਫੌਜੀ ਹਮਲੇ ਦਾ ਮਾਹੌਲ ਲਗਭਗ ਤਿਆਰ ਕਰਨ ਚੁੱਕੀਆਂ ਸਨ। ਖੁਫੀਆ ਏਜੰਸੀਆਂ ਅਤੇ ਭਾਰਤ ਦੇ ਹਿੰਦੀ, ਅੰਗਰੇਜੀ ਅਖਬਾਰਾਂ ਦੀ ਮਹੀਨਿਆਂਬੱਧੀ ਸਖਤ ਮਿਹਨਤ ਰੰਗ ਲੈ ਹੀ ਆਈ ਸੀ।ਭਾਰਤੀ ਅਖਬਾਰਾਂ ਵੱਲੋਂ ਸਿੱਖਾਂ ਖਿਲਾਫ ਅਜਿਹਾ ਨਫਰਤੀ ਮਾਹੌਲ ਤਿਆਰ ਕੀਤਾ ਗਿਆ, ਜਿਸ ਦੀ ਬਦੌਲਤ ਸਾਰੇ ਭਾਰਤ ਦੇ ਲੋਕ ਸਿੱਖਾਂ ਨੂੰ ਸਬਕ ਸਿਖਾਉਣ ਲਈ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਕੀਤੀ ਜਾ ਰਹੀ ਦੇਰੀ ਤੇ ਨਰਾਜ਼ਗੀ ਜਤਾਉਣ ਲੱਗੇ। ਦਰਬਾਰ ਸਾਹਿਬ ’ਤੇ ਫੌਜਾਂ ਚਾੜਨ ਦਾ ਮਾਹੌਲ ਬਿਲਕੁਲ ਤਿਆਰ ਹੋ ਚੁੱਕਾ ਸੀ। ਤਤਕਾਲੀ ਪੱਤਰਕਾਰਾਂ ਦੀਆਂ ਨਜ਼ਰਾਂ ਵਿੱਚ ਧਰਮਯੁੱਧ ਮੋਰਚਾ ਪੰਜਾਬ ਦੀਆਂ ਹੱਕੀ ਮੰਗਾਂ ਲਈ ਨਹੀਂ ਬਲਕਿ ਅਲੱਗਵਾਦ ਅਤੇ ਦੇਸ਼ ਦੀ ਏਕਤਾ ਅਖੰਡਤਾ ਲਈ ਖਤਰਾ ਹੀ ਦਰਸਾਇਆ ਜਾ ਰਿਹਾ ਸੀ। ਭਾਰਤੀ ਮੀਡੀਏ ਨੇ ਦੇਸ਼ ਦੀ ਫਿਜਾ ਅੰਦਰ ਨਫਰਤ ਦਾ ਅਜਿਹਾ ਜਹਿਰ ਘੋਲ ਦਿੱਤਾ, ਜਿਸ ਦੀ ਬਦੌਲਤ ਬਹੁਗਿਣਤੀ ਹਿੰਦੂ ਸਮਾਜ ਦਾ ਪੜਿਆ ਲਿਖਿਆ ਵਰਗ ਦੇਸ਼ ਦੀ ਏਕਤਾ ਅਤੇ ਅਖੰਡਤਾ ਬਚਾਉਣ ਦੇ ਭਾਵਨਾਤਿਮਕ ਨਾਹਰਿਆਂ ਤੋਂ ਪ੍ਰਭਾਵਤ ਹੋ ਕੇ ਸ੍ਰੀ ਦਰਬਾਰ ਸਾਹਿਬ ’ਤੇ ਫੌਜੀ ਹਮਲੇ ਦਾ ਹਾਮੀ ਹੋ ਚੁੱਕਾ ਸੀ ।ਹਰ ਚਿਹਰੇ ’ਤੇ ਸ੍ਰੀ ਦਰਬਾਰ ਸਾਹਿਬ ’ਤੇ ਹਮਲੇ ਨੂੰ ਲੈ ਕੇ ਉਤਸੁਕਤਾ ਦਿਖਾਈ ਦੇ ਰਹੀ ਸੀ। ਸਿੱਖ ਇਤਿਹਾਸ ਅਤੇ ਸਿੱਖੀ ਦੀਆਂ ਮਹਾਨ ਪ੍ਰੰਪਰਾਵਾਂ ਤੋਂ ਬੇਖਬਰ ਬਹੁਗਿਣਤੀ ਭਾਰਤੀ ਲੋਕਾਂ ਦੀ ਨਜਰ ਵਿੱਚ ਸ੍ਰੀ ਦਰਬਾਰ ਸਾਹਿਬ ਹੁਣ ਪਵਿੱਤਰ ਧਰਮ ਅਸਥਾਨ ਨਾ ਹੋ ਕੇ ਕਤਲਾਂ, ਗੁਨਾਹਗਾਰਾਂ ਅਤੇ ਪੇਸ਼ੇਵਰ ਮੁਜਰਮਾਂ ਦੀ ਪਨਾਹਗਾਹ ਤੋਂ ਵੱਧ ਕੁੱਝ ਵੀ ਨਹੀਂ ਸੀ, ਕਿਉਂਕਿ ਲੋਕ ਮਨਾਂ ’ਤੇ ਭਾਰਤੀ ਮੀਡੀਏ ਦੇ ਬਹੁਤ ਲੰਮੇ ਨਫਰਤੀ ਪ੍ਰਚਾਰ ਨੇ ਅਪਣਾ ਜਾਦੂਈ ਅਸਰ ਛੱਡਿਆ ਸੀ।ਭਾਰਤੀ ਕਮਿਊਨਿਸਟ ਸਿੱਧੇ ਅਤੇ ਸਪੱਸ਼ਟ ਰੂਪ ਵਿੱਚ ਕੇਂਦਰ ਦੀ ਕਾਂਗਰਸ ਸਰਕਾਰ ਦੀ ਪਿੱਠ ’ਤੇ ਡਟ ਗਏ ਸਨ।ਸੋਵੀਅਤ ਰੂਸ ਤੋਂ ਭਾਰਤ ਨੂੰ ਟੋਟੇ ਟੋਟੇ ਕਰਨ ਲਈ ਅਮਰੀਕਾ ਅਤੇ ਪਾਕਿਸਤਾਨ ਦੀਆਂ ਸਾਜਿਸ਼ਾਂ ਦੀ ਸਖਤ ਨਿਖੇਧੀ ਦੇ ਬਿਆਨ ਭਾਰਤੀ ਕਾਮਰੇਡਾਂ ਲਈ ਮਾਰਗ ਦਰਸ਼ਨ ਦਾ ਕੰਮ ਕਰ ਰਹੇ ਸਨ। ਸੋਵੀਅਤ ਯੂਨੀਅਨ ਦੀ ਖ਼ੁਫੀਆ ਏਜੰਸੀ ਕੇ ਜੀ ਬੀ ਇਸ ਸਬੰਧ ਵਿੱਚ ਪ੍ਰਮੁੱਖ ਭੂਮਿਕਾ ਅਦਾ ਕਰ ਰਹੀ ਸੀ। ਸੋਵੀਅਤ ਯੂਨੀਅਨ ਨੂੰ ਆਪਣਾ ਮੱਕਾ ਸਮਝਣ ਵਾਲੇ ਭਾਰਤੀ ਕਾਮਰੇਡਾਂ ਲਈ ਰੂਸ ਦੀਆਂ ਨੀਤੀਆਂ ਤੇ ਇੰਨ ਬਿੰਨ ਪਹਿਰਾ ਦੇਣਾ ਹੀ ਅਸਲ ਕਮਿਊਨਿਸਟ ਹੋਣ ਦਾ ਪ੍ਰਮਾਣ ਸੀ, ਇਸ ਲਈ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਰਾਜੇਸ਼ਵਰ ਰਾਓ ਦੇ ਉਸ ਮੌਕੇ ਦੇ ਕਾਂਗਰਸ ਭਗਤੀ ਵਾਲੇ ਬਿਆਨ ਦਰਸਾਉਂਦੇ ਹਨ ਕਿ ਕਿਸ ਤਰਾਂ ਕਮਿਊਨਿਸਟਾਂ ਨੇ ਘੱਟ ਗਿਣਤੀ ਸਿੱਖ ਭਾਈਚਾਰੇ ਨੂੰ ਨਜਰਅੰਦਾਜ ਕਰਕੇ ਕੇਂਦਰ ਦੀ ਕਾਂਗਰਸ ਸਰਕਾਰ ਦੀ ਪਿੱਠ ਥਾਪੜੀ ਸੀ। ਜਦੋਂਕਿ ਅਜਿਹੇ ਇੱਕਾ ਦੁੱਕਾ ਪੱਤਰਕਾਰ ਵੀ ਸਨ, ਜਿਹੜੇ ਇਸ ਮਸਲੇ ਦੇ ਸਿਆਸੀ ਹੱਲ ਦੀ ਵਕਾਲਤ ਕਰਦੇ ਸਨ, ਪਰ ਉਨਾਂ ਦੀਆਂ ਖਬਰਾਂ/ਆਰਟੀਕਲ ਬਹੁਗਿਣਤੀ ਪੱਤਰਕਾਰਾਂ ਦੀਆਂ ਅੱਗ ਲਾਊ ਲਿਖਤਾਂ ਦੀ ਗਰਦਸ਼ ਵਿੱਚ ਹੀ ਗੁੰਮ ਹੋ ਕੇ ਦਮ ਤੋੜ ਜਾਂਦੇ ਰਹੇ। ਇਸ ਤਰਾਂ ਹੀ ਉਸ ਮੌਕੇ ਦੇ ਜਨਤਾ ਪਾਰਟੀ ਦੇ ਸਿਰਕੱਢ ਆਗੂ ਸੁਵਰਾਮਨੀਅਮ ਸੁਆਮੀ ਵੀ ਸਨ, ਜਿਹੜੇ ਉਸ ਮੱਚਦੀ ਅੱਗ ਵਿੱਚ ਸੰਤ ਭਿੰਡਰਾਂਵਾਲਿਆਂ ਨਾਲ ਮੁਲਾਕਾਤ ਕਰਨ ਲਈ ਲਗਾਤਾਰ ਤਿੰਨ ਦਿਨ 24 ਅਪ੍ਰੈਲ ਤੋਂ 27 ਅਪ੍ਰੈਲ (1984) ਤੱਕ ਸ੍ਰੀ ਦਰਬਾਰ ਸਾਹਿਬ ਅੰਦਰ ਰਹੇ ਸਨ। ਉਹਨਾਂ ਵੱਲੋਂ ਦਿੱਲੀ ਜਾ ਕੇ ਅਖਬਾਰਾਂ ਨੂੰ ਦਿੱਤੇ ਬਿਆਨਾਂ ਵਿੱਚ ਸਰਕਾਰ ਨੂੰ ਸਪੱਸ਼ਟ ਚਿਤਾਵਨੀ ਦਿੱਤੀ ਸੀ ਕਿ ਜੇਕਰ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ’ਤੇ ਫੌਜੀ ਹਮਲਾ ਕੀਤਾ ਤਾਂ ਇਹ ਸਰਕਾਰ ਦੀ ਵੱਡੀ ਭੁੱਲ ਹੋਵੇਗੀ। ਉਨਾਂ ਇਹ ਵੀ ਕਿਹਾ ਸੀ ਕਿ ਜੇਕਰ ਭਾਰੀ ਗੋਲਾਬਾਰੀ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦਾ ਨੁਕਸਾਨ ਹੋ ਗਿਆ ਤਾਂ ਭਾਰਤ ਦਾ ਇੱਕ ਰਹਿਣ ਦਾ ਸੁਪਨਾ ਅਤੇ ਸੰਕਲਪ ਤਹਿਸ ਨਹਿਸ ਹੋ ਜਾਵੇਗਾ। ਉਨਾਂ ਨੇ ਬਿਲਕੁਲ ਦਰੁਸਤ ਭਵਿੱਖਵਾਣੀ ਕਰਦਿਆਂ ਲਿਖਿਆ ਸੀ ਕਿ ਇਸ ਫੌਜੀ ਹਮਲੇ ਨਾਲ ਸਿੱਖ ਮਨਾਂ ’ਤੇ ਅਜਿਹੇ ਸਦੀਵੀ ਜਖਮ ਹੋ ਜਾਣਗੇ, ਜਿਹੜੇ ਕਦੇ ਭਰੇ ਨਹੀਂ ਜਾ ਸਕਣਗੇ ਅਤੇ ਇਸ ਤੋਂ ਉਪਰੰਤ ਹੋਣ ਵਾਲਾ ਖ਼ੂਨ-ਖਰਾਬਾ ਵੀ ਰੁਕਣ ਵਾਲਾ ਨਹੀਂ ਹੋਵੇਗਾ।**(13 May, 1984 the illustrated weekly of india)** ਪ੍ਰੰਤੂ ਭਾਰਤ ਸਰਕਾਰ ਦੀ ਨੁਮਾਇੰਦਗੀ ਕਰਦੀ ਕਾਂਗਰਸ ਸਰਕਾਰ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਪਿੱਠ ਉਪਰ ਖੜੀਆਂ ਬਹੁ ਗਿਣਤੀ ਕੱਟੜ ਤੇ ਫਿਰਕਾਪ੍ਰਸਤ ਤਾਕਤਾਂ ਨੇ ਉਨਾਂ ਨੂੰ ਅਜਿਹੀਆਂ ਲਿਖਤਾਂ ਵੱਲ ਧਿਆਨ ਦੇਣ ਦਾ ਮੌਕਾ ਹੀ ਨਹੀ ਦਿੱਤਾ ਅਤੇ ਨਾ ਹੀ ਉਹ ਖੁਦ (ਪ੍ਰਧਾਨ ਮੰਤਰੀ ਇੰਦਰਾ ਗਾਂਧੀ) ਉਸ ਮੌਕੇ ਸੁਬਰਾਮਨੀਅਮ ਸੁਆਮੀ ਵਰਗੇ ਲੀਡਰਾਂ ਦੀ ਪ੍ਰਵਾਹ ਕਰਨ ਦੀ ਲੋੜ ਸਮਝਦੀ ਸੀ।ਉਹ ਵੱਖਰੀ ਗੱਲ ਹੈ ਕਿ ਸ੍ਰੀ ਦਰਬਾਰ ਸਾਹਿਬ ’ਤੇ ਫੌਜੀ ਹਮਲੇ ਤੋਂ ਬਾਅਦ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਬਹੁਤ ਭੈਅ ਭੀਤ ਅਤੇ ਡਰ ਗਈ ਸੀ, ਜਿਸ ਦਾ ਖੁਲਾਸਾ ਬਾਅਦ ਵਿੱਚ ਪੱਤਰਕਾਰਾਂ ਨੂੰ ਦਿੱਤੀ ਇੰਟਰਵਿਊ ਵਿੱਚ ਸ੍ਰੀ ਸੁਬਰਾਮਨੀਅਮ ਸੁਆਮੀ ਨੇ ਕੀਤਾ ਹੈ। ਹਾਲਾਤ ਉਸ ਸਮੇਂ ਵਿਚ ਪ੍ਰਵੇਸ਼ ਕਰ ਚੁੱਕੇ ਸਨ ਜਦੋਂ ਸ਼੍ਰੋਮਣੀ ਅਕਾਲੀ ਦਲ ਦਾ ਪਿੱਛੇ ਮੁੜਨਾ ਸੰਭਵ ਨਹੀਂ ਸੀ। ਸਰਕਾਰ ਵੀ ਗੱਲਬਾਤ ਕਰਕੇ ਮਸਲਾ ਨਿਬੇੜਨ ਤੋਂ ਪਾਸੇ ਹਟ ਚੁੱਕੀ ਸੀ। ਨੀਮ ਫੌਜੀ ਦਲਾਂ ਦਾ ਘੇਰਾ ਦਿਨੋਂ ਦਿਨ ਤੰਗ ਹੁੰਦਾ ਜਾ ਰਿਹਾ ਸੀ। ਓਧਰ ਦਮਦਮੀ ਟਕਸਾਲ ਦੇ ਸਿੰਘਾਂ ਨੇ ਵੀ ਆਪਣੇ ਮੋਰਚੇ ਮੱਲ ਲਏ ਸਨ।ਹੁਣ ਦਰਬਾਰ ਸਾਹਿਬ ਕੰਪਲੈਕਸ ਅੰਦਰ ਹਥਿਆਰਾਂ ਨਾਲ ਸਜੇ ਦਮਦਮੀ ਟਕਸਾਲ ਦੇ ਸਿੰਘ ਦਿਖਾਈ ਨਹੀਂ ਸਨ ਦਿੰਦੇ। ਜਾਪਦਾ ਹੈ ਕਿ ਉਨਾਂ ਦੇ ਖੁਫੀਆ ਤੰਤਰ ਨੇ ਵੀ ਉਨਾਂ ਨੂੰ ਅਗਾਊਂ ਸੂਚਿਤ ਕਰ ਦਿੱਤਾ ਹੋਇਆ ਸੀ, ਕਿ ਬਹੁਤ ਥੋੜੇ ਸਮੇਂ ਦੇ ਅੰਦਰ ਹੀ ਫੌਜ ਦਾ ਵੱਡਾ ਹਮਲਾ ਹੋਣ ਵਾਲਾ ਹੈ ਜਿਸ ਕਰਕੇ ਸਿੰਘਾਂ ਨੇ ਆਪਣੇ ਮੋਰਚੇ ਮੱਲ ਲਏ ਸਨ।31 ਮਈ ਦੀ ਸ਼ਾਮ ਤੱਕ ਨੀਮ ਫੌਜੀ ਬਲਾਂ ਨੇ ਵੀ ਆਪਣੇ ਮੋਰਚੇ ਮੱਲ ਲਏ ਹਨ। ਘੇਰਾਬੰਦੀ ਤੰਗ ਕਰ ਦਿੱਤੀ ਗਈ ਹੈ। ਨੀਮ ਫੌਜੀ ਦਲਾਂ ਦੇ ਜਵਾਨ ਪਾੜ ਖਾਣੀਆਂ ਨਜ਼ਰਾਂ ਨਾਲ ਅਮਦਰ ਦੇ ਮਾਹੌਲ ਨੂੰ ਨਿਹਾਰ ਰਹੇ ਹਨ। ਸ੍ਰੀ ਦਰਬਾਰ ਸਾਹਿਬ ਅੰਦਰ ਵੀ ਚੁੱਪ ਪਸਰ ਗਈ ਹੈ।ਹਰ ਪਾਸੇ ਸਹਿਮ ਦਾ ਮਾਹੌਲ ਹੈ, ਚਹਿਲ ਪਹਿਲ ਕਿਧਰੇ ਦਿਖਾਈ ਨਹੀਂ ਦਿੰਦੀ, ਪਰ ਇਸ ਖੌਫਨਾਕ ਵਰਤਾਰੇ ਤੋਂ ਅਸਲੋਂ ਬੇਫਿਕਰ, ਜੀਵਨ ਤੋਂ ਸ਼ਹਾਦਤ ਵੱਲ ਵਧ ਰਹੇ ਤੀਰ ਵਾਲੇ ਮਹਾਂਪੁਰਖ ਬਾਬੇ ਭਿੰਡਰਾਂਵਾਲੇ ਦੀ ਉੱਚੀ ਤੇ ਗਰਜਵੀਂ ਆਵਾਜ ਵਿੱਚ ਇੱਕ ਬੋਲ ਗਾਇਨ ਕੀਤਾ ਜਾ ਰਿਹਾ ਹੈ, ਜਿਸ ਦੇ ਬੋਲ ਸਨ:- ‘ਸਿਰ ਦਿੱਤਿਆਂ ਬਾਝ ਨਹੀਂ ਰਹਿਣ, ਧਰਮ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ।’

ਇਸ ਵਿਚ ਕੋਈ ਸ਼ੱਕ ਨਹੀਂ ਦਮਦਮੀ ਟਕਸਾਲ ਦੇ ਮੁਖੀ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖਾਂ ਦੇ ਮਸਲੇ ਬੇਬਾਕੀ ਨਾਲ ਚੁੱਕਣ ਕਾਰਨ ਸਿਆਸਤ ਦੇ ਕੇਂਦਰ ਬਿੰਦੂ ਬਣ ਚੁੱਕੇ ਸਨ। ਅਕਤੂਬਰ 1983 ਵਿੱਚ ਢਿੱਲਵਾਂ ਬੱਸ ਕਾਂਡ ਦੌਰਾਨ 6 ਹਿੰਦੂ ਮਾਰੇ ਗਏ ਤੇ ਪੰਜਾਬ ਵਿਚ ਕਾਂਗਰਸ ਦੀ ਦਰਬਾਰਾ ਸਿੰਘ ਸਰਕਾਰ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮ ਉੱਤੇ ਭੰਗ ਕਰ ਦਿੱਤਾ ਗਿਆ। ਸੰਤ ਭਿੰਡਰਾਂਵਾਲਿਆਂ ਨੇ ਹਿੰਦੂਆਂ ਦੇ ਮਾਰੇ ਜਾਣ ’ਤੇ ਅਫਸੋਸ ਪ੍ਰਗਟ ਕੀਤਾ ਪਰ ਮੀਡੀਏ ਨੇ ਇਸ ਨੂੰ ਪ੍ਰਮੁਖਤਾ ਨਾਲ ਨਾ ਛਾਪਿਆ। ਸਗੋਂ ਉਨਾਂ ਦੇ ਅਕਸ ਨੂੰ ਵਿਗਾੜਨ ਲਈ ਪੂਰਾ ਤਾਣ ਲਾਇਆ। ਪੰਜਾਬ ਵਿੱਚ ਸਰਕਾਰੀ ਤੇ ਗੈਰ ਸਰਕਾਰੀ ਹਿੰਸਾ ਦਾ ਦੌਰ ਸ਼ੁਰੂ ਹੋ ਚੁੱਕਿਆ ਸੀ ਤੇ 1984 ਵਿੱਚ ਜੂਨ ਤੱਕ ਹਿੰਸਕ ਵਾਰਦਾਤਾਂ ਵਿੱਚ ਦਰਜਨਾਂ ਆਮ ਲੋਕ ਅਤੇ ਪੁਲਿਸ ਮੁਲਾਜ਼ਮ ਮਾਰੇ ਜਾ ਚੁੱਕੇ ਸਨ। ਉਸ ਤੋਂ ਬਾਅਦ ਜੂਨ 1984 ਦੌਰਾਨ ਭਾਰਤੀ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਉੱਤੇ ਕੀਤਾ ਗਿਆ ਹਮਲਾ ‘ਅਪਰੇਸ਼ਨ ਬਲੂ ਸਟਾਰ’ ਵਜੋਂ ਜਾਣਿਆ ਜਾਂਦਾ ਹੈ। ਸਰਕਾਰ ਮੁਤਾਬਕ ਇਹ ਹਮਲਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਅਕਾਲ ਤਖ਼ਤ ਉੱਤੇ ਕਬਜ਼ਾ ਕਰੀ ਬੈਠੇ ਹਥਿਆਰਬੰਦ ਖਾੜਕੂਆਂ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਕੱਢਣ ਲਈ ਕੀਤਾ ਗਿਆ। ਹਮਲੇ ਦੌਰਾਨ ਫੌਜ ਦੀ ਅਗਵਾਈ ਕਰ ਰਹੇ ਜਨਰਲ ਕੁਲਦੀਪ ਸਿੰਘ ਬਰਾੜ ਦਾਅਵਾ ਕਰਦੇ ਹਨ ਕਿ ਭਿੰਡਰਾਂਵਾਲੇ ਜਾਂ ਉਨਾਂ ਦੇ ਸਾਥੀ ਵੱਖਰੇ ਰਾਜ ਖਾਲਿਸਤਾਨ ਦਾ ਐਲਾਨ ਕਰਨ ਵਾਲੇ ਸਨ ਅਤੇ ਉਨਾਂ ਨੂੰ ਪਾਕਿਸਤਾਨੀ ਫੌਜ ਦੀ ਮਦਦ ਮਿਲ ਸਕਦੀ ਸੀ। ਇਸ ਲਈ ਫੌਜੀ ਐਕਸ਼ਨ ਕਰਨਾ ਜ਼ਰੂਰੀ ਸੀ। ਪਰ ਸਿੱਖ ਵਿਦਵਾਨ ਤੇ ਸੰਤ ਭਿੰਡਰਾਂਵਾਲਿਆਂ ਦੇ ਸਲਾਹਾਕਾਰ ਰਹੇ ਡਾ. ਭਗਵਾਨ ਸਿੰਘ ਇਸ ਦਾਅਵੇ ਨੂੰ ਰੱਦ ਕਰਦੇ ਹਨ, ਉਨਾਂ ਮੁਤਾਬਕ ਇਹ ਯੋਜਨਾ ਪਹਿਲਾਂ ਗਿਣੀ-ਮਿਥੀ ਗਈ ਸੀ। ਸਿੱਖ ਆਗੂਆਂ ਮੁਤਾਬਕ ਇਸ ਹਮਲੇ ਰਾਹੀਂ ਦੇਸ਼ ਦੀਆਂ ਕੁਝ ਸਿਆਸੀ ਧਿਰਾਂ ਮੁਲਕ ਵਿੱਚ ਫਿਰਕੂ ਧਰੁਵੀਕਰਨ ਕਰਕੇ ਆਪਣੇ ਸਿਆਸੀ ਹਿੱਤ ਪੂਰਨਾ ਚਾਹੁੰਦੀਆਂ ਸਨ। ਸਰਕਾਰੀ ਵਾਈਟ ਪੇਪਰ ਮੁਤਾਬਕ ਹਮਲੇ ਵਿਚ 83 ਫੌਜੀ ਤੇ 493 ਆਮ ਲੋਕ ਮਾਰੇ ਗਏ। ਕੇਂਦਰੀ ਸਿੱਖ ਅਜਾਇਬ ਘਰ ਵਿੱਚ ਹਮਲੇ ਦੇ ਮ੍ਰਿਤਕਾਂ ਦੀ ਸੂਚੀ ਵਿੱਚ 743 ਨਾਂ ਸ਼ਾਮਲ ਹਨ। ਪੰਜਾਬ ਪੁਲਿਸ ਦੇ ਤਤਕਾਲੀ ਅਧਿਕਾਰੀ ਅਪਾਰ ਸਿੰਘ ਬਾਜਵਾ ਨੇ 2004 ਵਿੱਚ ਦੱਸਿਆ ਸੀ ਕਿ ਉਨਾਂ 800 ਲਾਸ਼ਾਂ ਆਪ ਗਿਣੀਆਂ ਸਨ। ਜਦਕਿ ਮਨੁੱਖੀ ਅਧਿਕਾਰ ਕਾਰਕੁਨ ਇੰਦਰਜੀਤ ਸਿੰਘ ਜੇਜੀ ਅਤੇ ਕਈ ਮੰਨੇ-ਪ੍ਰਮੰਨੇ ਪੱਤਰਕਾਰ ਤੇ ਵਿਦਵਾਨ ਮ੍ਰਿਤਕਾਂ ਦੀ ਗਿਣਤੀ 4,000 ਤੋਂ 5,000 ਦੱਸਦੇ ਹਨ।

1980 ਦੇ ਦਹਾਕੇ ਵਿਚ ਸਿੱਖਾਂ ਦਾ ਨਾਮ ਦੁਨੀਆਂ ਭਰ ਵਿੱਚ ਚਮਕਾਉਣ ਵਾਲੇ ਨੌਜਵਾਨ ਜਿਸਦੇ ਮਾਪਿਆਂ ਨੇ ਉਸ ਨੂੰ ਸੰਤ ਜਰਨੈਲ ਸਿੰਘ ਨਾਮ ਦਿੱਤਾ ਸੀ।ਸੰਤ ਜਰਨੈਲ ਸਿੰਘ ਦੇ ਨਾਮ ਨਾਲ ਸੰਤ ਤੇ ਭਿੰਡਰਾਂਵਾਲਾ ਸ਼ਬਦ ਉਦੋਂ ਜੁੜੇ ਜਦੋਂ ਉਹ ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦਾ ਪ੍ਰਚਾਰ ਤੇ ਪਸਾਰ ਕਰਨ ਵਾਲੀ ਸੰਸਥਾ ਦਮਦਮੀ ਟਕਸਾਲ ਦੇ ਮੁਖੀ ਚੁਣੇ ਗਏ। ਉਨਾਂ ਦਾ ਰਹੱਸਮਈ ਪਰ ਆਸਾਧਾਰਨ ਤਰੀਕੇ ਨਾਲ ਉਭਰਨਾ, ਪੰਜਾਬ ਦੇ ਹੱਕਾਂ ਦੀ ਲੜਾਈ ਦੇ ਸਭ ਤੋਂ ਖ਼ਤਰਨਾਕ ਦੌਰ ਵਿੱਚ ਪਹੁੰਚਣ ਬਾਰੇ ਕਾਫ਼ੀ ਕੁਝ ਬਿਆਨ ਕਰਦਾ ਹੈ। ਇਸ ਸੰਘਰਸ਼ ਨੂੰ ਕੌਮਾਂਤਰੀ ਪੱਧਰ ਉੱਤੇ ਸਿੱਖ ਕੌਮ ਨਾਲ ਜੋੜ ਕੇ ਵੀ ਦੇਖਿਆ ਜਾਂਦਾ ਹੈ। ਇਹ ਅੰਦੋਲਨ ਭਾਰਤ ਸਰਕਾਰ ਦੀ ਤਾਕਤ ਨਾਲ ਲੜਨ ਵਿੱਚ ਭਾਵੇਂ ਨਾਕਾਮ ਦਿੱਸ ਰਿਹਾ ਹੈ ਪਰ ਸੰਤ ਭਿੰਡਰਾਵਾਲਿਆਂ ਦੀ ਸ਼ਖ਼ਸੀਅਤ ਅਤੇ ਸੋਚ ਅੱਜ ਵੀ ਜ਼ਿੰਦਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿੱਚ ਜਿਸ ਆਗੂ ਦੀ ਤਸਵੀਰਾ ਸਭ ਤੋਂ ਵੱਧ ਵਿਕੀ ਹੈ, ਉਹ ਨੇ ਸੰਤ ਜਰਨੈਲ ਸਿੰਘ ਭਿੰਡਰਾਵਾਲੇ।

ਸੰਤ ਭਿੰਡਰਾਂਵਾਲੇ ਸਿਰਫ ਸਿੱਖ ਕੌਮ ਦਾ ਸਨਮਾਨ ਚਹੁੰਦੇ ਸਨ ਅਤੇ ਭਾਰਤ ਵਿੱਚ ਸਿੱਖਾਂ ਨੂੰ ਬਰਾਬਰ ਦੇ ਸ਼ਹਿਰੀ ਮੰਨਣ ਲਈ ਸੰਘਰਸ਼ ਕਰਦੇ ਸਨ।ਉਹ ਸਿੱਖਾਂ ਨੂੰ ਹੋਰਾਂ ਕੌਮਾਂ ਨਾਲੋਂ ਵੱਖਰਾ ਮੰਨਦੇ ਸਨ। ਕੋਈ ਵਿਅਕਤੀ ਕਿਸੇ ਲਈ ਹੀਰੋ ਹੋ ਸਕਦਾ ਹੈ ਤਾਂ ਦੂਜੇ ਲਈ ਅੱਤਵਾਦੀ। ਇਹ ਗੱਲ ਸਿਧਾਂਤਕ ਵਖਰੇਵੇਂ ਵਾਲੀ ਧਾਰਨਾ ਉੱਤੇ ਆਧਾਰਤ ਹੈ ਜਿਸ ਵੇਲੇ ਸੰਤ ਭਿੰਡਰਾਂਵਾਲੇ ਨੇ ਦਮਦਮੀ ਟਕਸਾਲ ਦੇ ਮੁਖੀ ਦਾ ਅਹੁਦਾ ਸੰਭਾਲਿਆ ਸੀ

ਬਾਕੀ ਸਫ਼ਾ 30 ’ਤੇ



# ਹਾਈਕਮਾਨ ਕਰੇਗੀ ਕੈਪਟਨ ਤੇ ਸਿੱਧੂ ਦਾ ਭਵਿੱਖ ਤੈਅ

## ✪ ਸਿੱਧੂ ਸਣੇ ਬਹੁਤ ਸਾਰੇ ਵਿਧਾਇਕ ਕਾਂਗਰਸ ਕਮੇਟੀ ਅੱਗੇ ਰੱਖ ਚੁਕੇ ਨੇ ਆਪਣਾ ਪੱਖ ✪ ਕੇਂਦਰੀ ਕਮੇਟੀ ਵੱਲੋਂ ਸਿੱਧੂ ਨਾਲ ਦੋ ਘੰਟੇ ਤੱਕ ਮੁਲਾਕਾਤ ✪ ਹਾਈਕਮਾਂਡ ਕੋਲ ਕੈਪਟਨ ਸਿਵਾਏ ਹੋਰ ਕੋਈ ਬਦਲ ਨਹੀਂ ✪ ਆਪਣੇ ਸਟੈਂਡ 'ਤੇ ਕਾਇਮ ਹਾਂ: ਸਿੱਧੂ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਅੰਦਰੂਨੀ ਲੜਾਈ ਹੁਣ ਦਿੱਲੀ ਪਹੁੰਚ ਗਈ ਹੈ ਅਤੇ ਅਗਲੇ ਦਿਨਾਂ ਤੱਕ ਕਾਂਗਰਸ ਦੇ ਰਕਾਬ ਗੰਜ ਰੋਡ ਉੱਤੇ ਬਣੇ 15 ਨੰਬਰ ਬੰਗਲੇ ਵਿਚ ਕਾਂਗਰਸ ਹਾਈ ਕਮਾਂਡ ਵੱਲੋਂ ਗਠਿਤ ਕੀਤੀ ਗਈ ਤਿੰਨ ਮੈਂਬਰੀ ਕਮੇਟੀ ਪੰਜਾਬ ਕਾਂਗਰਸ ਦੇ ਆਗੂਆਂ ਨਾਲ ਗੱਲਬਾਤ ਕੀਤੀ ਹੈ।ਪੰਜਾਬ ਕਾਂਗਰਸ ਦੀ ਅੰਦਰੂਨੀ ਲੜਾਈ ਪਿਛਲੇ ਕਰੀਬ ਇੱਕ ਮਹੀਨੇ ਤੋਂ ਚੱਲ ਰਹੀ ਹੈ ਅਤੇ ਹੁਣ ਸਥਿਤੀ ਨੂੰ ਸੰਭਾਲਣ ਦੇ ਲਈ ਕਾਂਗਰਸ ਹਾਈ ਕਮਾਂਡ ਨੇ ਤਿੰਨ ਮੈਂਬਰੀ ਕਮੇਟੀ ਪਿਛਲੇ ਦਿਨੀਂ ਬਣਾਈ ਹੈ। ਕਮੇਟੀ ਦੇ ਚੇਅਰਮੈਨ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਮਲਿਕਾਰਜੁਨ ਖੜਗੇ ਹਨ, ਜਦ ਕਿ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਅਤੇ ਜੇ ਪੀ ਅਗਰਵਾਲ ਇਸ ਦੇ ਮੈਂਬਰ ਹਨ। ਕਾਂਗਰਸ ਦੇ ਨਾਰਾਜ ਧੜੇ ਦੇ ਆਗੂ ਮੰਨੇ ਜਾਂਦੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਸਮੇਤ 25 ਵਿਧਾਇਕਾਂ ਅਤੇ ਮੰਤਰੀਆਂ ਨੇ ਖੜਗੇ ਕਮੇਟੀ ਨਾਲ ਮੁਲਾਕਾਤ ਕਰ ਚੁਕੇ ਹਨ। ਕਾਂਗਰਸ ਹਾਈ ਕਮਾਂਡ ਦੀ ਇਹ ਕਮੇਟੀ ਤਿੰਨ ਦਿਨ ਕਾਂਗਰਸ ਆਗੂਆਂ ਨਾਲ ਗੱਲਬਾਤ ਕਰੇਗੀ ।ਹਰ ਰੋਜ ਇਹ ਕਮੇਟੀ 25 ਵਿਧਾਇਕਾਂ ਅਤੇ ਕਾਂਗਰਸੀ ਆਗੂਆਂ ਨੂੰ ਮਿਲ ਰਹੀ ਹੈ। ਕੈਪਟਨ ਅਤੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਗਲੇ ਦਿਨਾਂ ਵਿੱਚ ਕਮੇਟੀ ਅੱਗੇ ਪੇਸ਼ ਹੋ ਕੇ ਆਪਣਾ ਪੱਖ ਰੱਖਣਗੇ। ਉੱਧਰ ਰਾਹੁਲ ਗਾਂਧੀ ਨੇ ਵੀ ਪੰਜਾਬ ਦੇ ਵਿਧਾਇਕਾਂ ਨਾਲ ਫੋਨ 'ਤੇ ਰਾਬਤਾ ਬਣਾ ਕੇ ਜਾਣਕਾਰੀ ਇਕੱਤਰ ਕੀਤੀ ਹੈ। ਦਿੱਲੀ ਵਿੱਚ ਮੀਟਿੰਗ ਦੌਰਾਨ ਅਹਿਮ ਗੱਲ ਇਹ ਰਹੀ ਕਿ ਹਰ ਵਿਧਾਇਕ ਤੇ ਮੰਤਰੀ ਨੂੰ ਖੜਗੇ ਕਮੇਟੀ ਨੇ ਜਿੱਥੇ 10 ਤੋਂ 15 ਮਿੰਟ ਦਾ ਸਮਾਂ ਦਿੱਤਾ ਉਥੇ ਨਵਜੋਤ ਸਿੰਘ ਸਿੱਧੂ ਨਾਲ 2 ਘੰਟਿਆਂ ਤੱਕ ਮੁਲਾਕਾਤ ਕੀਤੀ। ਕਮੇਟੀ ਵੱਲੋਂ ਇਸ ਸਾਬਕਾ ਮੰਤਰੀ ਨੂੰ ਮੀਟਿੰਗ ਲਈ ਜ਼ਿਆਦਾ ਸਮਾਂ ਦੇਣਾ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਕਮੇਟੀ ਮੈਂਬਰਾਂ ਨੂੰ ਮਿਲੇ ਕਈ ਵਿਧਾਇਕਾਂ ਨੇ ਕਿਹਾ ਕਿ ਸੂਬੇ ਦੇ ਤਾਜ਼ਾ ਸਿਆਸੀ ਹਾਲਾਤ ਦੇ ਮੱਦੇਨਜ਼ਰ ਜ਼ਿਆਦਾਤਰ ਵਿਧਾਇਕ ਮੁੱਖ ਮੰਤਰੀ ਕੈਪਟਨ ਖਲਿਾਫ ਭੁਗਤੇ ਹਨ। ਇਨਾਂ ਵਿਧਾਇਕਾਂ ਨੇ ਇਹ ਵੀ ਦੱਸਿਆ ਕਿ ਜ਼ਿਆਦਾਤਰ ਵਿਧਾਇਕ ਭਾਵੇਂ ਨਵਜੋਤ ਸਿੱਧੂ ਨੂੰ ਵੱਡੀ ਜ਼ਿੰਮੇਵਾਰੀ ਦੇਣ ਦੇ ਹੱਕ 'ਚ ਨਹੀਂ ਪਰ ਕਾਂਗਰਸ ਆਗੂਆਂ ਦਾ ਇਹ ਜ਼ਰੂਰ ਮੰਨਣਾ ਹੈ ਕਿ ਆਗਾਮੀ ਵਿਧਾਨ ਸਭਾ ਚੋਣਾਂ ਲਈ ਸਿੱਧੂ ਸਹਾਈ ਹੋ ਸਕਦਾ ਹੈ। ਸੂਤਰਾਂ ਦਾ ਦੱਸਣਾ ਹੈ ਕਿ ਖੜਗੇ ਕਮੇਟੀ ਅਤੇ ਰਾਹੁਲ ਗਾਂਧੀ ਵੱਲੋਂ ਪਾਰਟੀ ਅੰਦਰੀ ਖਾਨਾਜੰਗੀ ਦੇ ਹੱਲ ਲਈ ਵਿਸਥਾਰਤ ਜਾਣਕਾਰੀ ਹਾਸਲ ਕੀਤੀ ਜਾ ਰਹੀ ਹੈ। ਰਾਹੁਲ ਗਾਂਧੀ ਵੱਲੋਂ ਤਾਂ ਟਰਾਂਸਪੋਰਟ, ਕੇਬਲ ਮਾਫੀਆ, ਬੇਅਦਬੀ ਕਾਂਡ ਤੇ ਹੋਰਨਾਂ ਮੁੱਦਿਆਂ ਬਾਰੇ ਵੀ ਵਿਧਾਇਕਾਂ ਤੇ ਮੰਤਰੀਆਂ ਦਾ ਪੱਖ ਲਿਆ ਜਾ ਰਿਹਾ ਹੈ। ਕਮੇਟੀ ਵੱਲੋਂ ਸਾਰੇ ਵਿਧਾਇਕਾਂ ਅਤੇ ਮੰਤਰੀਆਂ ਦਾ ਪੱਖ ਜਾਣਨ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਨਾਲ ਮੁਲਾਕਾਤ ਕੀਤੀ ਜਾ ਰਹੀ ਹੈ। ਸਿੱਧੂ ਨੇ ਮੀਟਿੰਗ ਤੋਂ ਬਾਅਦ ਕਿਹਾ ਕਿ ਕਾਂਗਰਸ ਦੇ ਸੀਨੀਅਰ ਆਗੂਆਂ ਦੇ ਮੂਹਰੇ ਪੰਜਾਬ ਤੇ ਪੰਜਾਬੀਅਤ ਦਾ ਮੁੱਦਾ ਰੱਖਿਆ ਹੈ। ਉਨਾਂ ਕਿਹਾ, 'ਮੈਂ ਆਪਣੇ ਸਟੈਂਡ 'ਤੇ ਕੱਲ ਵੀ ਖੜਾ ਸੀ ਤੇ ਅੱਜ ਵੀ ਕਾਇਮ ਹਾਂ।'



### ਖਹਿਰਾ ਸਮੇਤ 2 'ਆਪ' ਵਿਧਾਇਕ ਕਾਂਗਰਸ 'ਚ ਸ਼ਾਮਲ

**ਚੰਡੀਗੜ/ਏ.ਟੀ.ਨਿਊਜ਼ :** ਆਮ ਆਦਮੀ ਪਾਰਟੀ ਦੇ ਬਾਗੀ ਵਿਧਾਇਕ ਸੁਖਪਾਲ ਸਿੰਘ ਖਹਿਰਾ, ਪਿਰਮਲ ਸਿੰਘ ਤੇ ਜਗਦੇਵ ਕਮਾਲੂ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਕੈਪਟਨ ਅਮਰਿੰਦਰ ਸਿੰਘ ਇਨਾਂ ਤਿੰਨਾਂ ਆਗੂਆਂ ਨੂੰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਦੀ ਹਾਜ਼ਰੀ ਵਿਚ ਕਾਂਗਰਸ ਜੁਆਇਨ ਕਰਵਾਈ। ਤਿੰਨੇ ਆਪ ਵਿਧਾਇਕਾਂ ਨੂੰ ਆਪਣੇ ਹੈਲੀਕਾਪਟਰ ਰਾਹੀਂ ਦਿੱਲੀ ਲੈ ਗਏ ਹਨ।

ਦੱਸਿਆ ਜਾਂਦਾ ਹੈ ਕਿ ਸੁਖਪਾਲ ਖਹਿਰਾ ਨੂੰ ਕਾਂਗਰਸ ਵਿਚ ਵਾਪਸੀ ਕਰਵਾਉਣ ਲਈ ਪ੍ਰਿਯੰਕਾ ਗਾਂਧੀ ਦਾ ਵੱਡਾ ਰੋਲ ਹੈ। ਪਿਛਲੇ ਦਿਨਾਂ ਵਿਚ ਕਿਸਾਨ ਆਗੂ ਨਵਦੀਪ ਸਿੰਘ ਡਿਬਡਿਬਾ ਦੇ ਭੋਗ ਸਮਾਗਮ ਦੌਰਾਨ ਰੁਦਰਪੁਰ ਵਿਖੇ ਸੁਖਪਾਲ ਖਹਿਰਾ, ਪ੍ਰਿਅੰਕਾ ਗਾਂਧੀ ਤੇ ਰਣਦੀਪ ਸੁਰਜੇਵਾਲਾ ਸ਼ਾਮਲ ਹੋਏ ਸਨ। ਜਦੋਂ ਸੁਖਪਾਲ ਖਹਿਰਾ ਸੰਬੋਧਨ ਕਰ ਰਹੇ ਸਨ ਤਾਂ ਪ੍ਰਿਅੰਕਾ ਗਾਂਧੀ ਖਹਿਰਾ ਦੇ ਭਾਸ਼ਣ ਤੋਂ ਪ੍ਰਭਾਵਿਤ ਹੋ ਗਈ। ਦੱਸਿਆ ਜਾਂਦਾ ਹੈ ਕਿ ਪ੍ਰਿਯੰਕਾ ਗਾਂਧੀ ਨੇ ਇਸ ਸਬੰਧ ਵਿਚ ਪੁੱਛਿਆ ਤਾਂ ਸੁਰਜੇਵਾਲਾ ਨੇ ਜਵਾਬ ਦਿੱਤਾ ਕਿ ਇਹ ਕਾਂਗਰਸੀ ਸੀ ਪਰ ਕਿਸੇ ਕਾਰਨ ਆਪ ਵਿੱਚ ਚਲੇ ਗਏ ਤੇ ਉਨਾਂ ਦੀ ਆਪ ਆਗੂਆਂ ਨਾਲ ਅਣਬਣ ਚੱਲ ਰਹੀ ਹੈ ਜਿਸ ਤੋਂ ਬਾਅਦ ਪ੍ਰਿਅੰਕਾ ਗਾਂਧੀ ਨੇ ਸੁਰਜੇਵਾਲਾ ਨੂੰ ਖਹਿਰਾ ਨਾਲ ਮਿਲਣ ਦੀ ਇੱਛਾ ਪ੍ਰਗਟ ਕੀਤੀ।

**ਖੁਫੀਆ ਵਿੰਗ ਕਰ ਰਿਹੈ ਰਿਪੋਰਟਾਂ ਤਿਆਰ**

ਪੰਜਾਬ ਪੁਲਿਸ ਦੇ ਖੁਫੀਆ ਵਿੰਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਸਰਕਾਰ ਨੇ ਮੰਤਰੀਆਂ ਅਤੇ ਵਿਧਾਇਕਾਂ ਸਬੰਧੀ ਖੁਫੀਆ ਵਿੰਗ ਤੋਂ ਰਿਪੋਰਟਾਂ ਤਿਆਰ ਕਰਾਈਆਂ ਹਨ ਕਿ ਕਿਹੜਾ ਕਿਹੜਾ ਵਿਧਾਇਕ ਗੈਰ-ਕਾਨੂੰਨੀ ਧੰਦੇ ਕਰ ਰਿਹਾ ਹੈ। ਖੁਫੀਆ ਵਿੰਗ ਦੀਆਂ ਰਿਪੋਰਟਾਂ ਖੜਗੇ ਕਮੇਟੀ ਦੇ ਸਾਹਮਣੇ ਰੱਖੀਆਂ ਜਾਣ ਦੇ ਆਸਾਰ ਹਨ। ਮੁੱਖ ਮੰਤਰੀ ਨਾਲ ਮੁਲਾਕਾਤ ਤੋਂ ਬਾਅਦ ਹੀ ਕਮੇਟੀ ਵੱਲੋਂ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੂੰ ਰਿਪੋਰਟ ਦਿੱਤੀ ਜਾਵੇਗੀ। ਯਾਦ ਰਹੇ ਕਿ ਇੱਕ ਕਮੇਟੀ ਕੋਈ ਫੈਸਲਾ ਨਹੀਂ ਲੈ ਸਕਦੀ, ਸਿਰਫ ਆਪਣੀ ਰਿਪੋਰਟ ਹਾਈ ਕਮਾਂਡ ਨੂੰ ਭੇਜੇਗੀ ਅਤੇ ਉਹ ਤੈਅ ਕਰੇਗੀ ਇਸ ਮਸਲੇ ਦਾ ਹੱਲ ਕਿਸ ਤਰੀਕੇ ਨਾਲ ਕਰਨਾ ਹੈ। ਜ਼ਿਕਰਯੋਗ ਹੈ ਕਿ ਗਾਂਧੀ ਅਤੇ ਕੈਪਟਨ ਦਰਮਿਆਨ ਸਬੰਧ ਕੋਈ ਜ਼ਿਆਦਾ ਸੁਖਾਵੇਂ ਨਹੀਂ ਮੰਨੇ ਜਾਂਦੇ। ਇਸ ਲਈ ਸਾਬਕਾ ਪ੍ਰਧਾਨ ਦੀਆਂ ਗਤੀਵਿਧੀਆਂ ਮੁੱਖ ਮੰਤਰੀ ਲਈ ਚੁਣੌਤੀ ਬਣ ਸਕਦੀਆਂ ਹਨ। ਰਾਹੁਲ ਗਾਂਧੀ ਦੇ ਸਰਗਰਮ ਹੋਣ ਨਾਲ ਬਾਗੀਆਂ ਦੇ ਹੌਸਲੇ ਵਧ ਗਏ ਹਨ ਜਦੋਂ ਕਿ ਸਿਆਸੀ ਮਾਹਿਰਾਂ ਮੁਤਾਬਕ ਕੈਪਟਨ ਵਰਗੇ ਸਿਆਸਤਦਾਨ ਨੂੰ ਕੁਰਸੀ ਤੋਂ ਲਾਹ ਕੇ ਉਸ ਦਾ ਬਦਲ ਲੱਭਣਾ ਕਾਂਗਰਸ ਅਤੇ ਗਾਂਧੀ ਪਰਿਵਾਰ ਲਈ ਵੱਡੀ ਚੁਣੌਤੀ ਹੈ।

**ਕਿਸ ਦੇ ਸਿਰ ਬੱਝੇਗਾ ਕਾਂਗਰਸ ਦਾ 'ਸਿਹਰਾ'**

ਕਾਂਗਰਸ ਹਾਈਕਮਾਨ ਪੰਜਾਬ ਵਿੱਚ ਪਾਰਟੀ ਅੰਦਰਲਾ ਕਲੇਸ਼ ਖਤਮ ਕਰਨ ਲਈ

ਬਾਕੀ ਸਫ਼ਾ 30 'ਤੇ

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

• California to Michigan, New Jersey Florida & Texas • Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਪੰਜਾਬ ਦੇ 138 'ਚੋਂ 109 ਬਲਾਕਾਂ ਵਿਚ ਪਾਣੀ ਦਾ ਪੱਧਰ ਬੁਰੀ ਤਰਾਂ ਡਿਗਿਆ

## ਝੋਨੇ ਦੀ ਸਿੱਧੀ ਬਿਜਾਈ ਲਈ ਜਾਗਰੂਕਤਾ ਦੀ ਘਾਟ




**ਪਟਿਆਲਾ/ਏ.ਟੀ.ਨਿਊਜ਼ :** ਧਰਤੀ ਵਿਚੋਂ ਨਿਰੰਤਰ ਪਾਣੀ ਕੱਢੇ ਜਾਣ ਕਾਰਨ ਪਿਛਲੇ ਚਾਰ ਦਹਾਕਿਆਂ ਤੋਂ ਸੂਬੇ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਚਿੰਤਾਜਨਕ ਪੱਧਰ ਤੱਕ ਘਟ ਗਿਆ ਹੈ । ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਦੇ 138 ਬਲਾਕਾਂ ਵਿਚੋਂ 109 ਬਲਾਕਾਂ ਨੂੰ ਧਰਤੀ ਹੇਠਲਾ ਪਾਣੀ ਬਹੁਤਾਤ 'ਚ ਕੱਢੇ ਜਾਣ ਕਾਰਨ ਜ਼ਿਆਦਾ ਸ਼ੋਸ਼ਣ ਕਰਨ ਵਾਲੇ ਬਲਾਕ ਐਲਾਨ ਦਿੱਤਾ ਗਿਆ ਹੈ ਜਦਕਿ ਸੂਬੇ ਦੇ ਬਚਦੇ 2 ਬਲਾਕ ਨਾਜ਼ੁਕ, 5 ਬਲਾਕ ਅਰਧ-ਨਾਜ਼ੁਕ ਤੇ 22 ਬਲਾਕਾਂ ਵਿਚ ਧਰਤੀ ਹੇਠਲਾ ਪਾਣੀ ਸੁਰੱਖਿਅਤ ਪਾਇਆ ਗਿਆ ਹੈ । ਹੁਣ ਤਾਂ ਇਹ ਅੰਕੜਾ ਹੋਰ ਵੀ ਚਿੰਤਾਜਨਕ ਸਥਿਤੀ ਵੱਲ ਵਧ ਰਿਹਾ ਹੈ ।ਸਾਲ 1984 'ਚ ਸੂਬੇ ਦੇ 118 ਬਲਾਕਾਂ ਵਿਚੋਂ 53 ਬਲਾਕਾਂ ਵਿਚ ਪਾਣੀ ਦੇ ਪੱਧਰ ਨੂੰ ਡਾਰਕ ਜ਼ੋਨ ਐਲਾਨ ਦਿੱਤਾ ਗਿਆ ਸੀ। ਅੰਕੜਿਆਂ ਅਨੁਸਾਰ ਸਾਲ 1980 ਵਿਚ ਪੰਜਾਬ 'ਚ 6 ਲੱਖ ਤੋਂ ਵੱਧ ਟਿਊਬਵੈੱਲ ਸਨ । ਇਹ ਅੰਕੜਾ ਸਾਲ 2017-18 ਦੌਰਾਨ 14 ਲੱਖ 76 ਹਜ਼ਾਰ ਤੱਕ ਪਹੁੰਚ ਗਿਆ ਸੀ । ਧਰਤੀ ਹੇਠਲਾ ਪਾਣੀ ਘਟਣ ਪਿੱਛੇ ਮਾਹਿਰ ਕਈ ਕਾਰਨ ਮੰਨਦੇ ਹਨ, ਜਿਨਾਂ 'ਚ ਪਹਿਲਾ ਕਾਰਨ ਸੂਬੇ ਵਿਚ ਝੋਨੇ ਦੀ ਕਾਸ਼ਤ ਹੇਠ ਰਕਬਾ ਵਧਣਾ ਤੇ ਪੰਜਾਬ ਵਿਚ ਪਿਛਲੇ 37 ਸਾਲ ਦੇ ਅਰਸੇ ਦੌਰਾਨ ਟਿਊਬਵੈੱਲਾਂ ਦੀ ਗਿਣਤੀ ਦੁਗਣੀ ਤੋਂ ਵੀ ਜ਼ਿਆਦਾ ਹੋਣਾ ਮੰਨਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਦੂਜਾ ਕਾਰਨ ਸੂਬਾ ਸਰਕਾਰ ਵਲੋਂ ਫ਼ਸਲੀ ਭਿੰਨਤਾਵਾਂ ਦਾ ਫ਼ਾਰਮੂਲਾ ਜ਼ਿਆਦਾਤਰ ਕਿਸਾਨਾਂ ਵਲੋਂ ਨਾ ਅਪਣਾਇਆ ਜਾਣਾ । ਤੀਜਾ, ਪੰਜਾਬ ਦੇ ਵਿਰਲੇ ਇਲਾਕਿਆਂ ਵਿਚ ਹੀ ਜ਼ਮੀਨ ਦੀ ਸਿੰਚਾਈ ਲਈ ਨਹਿਰੀ ਤੇ ਦਰਿਆਵਾਂ ਦੇ ਪਾਣੀ ਦੀ ਪਹੁੰਚ ਹੋਣ ਕਰਕੇ ਸੂਬੇ ਦੀ ਜ਼ਿਆਤਾਰ ਭੂਮੀ ਦੀ ਸਿੰਚਾਈ ਟਿਊਬਵੈੱਲਾਂ 'ਤੇ ਹੀ ਨਿਰਭਰ ਹੈ ।ਚੌਥਾ, ਭਾਰਤ ਤੇ ਪੰਜਾਬ 'ਚ ਸਮੇਂ ਦੀਆਂ ਸਰਕਾਰ ਵਲੋਂ ਕਿਸਾਨਾਂ ਨੂੰ ਰਵਾਇਤੀ ਫ਼ਸਲਾਂ ਨੂੰ ਛੱਡ ਕੇ ਹੋਰ ਫ਼ਸਲਾਂ ਵੱਲ ਆਕਰਸ਼ਿਤ ਕਰਨ ਵਾਲੀਆਂ ਨੀਤੀਆਂ ਬਣਾਉਣ ਵਿਚ ਅਸਫਲ ਰਹਿਣਾ ਤੇ ਪੰਜਵਾਂ ਕਾਰਨ ਸੂਬੇ ਵਿਚ ਧਰਤੀ ਹੇਠਲੇ ਪਾਣੀ ਨੂੰ ਦੁਬਾਰਾ ਭਰਨ ਲਈ ਰੀਚਾਰਜ ਖੂਹਾਂ ਦੀ ਘਾਟ ਹੋਣਾ ਮੰਨਿਆ ਜਾ ਰਿਹਾ ਹੈ। ਇਸ ਸਬੰਧੀ ਪੰਜਾਬ ਦੇ ਕਿਸਾਨਾਂ ਨੇ ਦੱਸਿਆ ਕਿ ਸੂਬੇ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਘਟਣ ਪਿੱਛੇ ਕੇਵਲ ਕਿਸਾਨ ਹੀ ਜ਼ਿੰਮੇਵਾਰ ਨਹੀਂ ਬਲਕਿ ਉਦਯੋਗ ਤੇ ਫ਼ੈਕਟਰੀਆਂ ਸਾਰਾ ਸਾਲ ਵੱਡੀ ਮਾਤਰਾ 'ਚ ਪਾਣੀ ਦੀ ਵਰਤੋਂ ਕਰਦੀਆਂ ਹਨ। ਕਿਸਾਨਾਂ ਦਾ ਕਹਿਣਾ ਸੀ ਕਿ ਜੇਕਰ ਸਰਕਾਰ ਹੋਰ ਫ਼ਸਲਾਂ ਦਾ ਮੰਡੀਕਰਨ ਕਰੇ, ਜਿਸ ਤੋਂ ਉਨਾਂ ਨੂੰ ਝੋਨੇ ਦੀ ਫ਼ਸਲ ਜਿੰਨੀ ਆਮਦਨ ਹੋਵੇ ਤਾਂ ਉਹ ਝੋਨਾ ਕਿਉਂ ਲਗਾਉਣਗੇ। ਉਹ ਝੋਨਾ ਛੱਡਣ ਨੂੰ ਤਿਆਰ ਹਨ ਜੇਕਰ ਸਰਕਾਰ ਹੋਰ ਫ਼ਸਲਾਂ ਰਾਹੀਂ ਉਨਾਂ ਦੀ ਆਮਦਨ ਯਕੀਨੀ ਬਣਾਵੇ । ਵੱਖ-ਵੱਖ ਜ਼ਿਲਿਆਂ ਦੇ ਕਿਸਾਨਾਂ ਅਨੁਸਾਰ ਧਰਤੀ ਹੇਠਲਾ ਪਾਣੀ ਘਟਣ ਪਿੱਛੇ ਹਮੇਸ਼ਾ ਕਿਸਾਨਾਂ ਨੂੰ ਜ਼ਿੰਮੇਵਾਰ ਕਿਹਾ ਜਾਂਦਾ ਹੈ ਜਦਕਿ ਖੇਤੀਬਾੜੀ ਵਿਭਾਗ ਦੇ ਅਕਸਰ ਦੇਰ ਨਾਲ ਜਾਗਣ ਦਾ ਹਰਜ਼ਾਨਾ ਸੂਬੇ ਦੇ ਕਿਸਾਨਾਂ ਨੂੰ ਭੁਗਤਣਾ ਪੈਂਦਾ ਹੈ । ਕਿਸਾਨਾਂ ਦਾ ਕਹਿਣਾ ਹੈ ਕਿ ਪਿੰਡ ਪੱਧਰ 'ਤੇ ਝੋਨੇ ਦੀ ਸਿੱਧੀ ਬਿਜਾਈ ਵਾਲੀਆਂ ਮਸ਼ੀਨਾਂ ਮੁਹੱਈਆ ਕਰਵਾਉਣ ਤੇ ਝੋਨੇ ਦੀ ਸਿੱਧੀ ਬਿਜਾਈ ਦੀ ਮਹੱਤਤਾ ਸਬੰਧੀ ਸੂਬੇ ਦੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਖੇਤੀਬਾੜੀ ਵਿਭਾਗ ਵਲੋਂ ਕੀਤੇ ਜਾਣ ਵਾਲੇ ਉਪਰਾਲਿਆਂ ਨੂੰ ਹਾਲੇ ਤੱਕ ਬੂਰ ਨਹੀਂ ਪਿਆ ਹੈ, ਜਿਸ ਕਾਰਨ ਕਿਸਾਨਾਂ ਨੂੰ ਮਜਬੂਰੀ ਵਿਚ ਮਹਿੰਗੇ ਭਾਅ ਝੋਨੇ ਦੀ ਸਿੱਧੀ ਬਿਜਾਈ ਨਿੱਜੀ ਮਸ਼ੀਨ ਮਾਲਕਾਂ ਤੋਂ ਕਰਵਾਉਣੀ ਪੈਂਦੀ ਹੈ।

# ਯੂ.ਪੀ. 'ਚ ਸਿੱਖ ਦੀ ਕੁੱਟਮਾਰ ਕਰਨ ਵਾਲੇ ਫਿਰਕੂਆਂ ਖ਼ਿਲਾਫ਼ ਕੇਸ ਦਰਜ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਯੂ.ਪੀ. ਦੇ ਲਖੀਮਪੁਰ ਖੀਰੀ ਵਿੱਚ ਇੱਕ ਸਿੱਖ ਵਿਅਕਤੀ ਦੀ ਕੁੱਟਮਾਰ ਅਤੇ ਕੇਸਾਂ ਤੇ ਦਸਤਾਰ ਦੀ ਬੇਅਦਬੀ ਕਰਨ ਦੇ ਦੋਸ਼ ਹੇਠ ਉਥੋਂ ਦੀ ਪੁਲਿਸ ਨੇ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਕੇ ਕੁਝ ਵਿਅਕਤੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਹੈ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਈ ਸੀ, ਜਿਸ ਵਿੱਚ ਕੁਝ ਲੋਕ ਬੇਰਹਿਮੀ ਨਾਲ ਬਜ਼ੁਰਗ ਸਿੱਖ ਨੂੰ ਕੁੱਟ ਰਹੇ ਸਨ। ਇਸ ਦਾ ਨੋਟਿਸ ਲੈਂਦਿਆਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਤਖਤ ਕੇਸਗੜ ਸਾਹਿਬ ਦੇ ਜਥੇਦਾਰ ਰਘੁਬੀਰ ਸਿੰਘ ਨੇ ਬੀਤੇ ਦਿਨ ਸ਼੍ਰੋਮਣੀ ਕਮੇਟੀ ਨੂੰ ਟੀਮ ਭੇਜ ਕੇ ਮਾਮਲੇ ਦੀ ਜਾਂਚ ਕਰਵਾਉਣ ਲਈ ਆਖਿਆ ਸੀ। ਭਾਰਤੀ ਸਿੱਖ ਸੰਗਠਨ ਦੇ ਆਗੂ ਜਸਬੀਰ ਸਿੰਘ ਵਿਰਕ ਨੇ ਪੀੜਤ ਸੁਖਜੀਤ ਸਿੰਘ ਦੇ ਬਿਆਨ ਦੀ ਵੀਡੀਓ ਸ੍ਰੀ ਅਕਾਲ ਤਖਤ 'ਤੇ ਭੇਜੀ ਹੈ। ਉਨਾਂ ਦੱਸਿਆ ਕਿ 19 ਮਈ ਨੂੰ ਵਾਪਰੇ ਹਾਦਸੇ ਦੌਰਾਨ ਪੰਜ ਜਣਿਆਂ ਦੀ ਮੌਤ ਹੋ ਗਈ ਸੀ, ਜਿਸ ਲਈ ਜ਼ਿੰਮੇਵਾਰ ਦੱਸਦਿਆਂ ਕੁਝ ਲੋਕਾਂ ਨੇ ਕਾਰ ਸਵਾਰ ਪੰਜਾਬੀਆਂ ਨੂੰ ਘੇਰ ਲਿਆ ਸੀ। ਕਾਰ ਸਵਾਰਾਂ ਨੂੰ ਬਚਾਉਣ ਲਈ ਸੁਖਜੀਤ ਸਿੰਘ ਮੌਕੇ 'ਤੇ ਗਏ ਪਰ ਕੁਝ ਲੋਕਾਂ ਨੇ ਉਸ ਦੀ ਕੁੱਟਮਾਰ ਦੇ ਨਾਲ ਉਸ ਦੀ ਦਸਤਾਰ ਤੇ ਕੇਸਾਂ ਦੀ ਬੇਅਦਬੀ ਕੀਤੀ ਸੀ।

## ਮਾਮਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਾਂਡ ਦਾ

# ਦੋ ਡੇਰਾ ਪ੍ਰੇਮੀਆਂ ਦੇ ਰਿਮਾਂਡ 'ਚ ਦੋ ਦਿਨ ਦਾ ਵਾਧਾ

**ਫਰੀਦਕੋਟ/ਏ.ਟੀ.ਨਿਊਜ਼ :** ਬੇਅਦਬੀ ਮਾਮਲੇ ਦੀ ਜਾਂਚ ਕਰ ਰਹੀ ਐੱਸਆਈਟੀ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਡੇਰਾ ਸਿਰਸਾ ਦੇ ਡੇਰਾ ਪ੍ਰੇਮੀਆਂ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਕਥਿਤ ਅਪਮਾਨ ਦਾ ਬਦਲਾ ਲੈਣ ਲਈ ਬੇਅਦਬੀ ਕਾਂਡ ਦੀ ਘਟਨਾ ਨੂੰ ਅੰਜਾਮ ਦਿੱਤਾ ਹੈ। ਐੱਸਆਈਟੀ ਦੇ ਪ੍ਰਮੁੱਖ ਮੈਂਬਰ ਰਜਿੰਦਰ ਸਿੰਘ ਸੋਹਲ ਏਆਈਜੀ ਨੇ ਦੱਸਿਆ ਕਿ ਅੱਜ ਵਿਵਾਦਤ ਪੋਸਟਰਾਂ ਦੇ ਮਾਮਲੇ ਵਿੱਚ ਰਿਮਾਂਡ ਖਤਮ ਹੋਣ 'ਤੇ ਜੁਡੀਸ਼ੀਅਲ ਮੈਜਿਸਟ੍ਰੇਟ ਮੈਡਮ ਤਰਜਾਨੀ ਦੀ ਅਦਾਲਤ ਵਿੱਚ ਪੇਸ਼ ਕੀਤੇ ਗਏ ਦੋ ਡੇਰਾ ਪ੍ਰੇਮੀਆਂ ਸੁਖਵਿੰਦਰ ਸਿੰਘ ਸੰਨੀ ਕੰਡਾ ਅਤੇ ਬਲਜੀਤ ਸਿੰਘ ਦਾ ਦੋ ਦਿਨ ਦਾ ਹੋਰ ਪੁਲਿਸ ਰਿਮਾਂਡ ਮਿਲ ਗਿਆ।

ਜਾਣਕਾਰੀ ਅਨੁਸਾਰ ਡੇਰੇ ਵੱਲੋਂ ਚੰਡੀਗੜ ਤੋਂ ਉਚੇਚੇ ਤੌਰ 'ਤੇ ਆਏ ਹਾਈਕੋਰਟ ਦੇ ਵਕੀਲ ਆਰ. ਕੇ. ਹਾਂਡਾ ਨੇ ਕਾਫੀ ਬਹਿਸ ਕੀਤੀ। ਐੱਸਆਈਟੀ ਦੀ ਪੜਤਾਲ ਮੁਤਾਬਿਕ ਡੇਰਾ ਸਿਰਸਾ ਦੀ ਕੌਮੀ ਕਮੇਟੀ ਦੇ ਮੈਂਬਰਾਂ ਹਰਸ਼ ਧੂਰੀ, ਸੰਦੀਪ ਬਰੇਟਾ ਅਤੇ ਪ੍ਰਦੀਪ ਕਲੇਰ ਦੀਆਂ ਹਦਾਇਤਾਂ ਤੋਂ ਬਾਅਦ ਮਹਿੰਦਰਪਾਲ ਬਿੱਟੂ ਦੀ ਅਗਵਾਈ ਹੇਠ ਡੇਰਾ ਪ੍ਰੇਮੀਆਂ ਨੇ ਬੇਅਦਬੀ ਕਾਂਡ ਦੀ ਘਟਨਾ ਨੂੰ ਅੰਜਾਮ ਦਿੱਤਾ। ਐੱਸਆਈਟੀ ਦੇ ਮੁਖੀ ਆਈ.ਜੀ. ਐੱਸਪੀਐੱਸ ਪਰਮਾਰ, ਐਸਆਈਟੀ ਦੇ ਪ੍ਰਮੁੱਖ ਮੈਂਬਰ ਰਜਿੰਦਰ ਸਿੰਘ ਸੋਹਲ ਵਲੋਂ ਉਕਤ ਮਾਮਲਿਆਂ ਦੀ ਬਹੁਤ ਡੂੰਘਾਈ ਨਾਲ ਜਾਂਚ ਜਾਰੀ ਹੈ।

# ਸੁਪਰੀਮ ਕੋਰਟ ਵਲੋਂ ਪੱਤਰਕਾਰ ਵਿਨੋਦ ਦੂਆ ਖਿਲਾ.ਫ ਦੇਸ਼ਧ੍ਰੋਹ ਦਾ ਕੇਸ ਖਾਰਜ

## ਕਿਹਾ ਕਿ ਹਰੇਕ ਪੱਤਰਕਾਰ ਸੁਰੱਖਿਆ ਦਾ ਹੱਕਦਾਰ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਸੁਪਰੀਮ ਕੋਰਟ ਨੇ ਉੱਘੇ ਪੱਤਰਕਾਰ ਵਿਨੋਦ ਦੂਆ ਨੂੰ ਵੱਡੀ ਰਾਹਤ ਦਿੰਦਿਆਂ ਉਨਾਂ ਖਲਿਾਫ ਦਰਜ ਦੇਸ਼ਧ੍ਰੋਹ ਦੇ ਕੇਸ ਨੂੰ ਰੱਦ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਲਿਾਫ ਆਪਣੇ ਯੂਟਿਊਬ ਸ਼ੋਅ 'ਤੇ ਪਿਛਲੇ ਸਾਲ ਕਥਿਤ ਟਿੱਪਣੀ ਕਰਨ 'ਤੇ ਸ੍ਰੀ ਦੂਆ ਖਲਿਾਫ ਦੇਸ਼ਧ੍ਰੋਹ ਦਾ ਕੇਸ ਦਰਜ ਕੀਤਾ ਗਿਆ ਸੀ। ਸੁਪਰੀਮ ਕੋਰਟ ਨੇ 1962 ਦੇ ਫੈਸਲੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਹਰੇਕ ਪੱਤਰਕਾਰ ਸੁਰੱਖਿਆ ਦਾ ਹੱਕਦਾਰ ਹੈ। ਉਂਝ ਜਸਟਿਸ ਯੂ ਯੂ ਲਲਿਤ ਅਤੇ ਵਿਨੀਤ ਸਾਰਨ 'ਤੇ ਆਧਾਰਿਤ ਬੈਂਚ ਨੇ ਸ੍ਰੀ ਦੂਆ ਵੱਲੋਂ ਕੀਤੀ ਗਈ ਉਸ ਬੇਨਤੀ ਨੂੰ ਰੱਦ ਕਰ ਦਿੱਤਾ ਜਿਸ 'ਚ ਉਨਾਂ ਕਿਹਾ ਸੀ ਕਿ ਕਮੇਟੀ ਵੱਲੋਂ ਪ੍ਰਵਾਨਗੀ ਮਿਲਣ ਤੱਕ 10 ਸਾਲ ਤੋਂ ਜ਼ਿਆਦਾ ਤਜਰਬੇ ਵਾਲੇ ਪੱਤਰਕਾਰ ਖਿਲਾਫ ਐੱਫਆਈਆਰ ਦਰਜ ਨਹੀਂ ਹੋਣੀ ਚਾਹੀਦੀ ਹੈ। ਬੈਂਚ ਨੇ ਕਿਹਾ ਕਿ ਇਹ ਕਾਰਜਪਾਲਿਕਾ ਦੇ ਅਧਿਕਾਰ ਖੇਤਰ 'ਚ ਦਖਲ ਦੇ ਬਰਾਬਰ ਹੋਵੇਗਾ। ਬੋਲਣ ਦੀ ਆਜਾਦੀ ਅਤੇ ਮੀਡੀਆ ਕਰਮੀਆਂ ਦੇ ਪ੍ਰਗਟਾਵੇ ਦੀ ਸੁਰੱਖਿਆ ਦੇ ਮੁੱਦੇ 'ਤੇ ਬੈਂਚ ਨੇ ਕਿਹਾ,'ਹਰੇਕ ਪੱਤਰਕਾਰ ਕੇਦਾਰ ਨਾਥ ਸਿੰਘ ਫੈਸਲੇ ਤਹਿਤ ਸੁਰੱਖਿਆ ਦਾ ਹੱਕਦਾਰ ਹੈ।' ਭਾਰਤੀ ਦੰਡ ਸੰਘਤਾ ਦੀ ਧਾਰਾ 124ਏ (ਦੇਸ਼ਧ੍ਰੋਹ) ਦੀ ਵੈਧਤਾ ਬਰਕਰਾਰ ਰੱਖਦਿਆਂ ਸਿਖਰਲੀ ਅਦਾਲਤ ਨੇ 1962 'ਚ ਫੈਸਲਾ ਸੁਣਾਇਆ ਸੀ ਕਿ ਸਰਕਾਰ ਦੇ ਕੰਮਾਂ ਦੀ ਆਲੋਚਨਾ ਲਈ ਨਾਗਰਿਕਾਂ ਖਲਿਾਫ ਦੇਸ਼ਧ੍ਰੋਹ ਦੇ ਦੋਸ਼ ਨਹੀਂ ਲਾਏ ਜਾ ਸਕਦੇ ਹਨ ਕਿਉਂਕਿ ਇਹ ਬੋਲਣ ਅਤੇ ਪ੍ਰਗਟਾਵੇ ਦੀ ਅਜ਼ਾਦੀ ਦੇ ਬਰਾਬਰ ਹੈ। ਬੈਂਚ ਨੇ ਪਿਛਲੇ ਸਾਲ 6 ਅਕਤੂਬਰ ਨੂੰ ਦੂਆ, ਹਿਮਾਚਲ ਪ੍ਰਦੇਸ਼ ਸਰਕਾਰ ਅਤੇ ਸ਼ਿਕਾਇਤਕਰਤਾ ਭਾਜਪਾ ਆਗੂ ਸ਼ਿਆਮ ਦਾ ਪੱਖ ਸੁਣਨ ਤੋਂ ਬਾਅਦ ਪਟੀਸ਼ਨ 'ਤੇ ਫੈਸਲਾ ਰਾਖਵਾਂ ਰੱਖ ਲਿਆ ਸੀ। ਸ਼ਿਆਮ ਨੇ ਦੋਸ਼ ਲਾਏ ਸਨ ਕਿ ਦੂਆ ਨੇ ਆਪਣੇ ਯੂਟਿਊਬ ਸ਼ੋਅ 'ਤੇ ਪ੍ਰਧਾਨ ਮੰਤਰੀ ਖਲਿਾਫ ਕੁਝ ਖਾਸ ਦੋਸ਼ ਲਾਏ ਸਨ। ਸੁਪਰੀਮ ਕੋਰਟ ਨੇ ਪਿਛਲੇ ਵਰੇ 14 ਜੂਨ ਨੂੰ ਐਤਵਾਰ ਨੂੰ ਕੇਸ ਦੀ ਸੁਣਵਾਈ ਕਰਦਿਆਂ ਵਿਨੋਦ ਦੂਆ ਨੂੰ ਰਾਹਤ ਦਿੰਦਿਆਂ ਅਗਲੇ ਹੁਕਮਾਂ ਤੱਕ ਗ੍ਰਿਫ਼ਤਾਰ ਨਾ ਕਰਨ ਦੇ ਹੁਕਮ ਸੁਣਾਏ ਸਨ ਪਰ ਉਨਾਂ ਖਿਲਾਫ ਚੱਲ ਰਹੀ ਜਾਂਚ 'ਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਸੀ। ਦੂਆ ਨੇ ਸੁਪਰੀਮ ਕੋਰਟ ਤੋਂ ਉਨਾਂ ਖਿਲਾਫ ਦਰਜ ਐੱਫਆਈਆਰ ਨੂੰ ਖਾਰਜ ਕਰਨ ਅਤੇ 'ਪ੍ਰੇਸ਼ਾਨੀ' ਲਈ 'ਮਿਸਾਲੀ ਮੁਆਵਜੇ' ਦੀ ਵੀ ਮੰਗ ਕੀਤੀ ਸੀ। ਉਨਾਂ ਕਿਹਾ ਹੈ ਕਿ ਪ੍ਰੈੱਸ ਦੀ ਆਜਾਦੀ ਸੰਵਿਧਾਨ ਦੀ ਧਾਰਾ 19(1)(ਏ) ਤਹਿਤ ਬੁਨਿਆਦੀ ਹੱਕ ਹੈ।

ਇਥੇ ਜਿਕਰਯੋਗ ਹੈ ਕਿ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਇਕ ਹੋਰ ਬੈਂਚ ਨੇ ਵੀ ਪ੍ਰਿੰਟ (ਛਾਪੇ ਜਾਂਦੇ) ਅਤੇ ਇਲੈਕਟ੍ਰਾਨਿਕ ਮੀਡੀਆ ਦੇ ਪੱਤਰਕਾਰਾਂ 'ਤੇ ਲਾਏ ਜਾ ਰਹੇ ਦੇਸ਼-ਧ੍ਰੋਹ ਦੇ ਦੋਸ਼ਾਂ ਬਾਰੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਸੀ ਕਿ ਸਮਾਂ ਆ ਗਿਆ ਹੈ ਕਿ ਤਾਜੀਰਾਤੇ-ਹਿੰਦ ਦੀਆਂ ਧਾਰਾਵਾਂ 124-ਏ, 153-ਏ ਅਤੇ 505 'ਤੇ ਨਜ਼ਰਸਾਨੀ ਕਰ ਕੇ ਇਨਾਂ ਦੀ ਪੁਨਰ-ਵਿਆਖਿਆ ਕੀਤੀ ਜਾਵੇ।

ਜਦ ਥਾਮਸ ਮੈਕਾਲੇ ਨੇ 1860 ਵਿਚ ਤਾਜੀਰਾਤੇ-ਹਿੰਦ ਦਾ ਖਰੜਾ ਬਣਾਇਆ ਤਾਂ ਇਸ ਧਾਰਾ (124-ਏ) ਨੂੰ ਲਾਗੂ ਕੀਤੇ ਗਏ ਕਾਨੂੰਨ ਦਾ ਹਿੱਸਾ ਨਹੀਂ ਸੀ ਬਣਾਇਆ ਗਿਆ। ਦਸ ਸਾਲਾਂ ਬਾਅਦ ਬਸਤੀਵਾਦੀ ਸਰਕਾਰ ਨੇ ਮਹਿਸੂਸ ਕੀਤਾ ਕਿ ਇਹ ਧਾਰਾ ਕਾਨੂੰਨ ਵਿਚ ਸ਼ਾਮਲ ਕੀਤੀ ਜਾਣੀ ਚਾਹੀਦੀ ਹੈ। ਬਾਲ ਗੰਗਾਧਰ ਤਿਲਕ, ਸਰਦਾਰ ਅਜੀਤ ਸਿੰਘ, ਲਾਲਾ ਲਾਜਪਤ ਰਾਏ, ਬਾਬਾ ਸੋਹਨ ਸਿੰਘ ਭਕਨਾ ਅਤੇ ਗਦਰ ਲਹਿਰ ਦੇ ਹੋਰ ਆਗੂਆਂ, ਮਹਾਤਮਾ ਗਾਂਧੀ, ਭਗਤ ਸਿੰਘ ਤੇ ਉਸ ਦੇ ਸਾਥੀਆਂ ਅਤੇ ਅਨੇਕ ਦੇਸ਼ ਭਗਤਾਂ 'ਤੇ ਇਸ ਕਾਨੂੰਨ ਤਹਿਤ ਮੁਕੱਦਮੇ ਚਲਾਏ ਗਏ ਅਤੇ ਸਜਾਵਾਂ ਦਿੱਤੀਆਂ ਗਈਆਂ। ਦੇਸ਼ ਭਗਤ ਸੱਚਮੁੱਚ ਲੋਕਾਂ ਨੂੰ ਬਸਤੀਵਾਦੀ ਸਰਕਾਰ ਦਾ ਤਖਤਾ ਪਲਟਾਉਣ ਲਈ ਉਤੇਜਿਤ ਕਰ ਰਹੇ ਸਨ ਪਰ ਆਜਾਦੀ ਤੋਂ ਬਾਅਦ



ਇਸ ਧਾਰਾ ਤਹਿਤ ਮੁਕੱਦਮੇ ਦਰਜ ਕੀਤੇ ਜਾਣ ਬਾਰੇ ਕਾਨੂੰਨਦਾਨਾਂ ਦੀ ਰਾਏ ਵੱਖਰੀ ਵੱਖਰੀ ਹੈ। ਕੇਦਾਰ ਨਾਥ ਸਿੰਘ ਕੇਸ ਵਿਚ ਸੁਪਰੀਮ ਕੋਰਟ ਦੀ ਰਾਏ ਇਹ ਬਣੀ ਸੀ ਕਿ ਜੇ ਕੋਈ ਵਿਅਕਤੀ ਆਪਣੇ ਕੰਮਾਂ ਜਾਂ ਸ਼ਬਦਾਂ ਰਾਹੀਂ ਜਨਤਕ ਅਮਨ-ਚੈਨ ਨੂੰ ਭੰਗ ਕਰਦਾ ਹੈ ਤਾਂ ਉਸ 'ਤੇ ਧਾਰਾ 124-ਏ ਤਹਿਤ ਕੇਸ ਦਰਜ ਕੀਤਾ ਜਾ ਸਕਦਾ ਹੈ। ਕਾਨੂੰਨੀ ਮਾਹਿਰਾਂ ਅਨੁਸਾਰ ਸੁਪਰੀਮ ਕੋਰਟ ਦੁਆਰਾ ਕੇਦਾਰ ਨਾਥ ਸਿੰਘ ਕੇਸ ਰਾਹੀਂ ਦਿੱਤੀ ਗਈ ਸੁਰੱਖਿਆ ਬਹੁਤ ਸੀਮਤ ਹੈ। ਇਹ ਫੈਸਲਾ ਬਸਤੀਵਾਦੀ ਅਦਾਲਤਾਂ ਦੇ ਪੁਰਾਣੇ ਫੈਸਲਿਆਂ ਤੋਂ ਪ੍ਰਭਾਵਿਤ ਸੀ ਅਤੇ ਸੰਵਿਧਾਨ ਦੁਆਰਾ ਦਿੱਤੇ ਗਏ ਮੌਲਿਕ ਅਧਿਕਾਰਾਂ ਖਾਸ ਕਰਕੇ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਨਾਲ ਮੇਲ ਨਹੀਂ ਖਾਂਦਾ।

ਭਾਰਤ ਵਿਚ ਇੱਕੀਵੀਂ ਸਦੀ ਵਿਚ ਵੀ ਡਾ. ਬਿਨਾਇਕ ਸੇਨ, ਕਾਰਟੂਨਿਸਟ ਅਸੀਮ ਤ੍ਰਿਵੇਦੀ ਅਤੇ ਸ਼੍ਰੀਆ ਸਿੰਗਲ ਦੇ ਕੇਸਾਂ ਵਿਚ ਸੁਪਰੀਮ ਕੋਰਟ ਨੇ ਰਾਏ ਦਿੱਤੀ ਹੈ ਕਿ ਕਿਸੇ ਨਾਗਰਿਕ ਦੀਆਂ ਟਿੱਪਣੀਆਂ ਨੂੰ ਸਰਕਾਰ ਵਿਰੁੱਧ ਬਹੁਤ ਇਤਰਾਜਯੋਗ ਹੋਣ ਦੇ ਬਾਵਜੂਦ ਵੀ ਦੇਸ਼-ਧ੍ਰੋਹ ਦੇ ਦਾਇਰੇ ਵਿਚ ਨਹੀਂ ਲਿਆਂਦਾ ਜਾ ਸਕਦਾ। ਪਿਛਲੇ ਦੋ ਦਹਾਕਿਆਂ ਵਿਚ ਅਰੁੰਧਤੀ ਰਾਏ, ਹਾਰਦਿਕ ਪਟੇਲ, ਕਨੱਈਆ ਕੁਮਾਰ ਸਮੇਤ ਬਹੁਤ ਸਾਰੇ ਲੇਖਕਾਂ, ਚਿੰਤਕਾਂ, ਸਮਾਜਿਕ ਕਾਰਕੁਨਾਂ ਅਤੇ ਸਿਆਸੀ ਆਗੂਆਂ ਵਿਰੁੱਧ ਦੇਸ਼-ਧ੍ਰੋਹ ਦੇ ਮੁਕੱਦਮੇ ਦਾਇਰ ਕੀਤੇ ਗਏ ਹਨ। 2019 ਵਿਚ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ 2016 ਤੋਂ 2019 ਵਿਚਕਾਰ ਦੇਸ਼-ਧ੍ਰੋਹ ਦੇ ਮੁਕੱਦਮਿਆਂ ਵਿਚ 165 ਫੀਸਦੀ ਵਾਧਾ ਹੋਇਆ। ਆਰਟੀਕਲ 14 ਨਾਂ ਦੀ ਸੰਸਥਾ ਅਨੁਸਾਰ ਪਿਛਲੇ ਦਹਾਕੇ ਵਿਚ ਦੇਸ਼-ਧ੍ਰੋਹ ਦੀ ਧਾਰਾ ਤਹਿਤ ਦਰਜ ਕੀਤੇ ਕੇਸਾਂ ਵਿਚ 96 ਫੀਸਦੀ ਮੌਜੂਦਾ ਕੇਂਦਰੀ ਸਰਕਾਰ ਦੇ ਰਾਜਕਾਲ ਦੌਰਾਨ ਦਰਜ ਕੀਤੇ ਗਏ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਧਾਰਾ ਨੂੰ ਵਿਚਾਰਾਂ ਦੇ ਪ੍ਰਗਟਾਵੇ ਨੂੰ ਦਬਾਉਣ ਦਾ ਹਥਿਆਰ ਬਣਾ ਲਿਆ ਗਿਆ ਹੈ। ਇਸ ਸਬੰਧ ਵਿਚ ਸਰਬਉੱਚ ਅਦਾਲਤ ਦਾ ਫੈਸਲਾ ਸਵਾਗਤਯੋਗ ਹੈ ਜਦੋਂਕਿ ਲੋਕਾਂ ਨੂੰ ਜਸਟਿਸ ਚੰਦਰਚੂੜ ਵਾਲੇ ਬੈਂਚ ਦੇ ਫੈਸਲੇ ਤੋਂ ਉਮੀਦ ਰਹੇਗੀ ਕਿ ਦੇਸ਼-ਧ੍ਰੋਹ ਬਾਰੇ ਕਾਨੂੰਨ ਦੀਆਂ ਧਾਰਾਵਾਂ ਦੀਆਂ ਹੱਦਾਂ ਭਾਰਤ ਦੇ ਸੰਵਿਧਾਨ ਦੁਆਰਾ ਦਿੱਤੇ ਗਏ ਮੌਲਿਕ ਅਧਿਕਾਰਾਂ ਅਨੁਸਾਰ ਨਿਸ਼ਚਿਤ ਕੀਤੀਆਂ ਜਾਣ ਅਤੇ ਇਹ ਯਕੀਨੀ ਬਣਾਇਆ ਜਾਏ ਕਿ ਸਰਕਾਰਾਂ ਤਾਜੀਰਾਤੇ-ਹਿੰਦ ਦੀ ਧਾਰਾ 124-ਏ ਦੀ ਦੁਰਵਰਤੋਂ ਨਾ ਕਰ ਸਕਣ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

04 ਜੂਨ 2021 ਤੋਂ 10 ਜੂਨ 2021

# ਤੀਜੇ ਘੱਲੂਘਾਰੇ ਨੂੰ ਕਿਵੇਂ ਯਾਦ ਕਰੀਏ ?

ਜੂਨ 1984 ਵਿੱਚ ਗੁਰੂ ਖਾਲਸਾ ਪੰਥ 'ਤੇ ਬਿਪਰ ਰਾਜ-ਹਉਂ ਵੱਲੋਂ ਕੀਤੇ ਬਹੁ-ਪਸਾਰੀ ਹਮਲੇ ਨੂੰ, ਸਿੱਖ ਤੀਜੇ ਘੱਲੂਘਾਰੇ ਵਜੋਂ ਯਾਦ ਕਰਦੇ ਹਨ। ਅੱਜ 37 ਵਰ੍ਹੇ ਬੀਤਣ ਤੋਂ ਬਾਅਦ ਵੀ ਦਿੱਲੀ ਦਰਬਾਰ ਦਾ ਕੋਈ ਤਰਕ ਇਸ ਜਬਰ ਦਾ ਭਾਰ ਨਹੀਂ ਝੱਲ ਸਕਿਆ ਅਤੇ ਨਾ ਹੀ ਝੱਲ ਸਕਦਾ ਹੈ। ਇਸ ਗੱਲ ਤੋਂ ਹਰ ਕੋਈ ਵਾਕਿਫ ਹੈ ਕਿ ਜੂਨ 1984 ਵਿੱਚ ਬਿਪਰ ਰਾਜ-ਹਉਂ (ਦਿੱਲੀ ਦਰਬਾਰ) ਨੇ ਤੀਜਾ ਘੱਲੂਘਾਰਾ ਰੂਹਾਨੀਅਤ ਦੇ ਕੇਂਦਰ, ਹਰਿਮੰਦਰ ਸਾਹਿਬ ਅਤੇ ਖਾਲਸਾਈ ਸੰਘਰਸ਼ ਦੇ ਸਦੀਵ ਧੁਰੇ ਅਕਾਲ ਤਖਤ ਸਾਹਿਬ ਨੂੰ ਤਬਾਹ ਕਰਨ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਜਨਰਲ ਸੁਬੇਗ ਸਿੰਘ ਅਤੇ ਭਾਈ ਅਮਰੀਕ ਸਿੰਘ ਜਿਹੀਆਂ ਜੀਵਨ-ਮੁਕਤ ਸਖ਼ਸ਼ੀਅਤਾਂ ਦੀ ਸ਼ਾਨ ਨੂੰ ਢਾਹ ਲਾ ਕੇ ਸਿੱਖ ਸੰਗਤ ਦੇ ਮਨੋਬਲ ਨੂੰ ਡੇਗਣ ਲਈ ਵਰਤਾਇਆ ਸੀ। ਬਿਪਰ ਦਾ ਅਸਲ ਮਨੋਰਥ ਸਿੱਖੀ ਦੇ ਨਿਆਰੇਪਣ ਨੂੰ ਮੇਟ ਕੇ ਇਸ ਨੂੰ ਬਿਪਰ ਪ੍ਰਬੰਧ ਵਿਚ ਜਜ਼ਬ ਕਰ ਲੈਣਾ ਸੀ। ਇਸ ਪਿੱਛੇ ਮੁੱਖ ਕਾਰਨ ਜਾਤ-ਪਾਤ ਅਤੇ ਊਚ-ਨੀਚ ਨਾਲ ਗ੍ਰਸਤ ਮਨੁੱਖਤਾ ਵਿਰੋਧੀ ਬਿਪਰਵਾਦ ਦਾ ਸਰਬੱਤ ਦੇ ਭਲੇ ਵਾਲੀ ਗੁਰਮਤਿ ਨਾਲ ਪਿਛਲੇ ਪੰਜ ਸਦੀਆਂ ਤੋਂ ਚੱਲ ਰਿਹਾ ਟਕਰਾਅ ਸੀ ਕਿਉਂਕਿ ਖਾਲਸਾ ਪੰਥ ਨੂੰ ਗੁਰੂ ਪਾਤਿਸ਼ਾਹ ਵਲੋਂ ਦਿੱਤੀ ਗਈ ਇਤਿਹਾਸਕ ਅਤੇ ਸਿਧਾਂਤਕ ਸੇਧ ਖਾਲਸਾ ਪੰਥ ਨੂੰ ਹਰ ਵਾਰ ਜਾਬਰ ਰਾਜ ਦੇ ਟਕਰਾਅ 'ਚ ਲੈ ਆਉਂਦੀ ਹੈ।

ਸਿੱਖ ਪਿਛਲੀਆਂ ਸਦੀਆਂ ਵਿੱਚ ਜਰਵਾਣਾ ਰੂਪ ਧਾਰ ਚੁੱਕੀ ਤੁਰਕ, ਅਫਗਾਨ, ਫ਼ਿਰੰਗੀ ਰਾਜ-ਹਉਂ ਨਾਲ ਸੰਘਰਸ਼ ਕਰਦੇ ਰਹੇ ਹਨ ਪਰ ਬਿਪਰ ਰਾਜ-ਹਉਂ ਨਾਲ ਪਹਿਲੀ ਵਾਰ ਸਿੱਖਾਂ ਦਾ ਸਿੱਧਾ ਵਾਅ-ਵਾਸਤਾ ਪਿਆ। ਗੁਰੂ ਨਾਨਕ ਪਾਤਿਸ਼ਾਹ ਦੇ ਵੇਲੇ ਤੋਂ ਹੀ ਬਿਪਰ ਅਤੇ ਗੁਰਮਤਿ ਵਿਚਾਰਧਾਰਾ ਦਾ ਟਕਰਾਅ ਸ਼ੁਰੂ ਹੋ ਗਿਆ ਸੀ ਪਰ 1947 ਤੋਂ ਬਾਅਦ ਜਦੋਂ ਬਿਪਰ ਨੂੰ ਤਖਤ ਮਿਲ ਗਿਆ ਫਿਰ ਇਸ ਨੇ ਸਾਰੇ ਪਸਾਰਾਂ ਵਿੱਚ ਆਪਣਾ ਹਮਲਾ ਤੇਜ਼ ਕਰ ਦਿੱਤਾ। ਸਮੇਂ ਦੇ ਤਖਤਾਂ ਨਾਲ ਸਿੱਖ ਪਹਿਲਾਂ ਵੀ ਲੜਦੇ ਰਹੇ ਹਨ ਪਰ ਇਸ ਵਾਰ ਦੇ ਮਨੋਵਿਗਿਆਨਕ ਅਸਰ ਪਹਿਲਾਂ ਨਾਲੋਂ ਬਿਲਕੁਲ ਵੱਖਰੇ ਅਤੇ ਘਾਤਕ ਹਨ। ਇਕ ਤਾਂ ਇਸ ਵਾਰ ਹਮਲਾਵਰ ਕਿਤੋਂ ਬਾਹਰੀ ਖਿੱਤੇ 'ਚੋਂ ਨਹੀਂ ਆਇਆ ਸਗੋਂ ਇੱਥੋਂ ਦੇ ਸਥਾਨਿਕ ਮੱਤ ਵਾਲੇ ਹੀ ਹਮਲਾਵਰ ਹੋਏ ਜਿਸ ਵਰਤਾਰੇ ਦੀ ਸਿੱਖਾਂ ਦਾ ਵੱਡਾ ਹਿੱਸਾ ਆਸ ਨਹੀਂ ਸੀ ਕਰਦਾ ਅਤੇ ਦੂਸਰਾ ਵਰਤਮਾਨ ਸਟੇਟ ਨੇ ਮਨੋਵਿਗਿਆਨਕ ਹਮਲਾ ਡੂੰਘਾ ਕਰਨ ਲਈ ਬਹੁਤ ਜਿਆਦਾ ਤਰੱਕੀ ਵੀ ਕਰ ਲਈ ਹੈ। ਜਦੋਂ ਵਿਚਾਰਾਂ ਦਾ ਫਰਕ ਦੁਸ਼ਮਣੀ ਵਿੱਚ ਬਦਲ ਜਾਵੇ ਅਤੇ ਦੁਸ਼ਮਣੀ ਇੱਥੋਂ ਤੱਕ ਪਹੁੰਚ ਜਾਵੇ ਕਿ ਉਹ ਨਸਲਕੁਸ਼ੀ ਵਿੱਚ ਬਦਲ ਜਾਵੇ ਤਾਂ ਇਸ ਦੇ ਕਾਰਨ ਸਧਾਰਨ ਨਹੀਂ ਹੁੰਦੇ। ਇਹ ਲੜਾਈ ਮੁਕਤੀ ਦੇ ਵੱਖੋ-ਵੱਖਰੇ ਰਾਹ ਹੋਣ ਕਾਰਨ (ਭਾਵ ਧਰਮਾਂ ਦੀ ਲੜਾਈ) ਨਹੀਂ ਸਗੋਂ ਇਹ ਹਮਲਾ ਪਦਾਰਥਕ ਅਧਾਰ ਵਾਲੇ ਬਿਪਰ (ਅਧਰਮੀ) ਨੇ ਰੂਹਾਨੀ ਮਾਰਗ ਉੱਤੇ ਚੱਲਣ ਵਾਲੇ ਗੁਰਮੁਖਾਂ (ਧਰਮੀਆਂ) ਉੱਤੇ ਕੀਤਾ।

ਜੂਨ '84, ਇਸ ਲੰਮੇਰੀ ਜੱਦੋ-ਜਹਿਦ ਦਾ ਸਭ ਤੋਂ ਅਹਿਮ ਪੜਾਅ ਸੀ, ਇਸ ਘੱਲੂਘਾਰੇ ਨੇ ਸਿੱਖ ਮਨਾਂ ਅੰਦਰ ਬਿਪਰ ਦੇ ਸਾਰੇ ਪਾਜ ਉਧੇੜ ਕੇ ਇਸਦਾ ਅਸਲ ਰੂਪ ਪ੍ਰਤੱਖ ਰੂਪਮਾਨ ਕਰ ਦਿੱਤਾ। ਮਸਲਾ ਸਿਰਫ ਕੁਝ ਸਖ਼ਸ਼ੀਅਤਾਂ ਨੂੰ ਖਤਮ ਕਰਨ ਜਾਂ ਕੇਂਦਰੀ ਸਥਾਨਾਂ ਨੂੰ ਨੁਕਸਾਨ ਪਹੁੰਚਾਣ ਦਾ ਨਹੀਂ ਸੀ ਬਲਕਿ ਪੂਰੀ ਸਿੱਖ ਸੰਗਤ ਉੱਤੇ ਮਾਨਸਿਕ ਗਲਬਾ ਪਾ ਕੇ ਮੁਕੰਮਲ ਤੌਰ 'ਤੇ ਖਤਮ ਕਰਨ ਦਾ ਸੀ ਇਸ ਲਈ ਇਹ ਹਮਲਾ ਬਹੁਤ ਵਿਆਪਕ ਸੀ। ਜਿੱਥੇ ਪੂਰੇ ਪੰਜਾਬ ਨੂੰ ਫੌਜੀ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਉੱਥੇ ਅਨੇਕਾਂ ਗੁਰਧਾਮਾਂ ਉੱਤੇ ਇੱਕੋ ਸਮੇਂ ਹਮਲਾ ਕੀਤਾ ਗਿਆ। ਹਮਲਾ ਸਿਰਫ ਸਰੀਰਕ ਨਹੀਂ ਹੁੰਦਾ ਜਾਂ ਹਮਲਾ ਸਿਰਫ ਦਿਖਦੇ ਨੁਕਸਾਨ ਵਾਲਾ ਨਹੀਂ ਹੁੰਦਾ, ਕੁਝ ਹਮਲੇ ਮਾਨਸਿਕ ਵੀ ਹੁੰਦੇ ਹਨ ਜਿਨਾਂ ਦੀ ਗੱਲ ਨਫ਼ੇ ਨੁਕਸਾਨਾਂ ਤੋਂ ਉੱਤੇ ਹੁੰਦੀ ਹੈ। ਜਦੋਂ ਸਿੱਖ ਅਤੇ ਗੁਰੂ ਦੇ ਵਿੱਚ ਕੋਈ ਆਉਂਦਾ ਹੈ, ਜਦੋਂ ਗੁਰੂ ਘਰ ਵੱਲ ਕੋਈ ਮੈਲੀ ਅੱਖ ਨਾਲ ਵੇਖਦਾ ਹੈ, ਜਦੋਂ ਗੁਰੂ ਮਹਾਰਾਜ ਦੇ ਦਰ ਉੱਤੇ ਦੁਨਿਆਵੀ ਤਾਕਤਾਂ ਆਪਣੀ ਧੌਂਸ ਵਿਖਾਉਣ ਦਾ ਯਤਨ ਕਰਦੀਆਂ ਹਨ, ਜਦੋਂ ਬੰਦੂਕਾਂ, ਤੋਪਾਂ ਅਤੇ ਸਿਆਸੀ ਬੰਦਿਆਂ ਦੀ ਸ਼ਹਿ ਉੱਤੇ ਕੋਈ ਬੂਟਾਂ ਸਣੇ ਗੁਰੂ ਦੇ ਹਜ਼ੂਰ ਜਾਣ ਦੀ ਜੁਰਤ ਕਰਦਾ ਹੈ, ਜਦੋਂ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਕੋਈ ਲੱਤ 'ਤੇ ਲੱਤ ਰੱਖ ਕੇ ਸਿਗਰਟ ਪੀਂਦਾ ਹੈ, ਜਦੋਂ ਕਿਸੇ ਉੱਤੇ ਸਿਰਫ ਇਸ ਕਰਕੇ ਗੋਲੀ ਚੱਲਦੀ ਹੈ ਕਿਉਂਕਿ ਉਹ ਸਰਬੱਤ ਦੇ ਭਲੇ ਦੀ ਗੱਲ ਕਰਦਾ ਹੈ, ਜਦੋਂ ਤੋਪਾਂ ਟੈਂਕਾਂ ਦਾ ਮੂੰਹ ਗੁਰੂ ਦੇ ਦਰ ਵੱਲ ਹੋ ਜਾਂਦਾ ਹੈ ਕਿਓਂਕਿ ਇਹ ਕਿਸੇ ਦੁਨਿਆਵੀ ਤਖਤ ਦੀ ਅਧੀਨਗੀ ਨਹੀਂ ਕਬੂਲਦੇ, ਜਦੋਂ ਹਰ ਕਿਸੇ ਧਰਮ, ਜਾਤ ਅਤੇ ਖਿੱਤੇ ਲਈ ਖੁੱਲ੍ਹੇ ਰਹਿਣ ਵਾਲੇ ਦਰਵਾਜ਼ਿਆਂ ਨੂੰ ਕੋਈ ਹੰਕਾਰਿਆ ਹੋਇਆ ਤੋੜਦਾ ਹੈ ਤਾਂ ਸਾਡੇ ਲਈ ਉਹ ਹਮਲਾ ਹੀ ਹੁੰਦਾ ਹੈ।

ਬਿਪਰ ਇਹ ਮਨੋਵਿਗਿਆਨਕ ਹਮਲਾ ਕਰਕੇ ਸਿੱਖਾਂ ਨੂੰ ਪੂਰਨ ਤੌਰ 'ਤੇ ਗਲਬਾ ਪਾ ਕੇ ਖਤਮ ਕਰਨਾ ਚਾਹੁੰਦਾ ਸੀ ਪਰ ਸਿੱਖੀ ਦੀ ਓਟ ਗੁਰੂ ਉੱਤੇ ਹੋਣ ਕਰਕੇ ਸਿੱਖ ਇਸ ਮਨੋਵਿਗਿਆਨਿਕ ਹਮਲੇ ਵਿੱਚੋਂ ਵੱਡੀ ਗਿਣਤੀ ਵਿੱਚ ਨਿਕਲ ਆਏ ਹਨ। ਜੇ ਕੋਈ ਹੋਰ ਦੁਨਿਆਵੀ ਕਦਰਾਂ ਕੀਮਤਾਂ ਉੱਤੇ ਅਧਾਰਿਤ ਸਭਿਆਚਾਰ ਹੁੰਦਾ ਤਾਂ ਓਹਦੇ ਤੋਂ ਇਹ ਹਮਲਾ ਝੱਲ ਨਹੀਂ ਸੀ ਹੋਣਾ, ਬਾਕੀਆਂ ਨਾਲੋਂ ਸਿੱਖਾਂ ਦਾ ਫਰਕ ਇਹੀ ਹੈ।

ਇੰਡੀਆ ਦੀ ਫੌਜ ਨੇ ਬੇਸ਼ੱਕ ਸਾਡੇ ਉੱਤੇ ਸਰੀਰਕ ਅਤੇ ਮਾਨਸਿਕ ਹਮਲੇ ਕੀਤੇ ਹਨ ਅਤੇ ਗੁਰੂ ਘਰਾਂ ਵਿੱਚ ਫੌਜ ਨੇ ਬਹੁਤ ਨੀਚ ਹਰਕਤਾਂ ਵੀ ਕੀਤੀਆਂ ਹਨ ਪਰ ਇਸ ਘੱਲੂਘਾਰੇ ਦੇ ਬਹੁਤ ਸਾਰੇ ਅਜਿਹੇ ਪੱਖ ਵੀ ਹਨ ਜਿਸ ਵਿੱਚ ਗੁਰੂ ਪਾਤਿਸ਼ਾਹ ਦੇ ਪਿਆਰ ਵਿੱਚ ਭਿੱਜੇ ਸਿੰਘਾਂ ਸਿੰਘਣੀਆਂ ਨੇ ਆਪਣੇ ਹੌਂਸਲੇ, ਆਪਣੀ ਤੇਗ ਅਤੇ ਆਪਣੇ ਸ਼ਬਦਾਂ ਰਾਹੀਂ ਕਿਰਦਾਰਾਂ ਦੀ ਇਸ ਜੰਗ ਉੱਤੇ ਪਾਈ ਫਤਿਹ ਦੀ ਬੇਮਿਸਾਲ ਝਲਕ ਦਿਖਾਈ ਹੈ। ਸਾਨੂੰ ਇਸ ਘੱਲੂਘਾਰੇ ਨੂੰ ਰੋਣ-ਪਿੱਟਣ, ਤਾਹਨੇ-ਮਿਹਣੇ ਜਾਂ ਸਿਰਫ ਇਨਸਾਫ ਦੀਆਂ ਫਰਿਆਦਾਂ ਲਈ ਨਹੀਂ ਯਾਦ ਕਰਨਾ ਚਾਹੀਦਾ ਸਗੋਂ ਸਾਨੂੰ ਮਾਣ ਨਾਲ ਕਹਿਣਾ ਚਾਹੀਦਾ ਹੈ ਕਿ ਅਸੀਂ ਉਹ ਹਾਂ ਅਤੇ ਹਮੇਸ਼ਾ ਰਹਾਂਗੇ ਜਿਨਾਂ ਉੱਤੇ ਮੁਲਕ ਦੀ ਐਨੀ ਵੱਡੀ ਫੌਜ ਨੇ ਚੜਾਈ ਕੀਤੀ ਕਿ ਇਨਾਂ ਦੇ ਗੁੰਬਦ ਜਿਹੜੇ ਅਸਮਾਨਾਂ ਨੂੰ ਛੂੰਹਦੇ ਹਨ ਉਹ ਤਬਾਹ ਕਰ ਦਿੱਤੇ ਜਾਣ ਪਰ ਉਨਾਂ ਦੀਆਂ ਲੱਖਾਂ ਕੋਸ਼ਿਸ਼ਾਂ ਬਾਅਦ ਵੀ ਸਾਡੇ ਗੁੰਬਦ ਚੜਦੀ ਕਲਾ ਵਿੱਚ ਹਨ, ਸਹਿਜ ਵਿੱਚ ਹਨ, ਅਨੰਦ ਵਿੱਚ ਹਨ ਅਤੇ ਹੱਕ ਸੱਚ ਦੀ ਜੰਗ ਲਈ ਤਿਆਰ ਬਰ ਤਿਆਰ ਖੜੇ ਹਨ।

# ਪੰਜਾਬ ਕਾਂਗਰਸ ਦਾ ਅੰਦਰੂਨੀ ਕਾਟੋ ਕਲੇਸ਼ ਪਾਰਟੀ ਲਈ ਘਾਤਕ

**ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ**



ਪੰਜਾਬ ਵਿੱਚ ਕਾਂਗਰਸ ਦਾ ਪਿਛੋਕੜ ਦੇਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਪਾਰਟੀ ਪਹਿਲਾਂ ਤੋਂ ਹੀ ਧੜੇਬਾਜ਼ੀ ਕਾਰਨ ਅੱਡੋ ਫਾੜ ਰਹੀ ਹੈ। ਮਰਹੂਮ ਹਰਚਰਨ ਸਿੰਘ ਬਰਾੜ ਦੀ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਨਾਲ ਤਹਿ ਨਹੀਂ ਸੀ ਬੈਠਦੀ। ਬੀਬੀ ਰਾਜਿੰਦਰ ਕੌਰ ਭੱਠਲ ਦੇ ਕੈਪਟਨ ਅਮਰਿੰਦਰ ਸਿੰਘ ਨਾਲ ਕਈ ਵਾਰ ਸਿੰਗ ਫਸਦੇ ਰਹੇ ਹਨ। ਸ਼ਮਸ਼ੇਰ ਸਿੰਘ ਦੂਲੋ ਬਹੁਤੀ ਵਾਰ ਪੰਜਾਬ ਦੇ ਮੰਤਰੀਆਂ ਤੇ ਮੁੱਖ ਮੰਤਰੀਆਂ ਵਿਰੁੱਧ ਤਲਖ ਬਿਆਨਬਾਜ਼ੀ ਕਰ ਚੁੱਕਾ ਹੈ। ਕਾਂਗਰਸ ਪ੍ਰਧਾਨ ਸੁਨੀਲ ਜਾਖੜ ਬਾਰੇ ਇਹ ਚਰਚਾ ਆਮ ਰਹੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਉਸ ਨੂੰ ਮਿਲਣਾ ਪਸੰਦ ਨਹੀਂ ਕਰਦਾ। ਕੈਪਟਨ ਅਮਰਿੰਦਰ ਸਿੰਘ, ਨਵਜੋਤ ਸਿੰਘ ਸਿੱਧੂ ਨੂੰ ਕਈ ਵਾਰ ਪਹਿਚਾਨਣੋ ਇਨਕਾਰ ਕਰਦਿਆਂ 'ਕਿਹੜਾ ਸਿੱਧੂ?' ਤੇ 'ਇਹ ਸਿੱਧੂ ਹੈ ਕੀ ਚੀਜ਼?' ਕਹਿ ਚੁੱਕਾ ਹੈ। ਇਸੇ ਤਰ੍ਹਾਂ ਮੌਜੂਦਾ ਪੰਜਾਬ ਸਰਕਾਰ ਦੇ ਮੰਤਰੀ ਜਿਹਨਾਂ ਵਿੱਚ ਕੁਲਵੰਤ ਸਿੰਘ ਜ਼ੀਰਾ, ਪ੍ਰਗਟ ਸਿੰਘ, ਪ੍ਰਤਾਪ ਸਿੰਘ ਬਾਜਵਾ ਆਦਿ ਵੀ ਕੈਪਟਨ ਵਿਰੁੱਧ ਬਿਆਨਬਾਜ਼ੀ ਕਰਦੇ ਰਹੇ ਹਨ। ਪਰ ਨਵਜੋਤ ਸਿੰਘ ਸਿੱਧੂ ਨਾਲ ਮੁੱਖ ਮੰਤਰੀ ਦਾ ਜੋ 36 ਦਾ ਅੰਕੜਾ ਲੱਗਾ ਹੈ, ਇਸ ਤਰ੍ਹਾਂ ਕਾਂਗਰਸ ਵਿੱਚ ਪਹਿਲੀ ਵਾਰ ਹੋਇਆ ਹੈ। ਨਵਜੋਤ ਸਿੰਘ ਸਿੱਧੂ ਬੇਸ਼ਕ ਭਾਰਤੀ ਜਨਤਾ ਪਾਰਟੀ ਵਿੱਚੋਂ ਕਾਂਗਰਸ ਵਿੱਚ ਆਇਆ ਹੈ ਤੇ ਉਸ ਉੱਤੇ ਦਲ ਬਦਲੀ ਦਾ ਦੋਸ਼ ਲਾ ਕੇ ਉਸ ਦੀ ਭਰੋਸੇਯੋਗਤਾ ਉੱਤੇ ਸਵਾਲ ਵੀ ਆਮ ਹੀ ਉਠਾਇਆ ਜਾਂਦਾ ਹੈ ਤੇ ਉਸ ਬਾਰੇ ਇਹ ਗੱਲ ਵੀ ਕਹੀ ਜਾਂਦੀ ਹੈ ਕਿ ਉਹ ਇਹ ਸਭ ਡਰਾਮਾ ਸਿਰਫ ਉਪ ਮੁੱਖਮੰਤਰੀ ਦੀ ਕੁਰਸੀ ਹਥਿਆਉਣ ਵਾਸਤੇ ਕਰ ਰਿਹਾ ਹੈ। ਜਦ ਕਿ ਸੱਚ ਇਹ ਵੀ ਹੈ ਕਿ ਸਿੱਧੂ, ਭਾਜਪਾ ਵਿੱਚੋਂ ਵੀ ਕੁਰਸੀ ਨੂੰ ਲੱਤ ਮਾਰਕੇ ਆਇਆ ਸੀ ਤੇ ਕੈਪਟਨ ਦੀ ਸਰਕਾਰ ਵਿੱਚ ਵੀ ਉਸ ਨੇ ਦੋ ਵਾਰ ਕੁਰਸੀ ਨੂੰ ਲੱਤ ਮਾਰੀ ਹੈ। ਬੇਸ਼ਕ ਸਿਆਸਤ ਵਿੱਚ ਨੇਤਾਵਾਂ ਦਾ ਰੁਤਬਾ ਕੁਰਸੀਆਂ ਤੇ ਰੁਤਬਿਆਂ ਨਾਲ ਮਾਪਿਆਂ ਜਾਂਦਾ ਹੈ ਪਰ ਸਮਝਣ ਵਾਲੀ ਗੱਲ ਇਹ ਵੀ ਹੈ ਕਿ ਇੱਥੇ ਰੌਲਾ ਇਕੱਲੀ ਕੁਰਸੀ ਦਾ ਹੀ ਨਹੀਂ ਹੈ, ਬਲਕਿ ਸਵੈਮਾਣ ਨੂੰ ਲੱਗੀ ਸੱਟ ਦਾ ਵੀ ਹੈ।

ਸਿਆਣੇ ਕਹਿੰਦੇ ਹਨ ਕਿ ਸੱਪ ਦੇ ਨਾਲ ਸੱਪ ਲੜੇ ਤੇ ਫਿਰ ਜ਼ਹਿਰ ਕਿਸ ਨੂੰ ਚੜ੍ਹੇ, ਇਸ ਗੱਲ ਦਾ ਨਿਰਣਾ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ। ਹੁਣ ਇਹੀ ਗੱਲ ਪੰਜਾਬ ਦੀ ਕਾਂਗਰਸ ਵਿੱਚ ਸੱਚ ਸਾਬਤ ਹੋ ਰਹੀ ਹੈ। ਭਾਵ ਦੋ ਸਿੱਧੂਆਂ (ਅਮਰਿੰਦਰ ਸਿੰਘ ਤੇ ਨਵਜੋਤ ਸਿੰਘ) ਦੀ ਲੜਾਈ ਵਿੱਚ ਦੋਵੇਂ ਧਿਰਾਂ ਪਿਛਲੇ ਡੇਢ ਕੁ ਸਾਲ ਦੇ ਸਮੇਂ ਤੋਂ ਡਟੀਆਂ ਹੋਈਆਂ ਹਨ, ਦੋਹਾਂ ਵਿਚਕਾਰ ਨਾ ਹੀ ਕੋਈ ਸਮਝੌਤਾ ਹੋ ਰਿਹਾ ਹੈ ਤੇ ਨਾ ਹੀ ਦੋਵੇਂ ਧਿਰਾਂ ਵਿੱਚੋਂ ਕੋਈ ਨਰਮੀ ਦਾ ਰੁਖ ਇਖਤਿਆਰ ਕਰਨ ਨੂੰ ਤਿਆਰ ਹੈ। ਇਸਦੇ ਸਿੱਟੇ ਵਜੋਂ ਦੋਹਾਂ ਵਿਚਕਾਰ ਵਧ ਰਹੀ ਤਲਖ਼ੀ ਦੀ ਅੱਗ ਦਾ ਸੇਕ ਪਾਰਟੀ ਦੇ ਅੰਦਰ ਨਿਰੰਤਰ ਫੈਲਦਾ ਜਾ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਬੇਸ਼ਕ ਤਜਰਬੇਕਾਰ ਆਗੂ ਤੇ ਮੁੱਖ ਮੰਤਰੀ ਹਨ, ਪਰ ਦੂਸਰੇ ਪਾਸੇ ਜੇਕਰ ਨਵਜੋਤ ਸਿੰਘ ਸਿੱਧੂ ਨੂੰ ਦੇਖੀਏ ਤਾਂ ਇਹ ਗੱਲ ਸਪਸ਼ਟ ਤੌਰ 'ਤੇ ਕਹੀ ਜਾ ਸਕਦੀ ਹੈ ਕਿ ਹਾਂ! ਉਹ ਉਮਰ ਵਿੱਚ ਕੈਪਟਨ ਅਮਰਿੰਦਰ ਸਿੰਘ ਨਾਲੋਂ ਬੇਸ਼ਕ ਜ਼ਰੂਰ ਛੋਟੇ ਹਨ, ਪਰ ਲੋਕਾਂ ਵਿੱਚ ਉਸ ਦੀ ਛਵ੍ਹੀ ਕੈਪਟਨ ਅਮਰਿੰਦਰ ਸਿੰਘ ਨਾਲੋਂ ਵੱਧ ਹਰਮਨ ਪਿਆਰੀ ਤੇ ਅਸਰਦਾਰ ਹੈ। ਕਰਤਾਰਪੁਰ ਲਾਂਘੇ ਸਮੇਂ ਜੋ ਭੂਮਿਕਾ ਨਵਜੋਤ ਸਿੰਘ ਸਿੱਧੂ ਨੇ ਨਿਭਾਈ, ਉਸ ਨੇ ਪੰਜਾਬੀਆਂ ਦਾ ਦਿਲ ਜਿੱਤ ਲਿਆ। ਪਰ ਜੋ ਗਲਤ ਤੇ ਬੇਢੱਬੀ ਬਿਆਨਬਾਜ਼ੀ ਉਸ ਵੇਲੇ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਤੇ ਨਵਜੋਤ ਸਿੱਧੂ ਵਿਰੁੱਧ ਕੀਤੀ, ਉਸ ਨਾਲ ਕੈਪਟਨ ਨੇ ਖ਼ੁਦ ਹੀ ਆਪਣੇ ਆਪ ਨੂੰ ਲੋਕਾਂ ਦੀਆਂ ਨਜ਼ਰਾਂ ਵਿੱਚ ਨੀਵਾਂ ਕਰ ਲਿਆ।

ਭਾਵੇਂ ਕਾਂਗਰਸ ਵਿਚਲੇ ਚੱਲ ਰਹੇ ਕਲਾ ਕਲੇਸ਼ ਦੌਰਾਨ ਗੁਰੂ ਗਰੰਥ ਸਾਹਿਬ ਦਾ ਛੇ ਸਾਲ ਪੁਰਾਣਾ ਬੇਅਦਬੀ ਕਾਂਡ ਦਾ ਮੁੱਦਾ ਭਾਰੂ ਪੈਂਦਾ ਨਜ਼ਰ ਆ ਰਿਹਾ ਹੈ, ਪਰ ਇਸਦੇ ਨਾਲ ਹੀ ਗੁਟਕਾ ਸਾਹਿਬ ਦੀ ਕਸਮ ਖਾ ਕੇ ਨਸ਼ਿਆਂ ਦਾ ਲੱਕ ਤੋੜਨ ਵਾਲਾ ਵਾਅਦਾ, ਘਰ ਘਰ ਨੌਕਰੀ, ਕਿਸਾਨਾਂ ਦੇ ਕਰਜ਼ਿਆਂ 'ਤੇ ਲੀਕ ਮਾਰਨ, ਫ਼ੋਨ, ਲੈਪਟਾਪ ਆਦਿ ਵਾਅਦਿਆਂ ਦੀ ਅਪੂਰਤੀ ਵੀ ਕਲਾ ਦਾ ਮੁੱਖ ਕਾਰਨ ਹੈ। ਅਗਾਮੀ ਅਸੰਬਲੀ ਚੋਣਾਂ ਸਿਰ 'ਤੇ ਹਨ। ਹੁਣ ਓਹੀ ਵਿਧਾਇਕ ਤੇ ਮੰਤਰੀ ਜੋ ਅਸੰਬਲੀ ਵਿੱਚ ਕਿਸੇ ਵੇਲੇ ਪੱਲਾ ਅੱਡ ਕੇ ਵਾਅਦੇ ਪੂਰੇ ਕਰਨ ਦੀ ਮੰਗ ਨਹੀਂ ਬਲਕਿ ਫ਼ਰਿਆਦ ਕਰਦੇ ਸਨ, ਮੁੱਖ ਮੰਤਰੀ ਨੂੰ ਸਵਾਲ ਕਰ ਰਹੇ ਹਨ।

ਪਿਛਲੇ ਦੋ ਦਿਨਾਂ ਤੋਂ ਦਿਲੀ ਵਿੱਚ ਤਿੰਨ ਮੈਂਬਰੀ ਕਮੇਟੀ ਦਾ ਗਠਿਨ ਕਰਕੇ ਕਾਂਗਰਸ ਹਾਈ ਕਮਾਂਡ ਪੰਜਾਬ ਕਾਂਗਰਸ ਵਿਚਲੇ ਕਾਟੋ ਕਲੇਸ਼ ਨੂੰ ਸੁਲਝਾਉਣ ਦਾ ਹੱਲ ਕੱਢਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਜੋ ਆਸਾਰ ਨਜ਼ਰ ਆ ਰਹੇ ਹਨ, ਉਹਨਾਂ ਮੁਤਾਬਿਕ ਜਾਪਦਾ ਨਹੀਂ ਕਿ ਮਸਲਾ ਪੂਰੀ ਤਰ੍ਹਾਂ ਰਫ਼ੂ ਹੋ ਜਾਵੇਗਾ ਕਿਉਂਕਿ ਤਿੰਨ ਮੈਂਬਰ ਪਾਰਲੀਮੈਂਟ ਅਤੇ 25 ਵਿਧਾਇਕ ਕੈਪਟਨ ਅਮਰਿੰਦਰ ਸਿੰਘ ਦੇ ਸਿੱਧੇ ਵਿਰੋਧ ਹਨ ਜਦ ਕਿ ਪੰਜਾਬ ਦੇ ਬਹੁਤੇ ਵਿਧਾਇਕ ਇਸ ਵੇਲੇ ਵਾਚ ਐਂਡ ਵੇਟ ਦੀ ਰਣਨੀਤੀ 'ਤੇ ਚੱਲ ਰਹੇ ਹਨ, ਜੋ ਕਦੇ ਵੀ ਕੈਪਟਨ ਨਾਲੋਂ ਮੁੱਖ ਮੋੜ ਸਕਦੇ ਹਨ।

ਕੈਪਟਨ ਅਮਰਿੰਦਰ ਸਿੰਘ ਦੀਆਂ ਆਦਤਾਂ ਰਾਜਿਆਂ ਮਹਾਰਾਜਿਆਂ ਵਾਲੀਆਂ ਹਨ। ਪਿਛਲੇ ਸਾਢੇ ਚਾਰ ਸਾਲਾਂ ਵਿੱਚ ਉਸ ਨੇ ਇੱਕ ਵਾਰ ਵੀ ਆਪਣੇ ਨਿੱਜੀ ਫਾਰਮ ਵਿੱਚੋਂ ਬਾਹਰ ਨਿਕਲਕੇ ਨਾ ਹੀ ਜਨਤਾ ਦੀ ਸਾਰ ਲਈ ਹੈ ਤੇ ਨਾ ਹੀ ਆਪਣੇ ਵਿਧਾਇਕਾਂ ਦੀ। ਖੇਤੀ ਬਿੱਲਾਂ ਵਿਰੁੱਧ ਕਿਸਾਨਾਂ ਦਾ ਮੋਰਚਾ ਪਿਛਲੇ ਛੇ ਮਹੀਨੇ ਤੋਂ ਦਿੱਲੀ ਦੀਆਂ ਸਰਹੱਦਾਂ ਉੱਤੇ ਚੱਲ ਰਿਹਾ ਹੈ ਜਿਸ ਦੌਰਾਨ ਸਾਢੇ ਕੁ ਚਾਰ ਸੌ ਦੇ ਲਗਭਗ ਕਿਸਾਨਾਂ ਦੀਆਂ ਮੌਤਾਂ ਵੀ ਹੋ ਚੁੱਕੀਆਂ ਹਨ। ਦਿੱਲੀ ਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕਈ ਵਾਰ ਕਿਸਾਨਾਂ ਦਾ ਹਾਲ ਚਾਲ ਪੁੱਛਣ ਗਿਆ, ਪਰ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਨੂੰ ਮਿਲਣ ਦਾ ਉਚੇਚਾ ਦੌਰਾ ਤਾਂ ਦੂਰ ਦੀ ਗੱਲ, ਦਿੱਲੀ ਜਾ ਕੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੁਪਤ ਮੀਟਿੰਗ ਕਰਕੇ ਕਿਸਾਨਾਂ ਨੂੰ ਬਿਨਾ ਮਿਲੇ ਵਾਪਸ ਆ ਗਿਆ, ਜਦ ਕਿ ਪਹਿਲਾਂ ਕਿਸਾਨਾਂ ਨੂੰ ਦਿੱਲੀ ਜਾਣ ਵਾਸਤੇ ਇਹ ਕਹਿ ਕੇ ਉਕਸਾਉਣ ਵਾਲਾ "ਤੁਸੀਂ ਦਿੱਲੀ ਚੱਲੋ, ਮੈਂ ਵੀ ਤੁਹਾਡੇ ਨਾਲ ਚੱਲਾਂਗਾ" ਵੀ ਕੈਪਟਨ ਅਮਰਿੰਦਰ ਸਿੰਘ ਹੀ ਸੀ।

ਮੁੱਕਦੀ ਗੱਲ ਇਹ ਹੈ ਕਿ ਪੰਜਾਬ ਕਾਂਗਰਸ ਇਸ ਵੇਲੇ ਬੁਰੀ ਤਰ੍ਹਾਂ ਫੁੱਟ ਦੀ ਸ਼ਿਕਾਰ ਹੈ। ਹਾਈ ਕਮਾਂਡ ਨੇ ਦੋਹਾਂ ਸਿੱਧੂਆਂ ਵਿਚਕਾਰ ਬੇਸ਼ਕ ਸਮੇਂ ਸਮੇਂ ਸੁਲ੍ਹਾ ਸਫ਼ਾਈ ਕਰਾਉਣ ਦੀ ਕੋਸ਼ਿਸ਼ ਜ਼ਰੂਰ ਕੀਤੀ ਜੋ ਕਦੇ ਵੀ ਕਿਸੇ ਤਣ ਪੱਤਣ ਨਹੀਂ ਲੱਗੀ। ਹੁਣ ਅਗਾਮੀ ਚੋਣਾਂ ਦੇ ਮੱਦੇਨਜ਼ਰ ਇੱਕ ਵਾਰ ਫੇਰ ਤੋਂ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਤੰਦ ਦੀ ਬਜਾਏ ਤਾਣੀ ਉਲਝ ਚੁੱਕੀ ਹੈ, ਦਿਲੀ ਦੂਰੀਆਂ ਬਹੁਤ ਵੱਧ ਚੁੱਕੀਆਂ ਹਨ। ਨਫ਼ਰਤ ਦੀਆਂ ਗੰਢਾਂ ਬਹੁਤ ਮਜ਼ਬੂਤ ਹੋ ਚੁੱਕੀਆਂ ਹਨ, ਜਿਸ ਕਰਕੇ ਅਗਾਮੀ ਚੋਣਾਂ ਨੂੰ ਮੱਦੇਨਜ਼ਰ ਰੱਖ ਕੇ ਕੀਤਾ ਜਾਣ ਵਾਲਾ ਆਰਜ਼ੀ ਸਮਝੌਤਾ ਹੁਣ ਉਨਾ ਚਿਰ ਸਾਰਥਿਕ ਨਹੀਂ ਹੋਵੇਗਾ, ਜਿੰਨਾ ਚਿਰ ਨਵਜੋਤ ਸਿੱਧੂ ਸਮੇਤ ਬਾਕੀ ਪੰਜੀ ਤੀਹ ਵਿਧਾਇਕਾਂ ਦੀ ਪੂਰੀ ਤਰ੍ਹਾਂ ਸੰਤੁਸ਼ਟੀ ਨਹੀਂ ਕਰਵਾਈ ਜਾਂਦੀ।

ਇਹ ਗੱਲ ਵੀ ਸਪਸ਼ਟ ਹੈ ਕਿ ਇਸ ਵਾਰ ਪਰਸ਼ਾਂਤ ਕਿਸ਼ੋਰ ਵਾਲਾ ਫ਼ਾਰਮੂਲਾ ਕੰਮ ਨਹੀਂ ਕਰੇਗਾ ਤੇ ਇਸਦੇ ਨਾਲ ਹੀ ਪੰਜਾਬ ਕਾਂਗਰਸ ਦੀ ਅੰਦਰੂਨੀ ਖਾਨਾਜੰਗੀ ਦਾ ਵੀ ਪਾਰਟੀ ਨੂੰ ਭਾਰੀ ਨੁਕਸਾਨ ਉਠਾਉਣਾ ਪਵੇਗਾ। ਕੈਪਟਨ ਅਮਰਿੰਦਰ ਸਿੰਘ ਦੀ ਛਵ੍ਹੀ ਵੀ ਹੁਣ ਪਹਿਲਾ ਵਰਗੀ ਨਹੀਂ ਰਹੀ ਤੇ ਇਸਦੇ ਨਾਲ ਹੀ ਉਹਨਾਂ ਦੀ ਭਰੋਸੇਯੋਗਤਾ ਉੱਤੇ ਵੀ ਸਵਾਲੀਆ ਚਿੰਨ੍ਹ ਲੱਗ ਰਹੇ ਹਨ। ਕਹਿਣ ਦਾ ਭਾਵ ਹੈ ਕਿ ਪੰਜਾਬ ਵਿੱਚ ਕਾਂਗਰਸ ਦੀ ਬੇੜੀ ਕਲੇਸ਼ ਦੇ ਮੰਝਧਾਰ ਵਿੱਚ ਫਸੀ ਹੋਈ ਡਿੱਕੋਡੋਲੇ ਖਾ ਰਹੀ ਹੈ। ਦਿੱਲੀ ਵਿਖੇ ਹੋ ਰਹੇ ਕਲੇਸ਼ ਨਿਵਾਰਨ ਮੰਥਨ ਵਿੱਚੋਂ ਨਿਕਲਕੇ ਕੀ ਬਾਹਰ ਆਉਂਦਾ ਹੈ, ਇਸਦੇ ਆਸਾਰ ਤਾਂ ਮੰਤਰੀਆਂ ਅਤੇ ਵਿਧਾਇਕਾਂ ਵੱਲੋਂ ਪੱਤਰਕਾਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਗੋਲਮੋਲ ਸਟੇਟਮੈਂਟਾਂ ਤੋਂ ਸਾਹਮਣੇ ਆ ਹੀ ਰਹੇ ਹਨ। ਪਰ ਥੈਲੇ ਵਾਲੀ ਬਿੱਲੀ ਦਾ ਬਾਹਰ ਆਉਣਾ ਅਜੇ ਬਾਕੀ ਹੈ, ਜੋ ਇੱਕ ਦੋ'ਹ ਦਿਨਾਂ ਤਕ ਬਾਹਰ ਆ ਹੀ ਜਾਵੇਗੀ। ਇੱਕ ਗੱਲ ਇਸ ਸਾਰੇ ਕਲਾ ਕਲੰਦਰ ਵਿੱਚੋਂ ਇਹ ਵੀ ਬਹੁਤ ਹੀ ਸਪਸ਼ਟ ਹੋ ਗਈ ਹੈ ਕਿ ਜੇਕਰ ਪੰਜਾਬ ਸਰਕਾਰ ਚੋਣਾਂ ਵੇਲੇ ਕੀਤੇ ਆਪਣੇ ਵਾਅਦੇ ਪੂਰੇ ਕਰਨੋ ਅਸਫਲ ਰਹਿੰਦੀ ਹੈ ਤਾਂ ਫਿਰ ਅਗਾਮੀ ਵਿਧਾਨ ਸਭਾ ਚੋਣਾਂ ਦੇ ਨਤੀਜੇ ਬਹੁਤ ਹੀ ਹੈਰਾਨੀਜਨਕ ਹੋਣਗੇ। ਸੋ ਪੰਜਾਬ ਕਾਂਗਰਸ ਦੇ ਵਾਸਤੇ ਇਸ ਵੇਲੇ ਬਹੁਤ ਹੀ ਮਾੜਾ ਸਮਾਂ ਚੱਲ ਰਿਹਾ ਹੈ।

# 7 ਸਾਲ ਮੋਦੀ ਰਾਜ ਦੇ ਕਾਲ ਤੋਂ ਜਨਤਾ ਨਿਰਾਸ਼ ਕਿਉਂ ?

**ਅਭੈ ਦੂਬੇ**

ਜੇਕਰ 2014 ਦੀਆਂ ਚੋਣਾਂ ਦੇ ਲਿਹਾਜ਼ ਨਾਲ ਵੇਖੀਏ ਤਾਂ ਅੱਜ ਮੋਦੀ ਸਰਕਾਰ ਦੇ 7 ਸਾਲ ਪੂਰੇ ਹੋ ਗਏ ਹਨ। ਜੇਕਰ 2019 ਦੀਆਂ ਚੋਣਾਂ ਦੇ ਲਿਹਾਜ਼ ਨਾਲ ਵੇਖੀਏ ਤਾਂ ਮੋਦੀ ਸਰਕਾਰ ਦੇ ਦੂਜੇ ਕਾਰਜਕਾਲ ਦੇ ਦੋ ਸਾਲ ਪੂਰੇ ਹੋ ਗਏ ਹੈ। 7 ਸਾਲ ਕਿਸੇ ਵੀ ਦੇਸ਼ ਦੀ ਰਾਜਨੀਤੀ ਵਿਚ ਇਕ ਲੰਬੀ ਮਿਆਦ ਹੁੰਦੀ ਹੈ। ਅੰਗਰੇਜ਼ੀ ਦੇ ਇਕ ਸਮੀਖਿਅਕ ਨੇ ਇਸ ਨੂੰ ਮੋਦੀ ਸਰਕਾਰ ਲਈ 'ਸੈਵਨ ਈਅਰਜ਼ ਈਚ' ਦੀ ਪਰਿਭਾਸ਼ਾ ਦਿੱਤੀ ਹੈ। ਅੰਗਰੇਜ਼ੀ ਦਾ ਇਹ ਮੁਹਾਵਰਾ ਮਰਲਿਨ ਮੁਨਰੋ ਦੀ ਇਸੇ ਸਿਰਲੇਖ ਦੀ ਹਾਲੀਵੁੱਡ ਫ਼ਿਲਮ ਤੋਂ ਲਿਆ ਗਿਆ ਹੈ। ਇਸ ਦਾ ਭਾਵ ਇਹ ਹੈ ਕਿ 7 ਸਾਲ ਦੀ ਮਿਆਦ ਵਿਚ ਵਿਆਹੁਤਾ ਜੀਵਨ ਦੇ ਰੋਮਾਂਚਕ ਪੱਖ ਵਿਚ ਏਨੀ ਗਿਰਾਵਟ ਹੋ ਜਾਂਦੀ ਹੈ ਕਿ ਕਈ ਲੋਕ ਦੂਜੇ ਰਿਸ਼ਤੇ ਭਾਲਣ ਲਗਦੇ ਹਨ। ਕੀ ਮੋਦੀ ਅਤੇ ਇਸ ਦੇਸ਼ ਦੀ ਜਨਤਾ ਦੇ ਸਬੰਧਾਂ ਵਿਚ ਅਜਿਹੀ ਹੀ ਕੋਈ ਗਿਰਾਵਟ ਆ ਗਈ ਹੈ ਕਿ ਜਨਤਾ ਨੇ ਕਿਸੇ ਹੋਰ ਆਗੂ ਨੂੰ ਭਾਲਣਾ ਸ਼ੁਰੂ ਕਰ ਦਿੱਤਾ ਹੈ ? ਇਸ ਸਵਾਲ ਦਾ ਜਵਾਬ ਅਸੀਂ ਇਕ ਹੱਦ ਤੱਕ 29 ਅਤੇ 30 ਮਈ ਨੂੰ ਜਾਰੀ ਕੀਤੇ ਦੋ ਸਰਵੇਖਣਾਂ ਦੇ ਅੰਕੜਿਆਂ ਦੀ ਸਮੀਖਿਆ ਕਰਕੇ ਹਾਸਲ ਕਰ ਸਕਦੇ ਹਾਂ।

ਏ.ਬੀ.ਪੀ.-ਸੀ-ਵੋਟਰਜ਼ ਵਲੋਂ ਜਾਰੀ ਕੀਤੇ ਇਕ ਸਰਵੇਖਣ (56,685 ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਤੋਂ ਪੁੱਛੇ ਗਏ ਸਵਾਲਾਂ 'ਤੇ ਆਧਾਰਤ) ਨੇ ਆਪਣੇ ਦੋ ਦਿਨ ਤੱਕ ਜਾਰੀ ਪ੍ਰਸਾਰਨ ਵਿਚ ਦੱਸਿਆ ਕਿ ਚੁਣੇ ਜਾਣ ਦੇ ਦੋ ਸਾਲ ਬਾਅਦ ਮੋਦੀ ਸਰਕਾਰ ਤੋਂ 31 ਫੀਸਦੀ ਲੋਕ ਪੂਰੀ ਤਰਾਂ ਖੁਸ਼ ਹਨ, 37 ਫੀਸਦੀ ਲੋਕ ਬੇਹੱਦ ਅਸੰਤੁਸ਼ਟ ਹਨ ਅਤੇ 25 ਫੀਸਦੀ ਲੋਕ ਇਕ ਹੱਦ ਤੱਕ ਹੀ ਸੰਤੁਸ਼ਟ ਹਨ। ਧਿਆਨ ਰਹੇ ਕਿ ਭਾਜਪਾ ਨੇ 2014 ਵਿਚ 31 ਫੀਸਦੀ ਅਤੇ 2019 ਵਿਚ 38 ਫੀਸਦੀ ਵੋਟਾਂ ਹਾਸਲ ਕਰਕੇ ਚੋਣਾਂ ਜਿੱਤੀਆਂ ਸਨ। ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ 28 ਅਤੇ 25 ਫੀਸਦੀ ਦਾ ਅੰਸ਼ਿਕ ਰੂਪ ਨਾਲ ਸੰਤੁਸ਼ਟ ਵਾਲਾ ਅੰਕੜਾ ਨਾ ਤਾਂ ਸੰਤੁਸ਼ਟਾਂ ਨਾਲ ਜੋੜਿਆ ਜਾ ਸਕਦਾ ਹੈ ਅਤੇ ਨਾ ਹੀ ਅਸੰਤੁਸ਼ਟਾਂ ਨਾਲ। ਵਜਾ ਸਿੱਧੀ ਜਿਹੀ ਹੈ। ਜੋ ਅੰਸ਼ਿਕ ਰੂਪ ਨਾਲ ਸੰਤੁਸ਼ਟ ਹੈ, ਸੁਭਾਵਿਕ ਰੂਪ ਨਾਲ ਉਹ ਅੰਸ਼ਿਕ ਰੂਪ ਨਾਲ ਅਸੰਤੁਸ਼ਟ ਵੀ ਹੋਵੇਗਾ। ਇਹ ਇਕ ਵੱਖ ਸ਼੍ਰੇਣੀ ਹੈ। ਜੇਕਰ ਇਸ ਨੂੰ ਸੰਤੁਸ਼ਟਾਂ ਜਾਂ ਅਸੰਤੁਸ਼ਟਾਂ ਨਾਲ ਜੋੜਿਆ ਗਿਆ ਤਾਂ ਮੋਦੀ ਦੇ ਪੱਖ ਵਿਚ ਸਰਵੇਖਣ ਝੁਕ ਜਾਵੇਗਾ ਜਾਂ ਵਿਰੋਧੀ ਧਿਰ ਦੇ ਪੱਖ ਵਿਚ। ਅਜਿਹਾ ਕਰਨਾ ਵਿਸ਼ਲੇਸ਼ਣ ਦੀ ਇਮਾਨਦਾਰੀ ਦੇ ਲਿਹਾਜ਼ ਨਾਲ ਠੀਕ ਨਹੀਂ ਹੁੰਦਾ।

ਦਰਅਸਲ, ਅਜਿਹੇ ਅੰਕੜੇ 7 ਸਾਲ ਵਿਚ ਪਹਿਲੀ ਵਾਰ ਸਾਹਮਣੇ ਆਏ ਹਨ। ਇਸ ਤੋਂ ਪਹਿਲਾਂ ਜਦੋਂ ਵੀ ਸਰਵੇਖਣ ਹੁੰਦਾ ਸੀ, ਮੋਦੀ ਦੀ ਸਰਕਾਰ ਅਤੇ ਮੋਦੀ ਦੀ ਲੀਡਰਸ਼ਿਪ ਨੂੰ ਮੋਟੇ ਤੌਰ 'ਤੇ 60 ਫੀਸਦੀ ਦੇ ਲਾਗੇ ਬੰਨੇ ਜਾਂ ਉਸ ਤੋਂ ਜ਼ਿਆਦਾ ਰੇਟਿੰਗ ਮਿਲਦੀ ਸੀ। ਇਹ ਅੰਕੜੇ ਸਾਫ਼ ਤੌਰ 'ਤੇ ਕਹਿ ਰਹੇ ਹਨ ਕਿ ਸਰਕਾਰ ਤੋਂ ਨਾਰਾਜ਼ ਲੋਕਾਂ ਦੀ ਗਿਣਤੀ ਅਤੇ ਮੋਦੀ ਤੋਂ ਨਾਰਾਜ਼ ਲੋਕਾਂ ਦੀ ਗਿਣਤੀ ਭਾਜਪਾ ਅਤੇ ਉਸ ਦੇ ਰਣਨੀਤੀਕਾਰਾਂ ਨੂੰ ਅਸਹਿਜ ਕਰਨ ਲਈ ਕਾਫੀ ਹੈ।



ਇਕ ਦੂਜਾ ਸਰਵੇਖਣ, ਜੋ ਹਿੰਦੀ ਦੇ ਇਕ ਰਾਸ਼ਟਰ ਪੱਧਰੀ ਅਖ਼ਬਾਰ ਵਿਚ ਪ੍ਰਕਾਸ਼ਿਤ ਹੋਇਆ ਹੈ, ਦੱਸਦਾ ਹੈ ਕਿ 2019 ਵਿਚ ਮੋਦੀ ਸਰਕਾਰ ਤੋਂ ਸੰਤੁਸ਼ਟ ਲੋਕਾਂ ਦੀ ਗਿਣਤੀ 75 ਫੀਸਦੀ ਸੀ। 2020 ਵਿਚ ਇਹ ਘਟ ਕੇ ਸਿਰਫ 62 ਫੀਸਦੀ ਰਹਿ ਗਈ। ਹੁਣ 2021 ਵਿਚ ਇਹ ਹੋਰ ਹੇਠਾਂ ਚਲੀ ਗਈ ਹੈ ਭਾਵ ਕਿ ਇਸ ਵਕਤ ਮੋਦੀ ਸਰਕਾਰ ਦੀ ਰੇਟਿੰਗ ਸਿਰਫ 51 ਫੀਸਦੀ ਹੀ ਹੈ। ਇਸ ਦਾ ਸਿੱਧਾ ਮਤਲਬ ਹੈ ਕਿ ਪਿਛਲੇ ਦੋ ਸਾਲਾਂ ਵਿਚ ਮੋਦੀ ਸਰਕਾਰ ਦੀ ਰੇਟਿੰਗ ਵਿਚ ਜ਼ਬਰਦਸਤ 24 ਫੀਸਦੀ ਦੀ ਗਿਰਾਵਟ ਆਈ ਹੈ।

ਬਹਰਹਾਲ, ਇਸ ਸਰਵੇਖਣ ਦੇ ਮੁਕਾਬਲੇ ਏ.ਬੀ.ਪੀ.-ਸੀ-ਵੋਟਰਜ਼ ਵਲੋਂ ਕੀਤੇ ਸਰਵੇਖਣ ਵਧੇਰੇ ਬਾਰੀਕ ਅਤੇ ਵੱਡਾ ਹੈ। ਉਸ ਦੇ ਕੁਝ ਹੋਰ ਪਹਿਲੂ ਵਿਚਾਰਨਯੋਗ ਹਨ। ਮਸਲਨ, ਦੇਸ਼ ਵਿਚ ਮੋਦੀ ਸਰਕਾਰ ਨਾਲ ਨਾਰਾਜ਼ਗੀ ਦਾ ਸਭ ਤੋਂ ਵੱਡਾ ਸਰੋਤ ਜੇਕਰ ਫੀਸਦੀ ਵਿਚ ਕੱਢਿਆ ਜਾਵੇ ਤਾਂ ਕੋਵਿਡ ਮਹਾਂਮਾਰੀ ਪ੍ਰਬੰਧਨ ਵਿਚ ਮਿਲੀ ਅਸਫਲਤਾ ਹੈ। ਸ਼ਹਿਰ ਦੇ 44 ਅਤੇ ਪਿੰਡ ਦੇ 40 ਫੀਸਦੀ ਲੋਕ ਮੰਨਦੇ ਹਨ ਕਿ ਮੋਦੀ ਸਰਕਾਰ ਨਾਲ ਉਨਾਂ ਦੀ ਨਾਰਾਜ਼ਗੀ ਦੀ ਸਭ ਤੋਂ ਵੱਡੀ ਵਜਾ ਇਹੀ ਹੈ। ਸ਼ਹਿਰ ਦੇ 20 ਅਤੇ ਪਿੰਡ ਦੇ 25 ਫੀਸਦੀ ਲੋਕ ਮੰਨਦੇ ਹਨ ਕਿ ਉਹ ਖੇਤੀ ਕਾਨੂੰਨਾਂ ਕਾਰਨ ਸਰਕਾਰ ਤੋਂ ਤੰਗ ਹਨ। ਸ਼ਹਿਰਾਂ ਦੇ 9 ਅਤੇ ਪਿੰਡਾਂ ਦੇ ਵੀ 9 ਫੀਸਦੀ ਲੋਕ ਨਾਗਰਿਕਤਾ ਕਾਨੂੰਨ ਨੂੰ ਆਪਣੀ ਨਾਰਾਜ਼ਗੀ ਦੀ ਵਜਾ ਦੱਸਦੇ ਹਨ। ਇਸੇ ਤਰਾਂ ਸ਼ਹਿਰਾਂ ਦੇ 7 ਅਤੇ ਪਿੰਡਾਂ ਦੇ 10 ਫੀਸਦੀ ਲੋਕਾਂ ਨੂੰ ਲਗਦਾ ਹੈ ਕਿ ਚੀਨ ਨਾਲ ਵਿਵਾਦ ਵਿਚ ਸਰਕਾਰ ਦੀ ਨਾਕਾਮੀ ਉਨਾਂ ਦੀ ਨਾਰਾਜ਼ਗੀ ਦਾ ਮੁੱਖ ਕਾਰਨ ਹੈ।

ਇਨਾਂ ਅੰਕੜਿਆਂ ਨਾਲ ਮੋਦੀ ਸਰਕਾਰ ਪ੍ਰਤੀ ਜਨਤਾ ਦੀ ਨਾਰਾਜ਼ਗੀ ਦੀ ਤਰਤੀਬ ਦਾ ਪਤਾ ਲਗਦਾ ਹੈ। ਸਭ ਤੋਂ ਉੱਤੇ ਮਹਾਂਮਾਰੀ ਹੈ, ਫਿਰ ਕਿਸਾਨ ਅੰਦੋਲਨ ਹੈ, ਫਿਰ ਸੀ.ਏ.ਏ. ਹੈ ਅਤੇ ਫਿਰ ਵਿਦੇਸ਼ ਨੀਤੀ ਹੈ। ਇਸ ਤੋਂ ਇਹ ਵੀ ਜਾਣਕਾਰੀ ਮਿਲਦੀ ਹੈ ਕਿ ਪਿੰਡਾਂ ਅਤੇ ਸ਼ਹਿਰਾਂ ਦੇ ਲੋਕ ਕਿੰਨੇ ਧਿਆਨ ਨਾਲ ਦੇਸ਼ ਅਤੇ ਮੋਦੀ ਸਰਕਾਰ ਦੇ ਕੰਮਕਾਰ 'ਤੇ ਨਜ਼ਰ ਰੱਖਦੇ ਹਨ। ਸਰਕਾਰ ਕਿੰਨੀ ਵੀ ਕੋਸ਼ਿਸ਼ ਕਰ ਲਵੇ, ਉਹ ਜਨਤਾ ਤੋਂ ਅਸਲੀਅਤ ਲੁਕਾ ਨਹੀਂ ਸਕਦੀ। ਭਾਜਪਾ ਅਤੇ ਸਰਕਾਰ ਨੂੰ ਬੇਚੈਨ ਕਰਨ ਵਾਲੇ ਕੁਝ ਅੰਕੜੇ ਇਸ ਸਰਵੇਖਣ ਤੋਂ ਨਿਕਲ ਕੇ ਆਉਂਦੇ ਹਨ। ਮਸਲਨ, ਗ੍ਰਹਿ ਮੰਤਰੀ ਅਮਿਤ ਸ਼ਾਹ, ਜੋ ਮੋਦੀ ਦੇ ਖਾਸਮ ਖਾਸ ਅਤੇ ਸਰਕਾਰ ਵਿਚ ਦੂਜੇ ਸਥਾਨ 'ਤੇ ਮੰਨੇ ਜਾਂਦੇ ਹਨ, ਦੇ ਕੰਮਕਾਜ ਤੋਂ ਸਿਰਫ 28 ਫ਼ੀਸਦੀ ਲੋਕ ਹੀ ਸੰਤੁਸ਼ਟ ਹਨ। 37 ਫੀਸਦੀ ਲੋਕ ਅਮਿਤ ਸ਼ਾਹ ਦੇ ਕੰਮ ਨੂੰ ਸੰਤੁਸ਼ਟੀਜਨਕ ਨਹੀਂ ਮੰਨਦੇ। ਕੋਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਨਾਲ ਨਿਪਟਣ ਦੀ ਜ਼ਿੰਮੇਵਾਰੀ ਮੋਦੀ ਨੇ ਰਾਜ ਸਰਕਾਰਾਂ ਨੂੰ ਦੇ ਦਿੱਤੀ ਹੈ। ਧਿਆਨ ਰਹੇ ਕਿ ਪਹਿਲੀ ਲਹਿਰ ਦੇ ਸਮੇਂ ਉਨਾਂ ਨੇ ਖੁਦ ਅੱਗੇ ਵਧ ਕੇ ਇਹ ਜ਼ਿੰਮੇਵਾਰੀ ਆਪਣੇ ਹੱਥੀਂ ਲੈ ਲਈ ਸੀ। ਰਾਜਾਂ ਦੇ ਪਾਲੇ ਵਿਚ ਗੇਂਦ ਹੋਣ ਦੇ ਬਾਵਜੂਦ ਸਥਿਤੀ ਇਹ ਹੈ ਕਿ ਜਨਤਾ ਮਹਾਂਮਾਰੀ ਨਾਲ ਨਿਪਟਣ ਵਿਚ ਅਸਫਲ ਰਹਿਣ ਦਾ ਦੋਸ਼ ਕੇਂਦਰ ਸਰਕਾਰ 'ਤੇ ਲਗਾ ਰਹੀ ਹੈ। ਉਹ ਇਹ ਵੀ ਮੰਨਦੀ ਹੈ ਕਿ ਮਹਾਂਮਾਰੀ ਦੇ ਕਾਰਨ ਚੋਣਾਂ ਨੂੰ ਮੁਲਤਵੀ ਕਰਨਾ ਚਾਹੀਦਾ ਸੀ ਅਤੇ ਕੁੰਭ ਨੂੰ ਵੀ ਸਿਰਫ ਪ੍ਰਤੀਕਾਤਮਕ ਹੀ ਰੱਖਣ ਦਾ ਫ਼ੈਸਲਾ ਕਰਨਾ ਚਾਹੀਦਾ ਸੀ।

ਸਰਕਾਰ ਦੀ ਸਮੱਸਿਆ ਸਿਰਫ ਇਹ ਨਹੀਂ ਹੈ ਕਿ ਲੋਕ ਨਾਖੁਸ਼ ਹਨ, ਸਗੋਂ ਉਸ ਤੋਂ ਵੀ ਵੱਡੀ ਸਮੱਸਿਆ ਇਹ ਹੈ ਕਿ ਲੋਕ ਸਰਕਾਰ ਤੋਂ, ਵਿਵਸਥਾ ਤੋਂ, ਤੰਤਰ ਤੋਂ ਹੁਣ ਕੋਈ ਉਮੀਦ ਨਹੀਂ ਰੱਖਦੇ। ਜਦੋਂ ਪੁੱਛਿਆ ਗਿਆ ਕਿ ਲੋਕਾਂ ਕੋਲ ਕਿੰਨੇ ਦਿਨ ਦਾ ਖਾਣਾ ਪਾਣੀ ਹੈ ਤਾਂ ਜੋ ਜਵਾਬ ਮਿਲਿਆ ਉਹ ਭਵਿੱਖ ਸਬੰਧੀ ਖਦਸ਼ਿਆਂ ਨਾਲ ਭਰਿਆ ਹੋਇਆ ਸੀ। 15.7 ਫੀਸਦੀ ਲੋਕਾਂ ਨੇ ਕਿਹਾ ਕਿ ਉਨਾਂ ਕੋਲ ਹਫ਼ਤੇ ਭਰ ਤੋਂ ਵੀ ਘੱਟ ਦਾ ਰਾਸ਼ਨ ਹੈ। 53 ਫ਼ੀਸਦੀ ਲੋਕਾਂ ਨੇ ਕਿਹਾ ਕਿ ਉਨਾਂ ਦਾ ਰਾਸ਼ਨ ਜ਼ਿਆਦਾ ਤੋਂ ਜ਼ਿਆਦਾ ਤਿੰਨ ਹਫ਼ਤੇ ਦਾ ਸਮਾਂ ਕੱਢੇਗਾ। 46 ਫੀਸਦੀ ਲੋਕਾਂ ਦਾ ਕਹਿਣਾ ਸੀ ਕਿ ਉਨਾਂ ਕੋਲ ਜਿੰਨਾ ਰਾਸ਼ਨ ਹੈ, ਉਹ ਤਿੰਨ ਹਫ਼ਤੇ ਤੋਂ ਦੋ ਚਾਰ ਦਿਨ ਵੱਧ ਤੱਕ ਚੱਲੇਗਾ। ਜਦੋਂ ਲੋਕਾਂ ਤੋਂ ਉਨਾਂ ਦੇ ਭਵਿੱਖ ਬਾਰੇ ਪੁੱਛਿਆ ਗਿਆ ਤਾਂ ਉਨਾਂ ਨੇ ਕਿਹਾ ਕਿ ਉਨਾਂ ਨੂੰ ਤਾਂ ਆਪਣਾ ਭਵਿੱਖ ਹਨੇਰ ਭਰਿਆ ਹੀ ਲਗਦਾ ਹੈ। ਕਹਿਣ ਦੀ ਲੋੜ ਨਹੀਂ ਕਿ ਜੋ ਸਰਕਾਰ ਲੋਕਾਂ ਵਿਚ ਉਮੀਦ ਦਾ ਦੀਵਾ ਬੁਝਾ ਦਿੰਦੀ ਹੈ, ਉਸ ਦੀ ਵਾਪਸੀ 'ਤੇ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ। ਜਿਵੇਂ ਕਿ ਉੱਤੇ ਦੱਸਿਆ ਜਾ ਚੁੱਕਾ ਹੈ ਕਿ ਲੋਕ ਸਿਰਫ ਕੋਵਿਡ ਦੀ ਵਜਾ ਨਾਲ ਹੀ ਸਰਕਾਰ ਨਾਲ ਨਾਰਾਜ਼ ਨਹੀਂ ਹਨ ਸਗੋਂ ਉਨਾਂ ਦੀ ਨਾਰਾਜ਼ਗੀ ਦੇ ਕਾਰਨ ਕਈ ਹੋਰ ਵੀ ਹਨ। ਕੋਵਿਡ ਨੇ ਤਾਂ ਬਾਰੂਦ ਨੂੰ ਤੀਲੀ ਲਾਉਣ ਦਾ ਕੰਮ ਕੀਤਾ ਹੈ। ਨਾਰਾਜ਼ਗੀ ਤਾਂ ਪਹਿਲਾਂ ਹੀ ਧੁਖ ਰਹੀ ਸੀ। ਕਿਸਾਨ ਅੰਦੋਲਨ ਹੋਵੇ, ਬੇਰੁਜ਼ਗਾਰੀ ਹੋਵੇ, ਬਾਜ਼ਾਰ ਵਿਚ ਮੰਗ ਦੀ ਕਮੀ ਹੋਵੇ, ਵਿਦੇਸ਼ ਨੀਤੀ ਵਿਚ ਨਾਕਾਮੀ ਹੋਵੇ, ਅਰਥਵਿਵਸਥਾ ਵਿਚ ਆ ਰਹੀ ਗਿਰਾਵਟ ਹੋਵੇ, ਇਹ ਸਮੱਸਿਆਵਾਂ ਪਹਿਲਾਂ ਤੋਂ ਚੱਲ ਰਹੀਆਂ ਹਨ।

ਸਰਕਾਰ ਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ ਪਿਛਲੇ ਦਿਨੀਂ ਉਹ ਕੀ ਕਰਦੀ ਰਹੀ ? ਉਸ ਦੇ ਸਲਾਹਕਾਰ ਕੀ ਕਰਦੇ ਰਹੇ ? ਆਰ.ਐਸ.ਐਸ. ਕੀ ਕਰਦੀ ਰਹੀ ? ਕੀ ਉਹ ਸਰਕਾਰ ਨੂੰ ਸਹੀ ਸਲਾਹ ਦੇਣ ਵਿਚ ਨਾਕਾਮ ਹੈ ? ਜਾਂ ਸਰਕਾਰ ਕੋਲ ਕਿਸੇ ਦੀ ਸਲਾਹ ਸੁਣਨ ਦੀ ਮਾਨਸਿਕਤਾ ਹੀ ਨਹੀਂ ਹੈ ?

# ਭਾਰਤੀ ਚੈਨਲਾਂ 'ਤੇ ਹੁੰਦੀਆਂ ਬਹਿਸਾਂ ਦੇ ਅਰਥ

**ਵਿਸ਼ਵਾ ਮਿੱਤਰ**

ਤੁਸੀਂ ਕਈ ਵਾਰ ਟੈਲੀਵਿਜ਼ਨ 'ਤੇ ਹੁੰਦੀਆਂ ਬਹਿਸਾਂ ਵੇਖੀਆਂ ਹੋਣੀਆਂ ਹਨ। ਬਹਿਸਾਂ ਸਿਆਸੀ ਮਸਲਿਆਂ, ਧਾਰਮਿਕ ਮਸਲਿਆਂ ਜਾਂ ਭਖਦੇ ਮਸਲਿਆਂ 'ਤੇ ਹੋ ਸਕਦੀਆਂ ਹਨ। ਇੱਕ ਐਂਕਰ ਦੇ ਨਾਲ ਤਿੰਨ ਜਾਂ ਚਾਰ ਮਾਹਿਰ ਮੰਨੇ ਗਏ ਵਿਅਕਤੀ ਬੈਠੇ ਹੁੰਦੇ ਹਨ ਅਤੇ ਕਦੇ ਕਦੇ ਇੱਕ ਜਾਂ ਦੋ ਮਾਹਿਰਾਂ ਦਾ ਸਮਾਂ ਖਤਮ ਹੋਣ 'ਤੇ ਪੰਜਵਾਂ ਜਾਂ ਛੇਵਾਂ ਮਾਹਿਰ ਵੀ ਆ ਜਾਂਦਾ ਹੈ। ਪਰ ਬਹਿਸ ਕਿਸੇ ਵੀ ਵਿਸ਼ੇ 'ਤੇ ਹੋਵੇ, ਨਾ ਤਾਂ ਮਾਹਿਰ ਮੰਨੇ ਗਏ ਸਾਰੇ ਵਿਅਕਤੀ ਬਹਿਸ ਦੇ ਸ਼ਿਸ਼ਟਾਚਾਰ ਨੂੰ ਅਪਣਾਉਂਦੇ ਹਨ ਅਤੇ ਨਾ ਹੀ ਐਂਕਰ ਉਹਨਾਂ ਨੂੰ ਸ਼ਿਸ਼ਟਾਚਾਰ ਦੇ ਦਾਇਰੇ ਵਿੱਚ ਰੱਖਣ ਲਈ ਮਜਬੂਰ ਕਰਦੇ ਹਨ। ਜਦੋਂ ਕੋਈ ਇੱਕ ਬੋਲ ਰਿਹਾ ਹੁੰਦਾ ਹੈ ਤਾਂ ਵਿੱਚ ਦੂਜਾ ਵੀ ਬੋਲਣਾ ਸ਼ੁਰੂ ਕਰ ਦਿੰਦਾ ਹੈ ਅਤੇ ਦਰਸ਼ਕਾਂ ਦੇ ਪੱਲੇ ਕੁਝ ਵੀ ਨਹੀਂ ਪੈਂਦਾ। ਚੈਨਲ ਦਾ ਐਂਕਰ ਵੀ ਆਪਣਾ ਫਰਜ਼ ਬਿਲਕੁਲ ਨਹੀਂ ਨਿਭਾਉਂਦਾ ਕਿ ਬਹਿਸ ਸੁਚਾਰੂ ਰੂਪ ਵਿੱਚ ਚੱਲਣੀ ਚਾਹੀਦੀ ਹੈ। ਇਹ ਵੀ ਕਈ ਵਾਰ ਹੁੰਦਾ ਹੈ ਕਿ ਬਹਿਸ ਵਿੱਚ ਭਾਵੇਂ ਜ਼ਿਆਦਾ ਰੌਲਾ ਰੱਪਾ ਨਾ ਪਵੇ ਪਰ ਮਤਲਬ ਦੀ ਜਾਂ ਅਹਿਮ ਗੱਲ ਜਿਹੜੀ ਦਰਸ਼ਕਾਂ ਦੇ ਮਨ ਵਿੱਚ ਹੁੰਦੀ ਹੈ, ਉਹ ਪੁੱਛੀ ਹੀ ਨਹੀਂ ਜਾਂਦੀ। ਸ਼ਾਇਦ ਬਹਿਸਣ ਵਾਲਿਆਂ ਨਾਲ ਇਹ ਸਮਝੌਤਾ ਹੁੰਦਾ ਹੈ ਕਿ ਉਹ ਗੱਲ ਨਹੀਂ ਪੁੱਛਣੀ, ਜਿਸ ਨਾਲ ਸਰਕਾਰ ਜਾਂ ਉਸਦੇ ਵਿਭਾਗ ਨੂੰ ਜਵਾਬ ਦੇਣਾ ਮੁਸ਼ਕਲ ਹੋ ਜਾਵੇ।

ਦਰਸ਼ਕ, ਜਿਸ ਨੇ ਜਿੰਨੇ ਚੈਨਲ ਵੇਖਣੇ ਹੁੰਦੇ ਹਨ ਉਹ ਹਰ ਚੈਨਲ ਵੱਲੋਂ ਮਿਥੀ ਗਈ ਮਾਸਿਕ ਜਾਂ ਸਾਲਾਨਾ ਫੀਸ ਐਡਵਾਂਸ ਦਿੰਦਾ ਹੈ। ਇਹ ਫੀਸ ਡਿੱਸ਼ ਐਂਟੀਨਾ ਕੁਨੈਕਸ਼ਨ ਜਾਂ ਕੇਬਲ ਕੁਨੈਕਸ਼ਨ ਵਾਲੇ ਸਾਰੇ ਗਾਹਕ ਪਹਿਲਾਂ ਦਿੰਦੇ ਹਨ ਅਤੇ ਚੈਨਲ ਆਪਣੀਆਂ ਸੇਵਾਵਾਂ ਬਾਅਦ ਵਿੱਚ ਦਿੰਦੇ ਹਨ। ਫੀਸ ਦੇਣ ਵਾਲਿਆਂ ਦਾ ਹੱਕ ਬਣਦਾ ਹੈ ਕਿ ਉਹ ਦੇਸ਼ ਵਿਦੇਸ਼ ਦੀਆਂ ਨਿਰਪੱਖ ਖਬਰਾਂ ਵੇਖ ਸਕਣ, ਭਖਦੇ ਮਸਲਿਆਂ 'ਤੇ ਹੁੰਦੀਆਂ ਬਹਿਸਾਂ ਵੇਖ ਸਕਣ ਜਾਂ ਮਨ ਪਸੰਦ ਦੀਆਂ ਫਿਲਮਾਂ ਜਾਂ ਗਾਣਿਆਂ ਨਾਲ ਅਪਣਾ ਮਨੋਰੰਜਨ ਕਰ ਸਕਣ। ਗੋਦੀ ਮੀਡੀਆ ਦੇ ਯੁੱਗ ਵਿੱਚ ਨਿਰਪੱਖ ਖਬਰਾਂ ਸੁਣਨ ਦੀ ਚਾਹ ਰੱਖਣਾ ਤਾਂ ਬੇਕਾਰ ਹੈ। ਫਿਲਮਾਂ ਅਤੇ ਗਾਣਿਆਂ ਦੇ ਨਾਲ ਹੁੰਦੇ ਮਨੋਰੰਜਨ ਤੇ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਕਿਉਂਕਿ ਮਨੋਰੰਜਨ ਵਿੱਚ ਮਸਤ ਵਿਅਕਤੀ ਨੂੰ ਦੇਸ਼ ਦੀ ਸਿਆਸਤ ਜਾਂ ਆਪਣੇ ਨਫ਼ੇ ਨੁਕਸਾਨ ਨਾਲ ਕੋਈ ਮਤਲਬ ਨਹੀਂ ਰਹਿ ਜਾਂਦਾ ਅਤੇ ਸਰਕਾਰ ਵੀ ਇਹੋ ਚਾਹੁੰਦੀ ਹੈ। ਇਹਨਾਂ ਵਿੱਚੋਂ ਬਹੁਗਿਣਤੀ ਦੀ ਮਾਨਸਿਕਤਾ ਤਾਂ ਬਣ ਚੁੱਕੀ ਹੁੰਦੀ ਹੈ ਕਿ ਟੈਲੀਵਿਜ਼ਨ ਜਾਂ ਅਖ਼ਬਾਰਾਂ ਦੀਆਂ ਖ਼ਬਰਾਂ ਜਦ ਭਰੋਸੇਯੋਗ ਹੀ ਨਹੀਂ ਤਾਂ ਵੇਖਣ ਦਾ ਕੀ ਫਾਇਦਾ ? ਕੁਝ ਥੋੜੇ ਹੀ ਹੁੰਦੇ ਹਨ ਜਿਹੜੇ ਭਿੰਨ ਭਿੰਨ ਪ੍ਰਕਾਰ ਦੀਆਂ ਖਬਰਾਂ ਵਿੱਚੋਂ ਸਚਾਈ ਲੱਭਣ ਦੀ ਕੋਸ਼ਿਸ਼ ਕਰਦੇ ਹਨ।

ਸਿਆਸੀ ਬਹਿਸਾਂ ਜਾਂ ਭਖਦੇ ਵਿਸ਼ਿਆਂ ਦੀਆਂ ਬਹਿਸਾਂ ਵਿੱਚ ਗੋਦੀ ਮੀਡੀਆ ਲੋਕਾਂ ਦਾ ਧਨ ਅਤੇ ਸਮਾਂ ਨਸ਼ਟ ਕਰਨ ਵਿੱਚ ਕੋਈ ਕਸਰ ਨਹੀਂ ਛੱਡਦਾ। ਨਾ ਐਂਕਰ ਆਪਣਾ ਫਰਜ਼ ਸਮਝਦਾ ਹੈ ਅਤੇ ਨਾ ਹੀ ਬਹਿਸ ਵਿੱਚ ਹਿੱਸਾ ਲੈਣ ਵਾਲੇ ਆਪਣਾ ਫਰਜ਼ ਸਮਝਦੇ ਹਨ ਕਿ ਦਰਸ਼ਕਾਂ ਦੇ ਪੱਲੇ ਵੀ ਕੁਝ ਪੈ ਜਾਵੇ। ਬਹਿਸ ਵਿੱਚ ਹਿੱਸਾ ਲੈਣ ਵਾਲੇ ਆਪਣੇ ਵਿਸ਼ੇ ਵਿੱਚ ਮਾਹਿਰ ਹੋ ਸਕਦੇ ਹਨ ਪਰ ਬਹਿਸ ਸ਼ਿਸ਼ਟਾਚਾਰ ਦਾ ਫਰਜ਼ ਜਾਂ ਉਹ ਜਾਣਦੇ ਹੀ ਨਹੀਂ, ਜਾਂ ਜਾਣਬੁੱਝ ਕੇ ਨਿਭਾਉਂਦੇ ਨਹੀਂ। ਬੱਸ ਇੱਕ ਦੂਜੇ ਦੀ ਗੱਲ ਨੂੰ ਕੱਟਣ ਲਈ ਵਿੱਚੋਂ ਹੀ ਬੋਲ ਪੈਂਦੇ ਹਨ ਅਤੇ ਪਹਿਲਾਂ ਬੋਲਣ ਵਾਲੇ ਨੂੰ ਆਪਣੀ ਗੱਲ ਪੂਰੀ ਨਹੀਂ ਕਰਨ ਦਿੰਦੇ। ਕਈ ਵਾਰ ਤਾਂ ਅਜਿਹਾ ਲਗਦਾ ਹੈ ਕਿ ਬਹਿਸ ਦੇ ਸ਼ਿਸ਼ਟਾਚਾਰ ਦਾ ਪਾਲਣ ਕਰਨ ਵਾਲਾ ਦਰਸ਼ਕਾਂ ਤੋਂ ਜ਼ਿਆਦਾ ਖੁਦ ਨਿਰਾਸ਼ ਹੁੰਦਾ ਹੈ।

**ਵਿਸ਼ੇਸ਼ ਮੁੱਦਾ**

ਕੋਈ ਮਾਹਿਰ ਸ਼ਿਸ਼ਟਾਚਾਰ ਦਾ ਪਾਲਣ ਕਰਦਾ ਹੋਇਆ ਪਹਿਲਾਂ ਬੋਲਣ ਵਾਲੇ ਦੀ ਗੱਲ ਬੜੇ ਧੀਰਜ ਨਾਲ ਵੀਹ ਪੱਚੀ ਮਿੰਟ ਤਕ ਸੁਣਦਾ ਹੈ ਪਰ ਜਦੋਂ ਉਹ ਆਪ ਬੋਲਣ ਲਗਦਾ ਹੈ ਤਾਂ ਪਹਿਲਾ ਵਿੱਚ ਖਾਹਮ-ਖਾਹ ਬੋਲ ਪੈਂਦਾ ਹੈ। ਐਂਕਰ ਦਾ ਫ਼ਰਜ਼ ਬਣਦਾ ਹੈ ਕਿ ਵਿੱਚੋਂ ਬੋਲਣ ਵਾਲੇ ਨੂੰ ਇੱਕ ਵਾਰਨਿੰਗ ਦੇਵੇ ਅਤੇ ਜੇਕਰ ਉਹ ਫੇਰ ਵਿੱਚ ਬੋਲਦਾ ਹੈ ਤਾਂ ਉਸ ਨੂੰ ਸਖ਼ਤ ਸ਼ਬਦਾਂ ਵਿੱਚ ਬੋਲਣ ਤੋਂ ਰੋਕੇ। ਪਰ ਇਸ ਤਰਾਂ ਹੁੰਦਾ ਨਹੀਂ। ਇਸਦਾ ਵੱਡਾ ਕਾਰਣ ਇਹ ਹੈ ਕਿ ਹਰ ਟੈਲੀਵਿਜ਼ਨ ਚੈਨਲ ਦਾ ਮਾਲਿਕ ਕਿਸੇ ਨਾ ਕਿਸੇ ਸਿਆਸੀ ਪਾਰਟੀ ਦਾ ਹੁੰਦਾ ਹੈ ਅਤੇ ਐਂਕਰ ਵੀ ਉਸੇ ਪਾਰਟੀ ਨਾਲ ਸਬੰਧਿਤ ਹੁੰਦਾ ਹੈ। ਜਦੋਂ ਕੋਈ ਵਿਰੋਧੀ ਵਿਚਾਰਾਂ ਵਾਲਾ ਆਪਣੀ ਗੱਲ ਪ੍ਰਭਾਵਸ਼ਾਲੀ ਢੰਗ ਨਾਲ ਰੱਖਣੀ ਸ਼ੁਰੂ ਕਰਦਾ ਹੈ ਤਾਂ ਚੈਨਲ ਨਾਲ ਸਹਿਮਤ ਬਹਿਸ ਕਰਨ ਵਾਲਾ ਵਿੱਚੋਂ ਟੋਕਣਾ ਸ਼ੁਰੂ ਕਰ ਦਿੰਦਾ ਹੈ। ਐਂਕਰ ਟੋਕਣ ਵਾਲੇ ਨੂੰ ਮਨਾਂ ਜਾਣਬੁੱਝ ਕੇ ਨਹੀਂ ਕਰਦਾ। ਇੱਥੋਂ ਰੌਲਾ ਪੈਣ ਦਾ ਮੁੱਢ ਬੱਝ ਜਾਂਦਾ ਹੈ।




ਇੱਕ ਵਾਰ ਟੈਲੀਵਿਜ਼ਨ 'ਤੇ ਕਿਸੇ ਕੈਦੀ ਦੇ ਹੱਥ ਅਤੇ ਪੈਰ ਵਿੱਚ ਕਿੱਲ ਠੋਕਣ ਬਾਰੇ ਬਹਿਸ ਸ਼ੁਰੂ ਹੋ ਗਈ ਜਿਸ ਵਿੱਚ ਅੰਦੇਸ਼ਾ ਪ੍ਰਗਟ ਕੀਤਾ ਗਿਆ ਕਿ ਪੁਲਿਸ ਨੇ ਜੁਰਮ ਕਬੂਲ ਕਰਵਾਉਣ ਲਈ ਇਹ ਬੇਰਹਿਮੀ ਦਾ ਕਾਰਾ ਕੀਤਾ। ਇੱਕ ਬਹਿਸ ਕਰਨ ਵਾਲਾ ਬੋਲ ਰਿਹਾ ਸੀ ਕਿ ਪੁਲਿਸ ਦਾ ਪਿਛਲਾ ਕਿਰਦਾਰ ਵੇਖਣ 'ਤੇ ਤਾਂ ਲਗਦਾ ਹੈ ਕਿ ਪੁਲਿਸ ਇਹ ਕਾਰਾ ਕਰ ਸਕਦੀ ਹੈ। ਇੱਕ ਭਾਜਪਾ ਪ੍ਰਵਕਤਾ ਵਿੱਚੋਂ ਹੀ ਬੋਲਣਾ ਸ਼ੁਰੂ ਹੋ ਗਿਆ ਕਿ ਇਹ ਆਮ ਹੀ ਲੋਕਾਂ ਦਾ ਰਵਈਆ ਬਣ ਗਿਆ ਹੈ ਕਿ ਅਪਰਾਧੀ ਨੂੰ ਦੋਸ਼ੀ ਕਹਿਣ ਦੀ ਬਜਾਏ ਪੁਲਿਸ ਨੂੰ ਹੀ ਦੋਸ਼ੀ ਦੱਸਿਆ ਜਾਂਦਾ ਹੈ। ਰੌਲਾ ਤਾਂ ਜ਼ਿਆਦਾ ਨਹੀਂ ਪਿਆ ਪਰ ਕਿਸੇ ਨੇ ਵੀ ਜ਼ਰੂਰੀ ਨੁਕਤਾ ਨਹੀਂ ਉਠਾਇਆ ਕਿ ਜਿੱਥੇ ਕਿਸੇ ਨੂੰ ਕੈਦ ਕੀਤਾ ਹੁੰਦਾ ਹੈ ਉੱਥੇ ਕਿੱਲ ਕੌਣ ਰੱਖਦਾ ਹੈ ਅਤੇ ਕਿੱਲ ਠੋਕਣ ਲਈ ਹਥੌੜਾ ਜਾਂ ਹੋਰ ਕੋਈ ਚੀਜ਼ ਕੌਣ ਰੱਖਦਾ ਹੈ ?

ਜਿਸ ਬਹਿਸ ਨੂੰ ਵੇਖ ਕੇ ਮੈਨੂੰ ਸਭ ਤੋਂ ਵੱਧ ਦੁੱਖ ਹੋਇਆ, ਉਹ ਬਾਬਾ ਰਾਮ ਦੇਵ ਅਤੇ ਆਈ ਐੱਮ ਏ (ਇੰਡੀਅਨ ਮੈਡੀਕਲ ਐਸੋਸੀਏਸ਼ਨ) ਵਿਚਕਾਰ ਸੀ। ਬਾਬਾ ਰਾਮ ਦੇਵ ਨੇ ਕੁਝ ਸਮਾਂ ਪਹਿਲਾਂ ਕਿਹਾ ਸੀ ਕਿ ਐਲੋਪੈਥੀ ਇੱਕ ਫੇਲ ਵਿਗਿਆਨ ਹੈ। ਉੰਨੇ ਰੋਗੀ ਬਿਨਾ ਦਵਾਈਆਂ, ਬਿਨਾ ਆਕਸੀਜਨ ਨਹੀਂ ਮਰੇ ਜਿੰਨੇ ਐਲੋਪੈਥੀ ਵਿਧੀ ਨਾਲ ਇਲਾਜ ਕਰਵਾ ਕੇ ਮਰੇ ਹਨ। ਉੰਨੇ ਬਿਨਾ ਆਕਸੀਜਨ ਦੇ ਨਹੀਂ ਮਰੇ ਜਿੰਨੇ ਆਕਸੀਜਨ ਲੈ ਕੇ ਮਰੇ ਹਨ। ਇਸ 'ਤੇ ਆਈ ਐੱਮ ਏ ਅਤੇ ਬਹੁਤ ਸਾਰੇ ਹਸਪਤਾਲਾਂ ਦੇ ਡਾਕਟਰਾਂ ਨੇ ਗੁੱਸਾ ਪ੍ਰਗਟ ਕਰਦੇ ਹੋਏ ਕਿਹਾ ਕਿ ਅਸੀਂ ਚੌਵੀ ਚੌਵੀ ਘੰਟੇ ਆਪਣੇ ਪਰਿਵਾਰ ਛੱਡ ਕੇ ਡਿਊਟੀ ਨਿਭਾ ਰਹੇ ਹਾਂ। ਸਾਡੇ ਵਿੱਚੋਂ ਹੁਣ ਤਕ ਇੱਕ ਹਜ਼ਾਰ ਤਿੰਨ ਸੌ ਡਾਕਟਰ ਕਰੋਨਾ ਮਰੀਜ਼ਾਂ ਦਾ ਇਲਾਜ ਕਰਦੇ ਮਰ ਗਏ ਹਨ ਅਤੇ ਕਾਫੀ ਸਾਰਾ ਹੋਰ ਸਟਾਫ ਵੀ ਮਰ ਚੁੱਕਿਆ ਹੈ ਅਤੇ ਸਾਡੇ 'ਤੇ ਅਸਿੱਧੇ ਰੂਪ ਵਿੱਚ ਦੋਸ਼ ਲਗਾਇਆ ਜਾ ਰਿਹਾ ਹੈ ਕਿ ਅਸੀਂ ਲੱਖਾਂ ਲੋਕ ਇਲਾਜ ਦੇ ਨਾਮ 'ਤੇ ਮਾਰ ਦਿੱਤੇ। ਬਾਬਾ ਰਾਮ ਦੇਵ ਆਪਣਾ ਵਪਾਰ ਵਧਾਉਣ ਲਈ ਕਹਿ ਰਿਹਾ ਹੈ ਕਿ ਐਲੋਪੈਥੀ ਕੋਲ ਅਜੇ ਤਕ ਕਰੋਨਾ ਦੀ ਨਾ ਕੋਈ ਦਵਾਈ ਹੈ ਅਤੇ ਨਾ ਹੀ ਇਲਾਜ ਹੈ। **ਬਾਕੀ ਸਫ਼ਾ 30 'ਤੇ**

# ਕੋਵਿਡ ਟੀਕਿਆਂ ਤੇ ਧਨ ਦੀ ਵੰਡ ਵਿਚ ਪੰਜਾਬ ਨਾਲ ਕੇਂਦਰ ਵਲੋਂ ਵਿਤਕਰਾ

### ਪਿਆਰੇ ਲਾਲ ਗਰਗ

ਭਾਰਤ ਸਰਕਾਰ ਨੇ ਕੋਵਿਡ ਟੀਕਾਕਰਨ ਵਿਚ ਖ਼ੁਰਾਕਾਂ ਦੀ ਗਿਣਤੀ ਤੇ ਬਾਕੀ ਹੋਰ ਪ੍ਰਬੰਧਾਂ ਵਾਸਤੇ ਅਨੁਮਾਨ ਲਗਾਉਣ ਲਈ ਅਤੇ ਸ੍ਰੋਤਾਂ ਦੀ ਵੰਡ ਲਈ, ਦੇਸ਼ ਦੀ ਸੂਬਿਆਂ ਦੀ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਸਾਲ 2020 ਦੇ ਮੱਧ ਦੀ ਆਬਾਦੀ ਨੂੰ ਲਿਆ ਹੈ। ਇਹ ਇਕ ਸਹੀ ਪੈਮਾਨਾ ਹੈ। ਅਕਤੂਬਰ 2020 ਨੂੰ ਭਾਰਤ ਦੀ ਅਨੁਮਾਨਤ ਆਬਾਦੀ ਕਰੀਬ 136 ਕਰੋੜ (1,35,69,78,000) ਹੈ। ਪੰਜਾਬ (3,02,39,000), ਹਰਿਆਣਾ (2,93,14,000), ਲੱਦਾਖ (2,96,000), ਜੰਮੂ ਕਸ਼ਮੀਰ (1,33,65,000), ਹਿਮਾਚਲ ਪ੍ਰਦੇਸ਼ (73,74,000) ਤੇ ਉੱਤਰਾਖੰਡ (1,13,46,000) ਹੈ। ਭਾਰਤ ਸਰਕਾਰ ਨੇ 03 ਮਈ, 2021 ਸਵੇਰ 8.00 ਵਜੇ ਤੱਕ ਦੇਸ਼ ਦੇ 37 ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਕੋਵਿਡ ਵੈਕਸੀਨ ਦੀਆਂ ਕਰੀਬ ਸਾਢੇ ਸੋਲਾਂ ਕਰੋੜ (16,54,93,410) ਖ਼ੁਰਾਕਾਂ ਵੰਡੀਆਂ ਸਨ। ਪੰਜਾਬ ਨੂੰ (36,86,770), ਹਰਿਆਣਾ (45,02,220), ਲੱਦਾਖ (2,26,030) ਜੰਮੂ ਕਸ਼ਮੀਰ (24,81,840), ਹਿਮਾਚਲ ਪ੍ਰਦੇਸ਼ (20,31,690) ਤੇ ਉੱਤਰਾਖੰਡ ਨੂੰ (21,19,010) ਖ਼ੁਰਾਕਾਂ ਮਿਲੀਆਂ ਹਨ। ਪ੍ਰਤੀ ਕਰੋੜ ਆਬਾਦੀ ਇਹ ਖ਼ੁਰਾਕਾਂ ਪੰਜਾਬ ਨੂੰ ਸਭ ਤੋਂ ਘੱਟ 12 ਲੱਖ 19 ਹਜ਼ਾਰ, ਲੱਦਾਖ ਨੂੰ ਸਭ ਤੋਂ ਵੱਧ 76 ਲੱਖ 36 ਹਜ਼ਾਰ, ਜਦਕਿ ਬਾਕੀ ਸੂਬਿਆਂ ਨੂੰ ਪੰਜਾਬ ਤੋਂ ਕਿਤੇ ਵੱਧ ਦਿੱਤੀਆਂ ਗਈਆਂ ਜਿਵੇਂ ਹਰਿਆਣਾ ਨੂੰ 15 ਲੱਖ 36 ਹਜ਼ਾਰ , ਜੰਮੂ ਕਸ਼ਮੀਰ ਨੂੰ 18 ਲੱਖ 56 ਹਜ਼ਾਰ, ਹਿਮਾਚਲ ਪ੍ਰਦੇਸ਼ ਨੂੰ 27 ਲੱਖ 53 ਹਜ਼ਾਰ ਅਤੇ ਉੱਤਰਾਖੰਡ ਨੂੰ 18 ਲੱਖ 67 ਹਜ਼ਾਰ ਖ਼ੁਰਾਕਾਂ ਦਿੱਤੀਆਂ ਹਨ। ਇਨਾਂ ਖ਼ੁਰਾਕਾਂ ਦੀ ਵਰਤੋਂ ਹੋ ਕੇ ਬਾਕੀ ਬਚੀਆਂ ਖ਼ੁਰਾਕਾਂ ਸਭ ਤੋਂ ਘੱਟ ਪੰਜਾਬ ਵਿਚ 5253 ਹਨ ਜਦ ਕਿ ਲੱਦਾਖ ਵਿਚ 1,12,024, ਹਰਿਆਣਾ ਵਿਚ 4,90,714, ਜੰਮੂ ਕਸ਼ਮੀਰ ਵਿਚ 54,423, ਹਿਮਾਚਲ ਪ੍ਰਦੇਸ਼ ਵਿਚ 2,02,737 ਤੇ ਉੱਤਰਾਖੰਡ ਵਿਚ 5294 ਖ਼ੁਰਾਕਾਂ ਬਾਕੀ ਬਚੀਆਂ ਹਨ। ਪੰਜਾਬ ਨੂੰ ਸਭ ਤੋਂ ਘੱਟ ਖ਼ੁਰਾਕਾਂ ਮਿਲਣ ਦੇ ਬਾਵਜੂਦ ਅਤੇ ਸਭ ਤੋਂ ਘੱਟ ਬਾਕੀ ਹੋਣ ਦੇ ਬਾਵਜੂਦ ਪੰਜਾਬ ਨੂੰ ਕੇਵਲ ਪੌਣੇ ਤਿੰਨ ਲੱਖ ਤੇ ਇਸ ਤੋਂ ਅੱਧੀ ਤੋਂ ਵੀ ਘੱਟ ਆਬਾਦੀ ਵਾਲੇ ਉੱਤਰਾਖੰਡ ਨੂੰ ਸਵਾ ਤਿੰਨ ਲੱਖ ਖ਼ੁਰਾਕਾਂ ਹੋਰ ਭੇਜ ਦਿੱਤੀਆਂ ਗਈਆਂ। ਪੰਜਾਬ ਉੱਪਰ ਦੋਸ਼ ਲਾਇਆ ਜਾ ਰਿਹਾ ਹੈ ਕਿ ਇਸ ਨੇ ਕੋਵਿਡ ਵੈਕਸੀਨ ਜ਼ਾਇਆ ਬਹੁਤ ਜ਼ਿਆਦਾ ਕਰ ਦਿੱਤਾ ਹੈ। ਤੱਥ ਦਰਸਾਉਂਦੇ ਹਨ ਕਿ ਪੰਜਾਬ ਵਿਚ ਜ਼ਾਇਆ ਵੈਕਸੀਨ ਦੀ ਦਰ 4.98 ਫ਼ੀਸਦੀ ਹੈ ਜੋ ਗੁਆਂਢੀ ਰਾਜ ਹਰਿਆਣਾ ਦੀ 5.72 ਫ਼ੀਸਦੀ ਨਾਲੋਂ ਕਿਤੇ ਘੱਟ ਹੈ। ਇਸੇ ਤਰਾਂ ਗੁਜਰਾਤ ਦੀ ਕਰੀਬ 7 ਕਰੋੜ (6,94,02,000) ਪੰਜਾਬ ਨਾਲੋਂ ਸਵਾ ਦੋ ਗੁਣਾ ਆਬਾਦੀ ਨੂੰ ਕੋਵਿਡ ਖ਼ੁਰਾਕਾਂ ਪੰਜਾਬ ਦੇ ਮੁਕਾਬਲੇ ਕਿਤੇ ਵੱਧ ਸਵਾ ਕਰੋੜ ਤੋਂ ਉੱਪਰ (1,32,71,790) ਭਾਵ ਕਿ ਸਾਢੇ ਤਿੰਨ ਗੁਣਾ ਦਿੱਤੀਆਂ ਗਈਆਂ ਅਤੇ ਇਹ ਪ੍ਰਤੀ ਕਰੋੜ 19 ਲੱਖ 12 ਹਜ਼ਾਰ ਭਾਵ ਪੰਜਾਬ ਨਾਲੋਂ ਡੇਢ ਗੁਣਾ ਤੋਂ ਵੀ ਵੱਧ ਦਿੱਤੀਆਂ ਗਈਆਂ। ਹੁਣ ਵੀ ਗੁਜਰਾਤ ਕੋਲ 74,636 ਖ਼ੁਰਾਕਾਂ ਬਚੀਆਂ ਪਈਆਂ ਹਨ ਅਤੇ 4 ਲੱਖ ਹੋਰ ਭੇਜ ਦਿੱਤੀਆਂ। ਇਸ ਤਰਾਂ ਪੰਜਾਬ ਨਾਲ ਕੋਵਿਡ ਖ਼ੁਰਾਕਾਂ ਦੀ ਵੰਡ ਵਿਚ ਗੁਆਂਢੀ ਭਾਜਪਾ ਸਰਕਾਰਾਂ ਵਾਲੇ ਰਾਜਾਂ ਦੇ ਮੁਕਾਬਲੇ ਅਤੇ ਗੁਜਰਾਤ ਦੇ ਮੁਕਾਬਲੇ ਘੋਰ ਵਿਤਕਰਾ ਕੀਤਾ ਗਿਆ। ਕੇਂਦਰ ਸਰਕਾਰ ਕੋਲ 3 ਮਈ ਤੱਕ ਕੁੱਲ 1.35 ਕਰੋੜ ਖ਼ੁਰਾਕਾਂ ਉਪਲਬਧ ਸਨ ਅਤੇ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਅਗਲੇ ਤਿੰਨ ਦਿਨਾਂ ਵਿਚ 60 ਲੱਖ ਖ਼ੁਰਾਕਾਂ ਸੂਬਿਆਂ ਨੂੰ ਵੰਡ ਦਿੱਤੀਆਂ ਜਾਣਗੀਆਂ। ਉਹ ਵੰਡ ਕਿੰਨੀ ਕੁ ਨਿਆਂ ਸੰਗਤ ਤੇ ਤਰਕ ਸੰਗਤ ਹੋਵੇਗੀ ਆਉਣ ਵਾਲਾ ਸਮਾਂ ਹੀ ਦੱਸੇਗਾ।




**ਰਾਸ਼ਟਰੀ ਟੀਕਾਕਰਨ ਨੀਤੀ ਦਾ ਭੋਗ**

ਟੀਕਾਕਰਨ ਵਾਸਤੇ ਟੀਕੇ ਸਦਾ ਹੀ ਭਾਰਤ ਸਰਕਾਰ ਵਲੋਂ ਭੇਜੇ ਜਾਂਦੇ ਰਹੇ ਹਨ। ਪਰ ਕੋਵਿਡ ਵਿਚ ਕੇਂਦਰ ਨੇ ਇਹ ਜ਼ਿੰਮੇਵਾਰੀ ਆਪਣੇ ਗਲੋਂ ਲਾਹ ਕੇ ਸੂਬਿਆਂ ਦੇ ਗਲ ਪਾ ਦਿੱਤੀ ਅਤੇ ਕੀਮਤ ਵੀ ਸੂਬਿਆਂ ਲਈ ਦੁੱਗਣੀ ਕਰ ਕੇ ਪ੍ਰਾਈਵੇਟ ਕੰਪਨੀ ਨੂੰ ਹਜ਼ਾਰਾਂ ਕਰੋੜਾਂ ਦੀ ਲੁੱਟ ਕਰਨ ਦੀ ਖੁਲ ਦੇ ਦਿੱਤੀ। ਅਸਚਰਜ ਇਹ ਹੈ ਕਿ ਅਜੇ ਵੀ ਕਿੰਨੀਆਂ ਖ਼ੁਰਾਕਾਂ ਕਿਸ ਸੂਬੇ ਨੂੰ ਮਿਲਣਗੀਆਂ ਤੇ ਉਸ ਨੇ ਕਿੰਨੀਆਂ ਖ਼ੁਰਾਕਾਂ ਕਿਸ ਮਕਸਦ ਵਾਸਤੇ ਉਮਰ ਗੁੱਟ ਵਾਸਤੇ ਵਰਤਣੀਆਂ ਹਨ, ਉਹ ਕੇਂਦਰ ਤੈਅ ਕਰਦਾ ਹੈ।

ਧਨ ਦੀ ਵੰਡ: ਇਸੇ ਤਰਾਂ ਧਨ ਦੀ ਵੰਡ ਉਪਰ ਵੀ ਨਜ਼ਰ ਮਾਰਨੀ ਬਣਦੀ ਹੈ ਤਾਂ ਕਿ ਸਾਡੇ ਸੰਘੀ ਢਾਂਚੇ ਦੇ ਹਸ਼ਰ ਦੀ ਤਸਵੀਰ ਸਾਡੇ ਸਾਹਮਣੇ ਆ ਜਾਵੇ। ਕੇਂਦਰ ਸਰਕਾਰ ਨੇ ਸੂਬਾ ਆਫ਼ਤ ਰਾਹਤ ਪ੍ਰਬੰਧ ਕੋਸ਼ ਅਤੇ ਰਾਸ਼ਟਰੀ ਆਫ਼ਤ ਰਾਹਤ ਕੋਸ਼ ਵਿਚੋਂ 28 ਸੂਬਿਆਂ ਨੂੰ ਕੁੱਲ 31500/- ਕਰੋੜ ਰੁਪਏ ਦੀ ਰਾਸ਼ੀ ਵੰਡੀ। ਇਸ ਵਿਚੋਂ 23,210/- ਕਰੋੜ ਦੀ ਰਾਸ਼ੀ 10 ਸੂਬਿਆਂ ਨੂੰ ਵੰਡੀ ਜਿਨਾਂ ਵਿਚ ਸ਼ਾਮਿਲ ਹਨ ਮੱਧ ਪ੍ਰਦੇਸ਼ 3712 ਕਰੋੜ, ਮਹਾਰਾਸ਼ਟਰ 3642 ਕਰੋੜ, ਪੱਛਮੀ ਬੰਗਾਲ 3261, ਬਿਹਾਰ 2671, ਉਡੀਸਾ 2104, ਉੱਤਰ ਪ੍ਰਦੇਸ਼ 1933, ਆਂਧਰਾ 1776, ਕਰਨਾਟਕ 1480, ਗੁਜਰਾਤ 1324 ਅਤੇ ਤਾਮਿਲਨਾਡੂ 1307 ਕਰੋੜ। ਸੂਬਾ ਰਾਹਤ ਕੋਸ਼ ਦਾ ਮਿਲਿਆ ਪੈਸਾ ਕਿਵੇਂ ਵਰਤਣਾ ਹੈ ਇਹ ਵੀ ਕੇਂਦਰ ਸਰਕਾਰ ਨੇ ਤਹਿ ਕੀਤਾ ਹੈ। ਕੇਂਦਰ ਦੇ ਹੁਕਮ ਮੁਤਾਬਕ ਇਸ ਵਿਚੋਂ ਅੱਧਾ ਪੈਸਾ ਹੀ ਕੋਵਿਡ ਦੀ ਰੋਕਥਾਮ ਤੇ ਪ੍ਰਬੰਧ ਵਾਸਤੇ ਖ਼ਰਚਣ ਦੀ ਮਨਜ਼ੂਰੀ ਦਿੱਤੀ ਗਈ ਹੈ।

ਐਮਰਜੈਂਸੀ ਪ੍ਰਤੀਕਿਰਿਆ ਅਤੇ ਸਿਹਤ ਪ੍ਰਣਾਲੀਆਂ ਦੀ ਕੋਵਿਡ ਵਿਰੁੱਧ ਲੜਾਈ ਦੀ ਸਕੀਮ ਤਹਿਤ ਤਿਆਰੀ ਵਾਸਤੇ ਕੇਂਦਰ ਵਲੋਂ ਦੋ ਪੜਾਵਾਂ ਵਿਚ 5982.78 ਕਰੋੜ ਰੁਪਏ 31 ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ 2020-21 ਵਿਚ ਮਨਜ਼ੂਰ ਕੀਤੇ ਗ ਸਨ ਤੇ ਪਹਿਲੀ ਕਿਸ਼ਤ ਪੂਰੀ ਜਾਰੀ ਕਰ ਦਿੱਤੀ ਹੈ ਅਤੇ ਦੂਜੀ ਅਜੇ ਅੱਧੀ ਜਾਰੀ ਕੀਤੀ ਗਈ ਹੈ। ਇਸ ਵੰਡ ਵਿਚ ਵੀ ਪੰਜਾਬ ਨਾਲ ਹਰਿਆਣੇ ਦੇ ਮੁਕਾਬਲੇ ਵਿਤਕਰਾ ਕੀਤਾ ਗਿਆ ਹੈ ਜਦ ਕਿ ਪੰਜਾਬ ਵਿਚ ਹਰਿਆਣੇ ਨਾਲੋਂ ਗੰਭੀਰ ਕੇਸ ਵੀ ਜ਼ਿਆਦਾ ਹਨ ਤੇ ਮੌਤਾਂ ਵੀ ਵੱਧ ਹਨ ਪਰ ਹਰਿਆਣੇ ਨੂੰ ਪਹਿਲੀ ਤੇ ਦੂਜੀ ਕਿਸ਼ਤ ਦੇ ਕੁੱਲ 138 ਕਰੋੜ ਮਨਜ਼ੂਰ ਕੀਤੇ ਗਏ ਜਦਕਿ ਪੰਜਾਬ ਨੂੰ ਉਸ ਤੋਂ ਕਰੀਬ 7 ਕਰੋੜ ਘੱਟ ਦੀ ਰਾਸ਼ੀ 131.13 ਕਰੋੜ ਮਨਜ਼ੂਰ ਹੋਏ। ਪੰਜਾਬ ਦੀ ਆਬਾਦੀ 3.02 ਕਰੋੜ ਹੈ ਜਦਕਿ ਹਰਿਆਣੇ ਦੀ 2.93 ਕਰੋੜ ਹੈ। ਜੇ ਦੇਸ਼ ਭਰ ਦਾ ਹਿਸਾਬ ਵੇਖੀਏ ਤਾਂ ਕੁੱਲ 5982.78 ਕਰੋੜ ਵਿਚੋਂ ਪੰਜਾਬ ਨੂੰ 2.19 ਫ਼ੀਸਦੀ ਰਾਸ਼ੀ ਅਲਾਟ ਕੀਤੀ ਹੈ ਜਦ ਕਿ ਅਕਤੂਬਰ 2020 ਦੀ ਅਨੁਮਾਨਤ ਆਬਾਦੀ ਮੁਤਾਬਿਕ ਪੰਜਾਬ ਦੀ ਆਬਾਦੀ ਦੇਸ਼ ਦਾ 2.23 ਫ਼ੀਸਦੀ ਹੈ। ਦੇਸ਼ ਵਿਚ ਕੁਲ ਕੋਰੋਨਾ ਕੇਸ 2,29,91651 ਵਿਚੋਂ 4,50,674 (1.96 ਫ਼ੀਸਦੀ) ਹਨ ਅਤੇ ਕੁਲ 2,50,025 ਮੌਤਾਂ ਵਿਚੋਂ 10704 (4.28 ਫ਼ੀਸਦੀ) ਪੰਜਾਬ ਵਿਚ ਹਨ ਪਰ ਪੰਜਾਬ ਨੂੰ ਫੰਡਾਂ ਦਾ ਪ੍ਰਤੀਸ਼ਤ ਘੱਟ ਹੈ।

ਕੇਂਦਰ ਸਰਕਾਰ ਵੱਲੋਂ ਅੰਕੜਿਆਂ ਵਿਚ ਵੀ ਲੁਕਾਅ: ਭਾਰਤ ਵਿਚ 27 ਅਪ੍ਰੈਲ ਨੂੰ ਕੁੱਲ ਕੋਰੋਨਾ ਕੇਸ 1,79,88637 ਸਨ ਅਤੇ 11 ਮਈ ਨੂੰ ਇਹ ਗਿਣਤੀ 2,29,91,651 ਸੀ। ਇਸ ਤਰਾਂ 14 ਦਿਨਾਂ ਵਿਚ 50,03,014 ਨਵੇਂ ਕੇਸ ਆਏ ਤੇ ਇਸ ਸਮੇਂ ਦੌਰਾਨ 50,025 ਮੌਤਾਂ ਹੋਈਆਂ ਭਾਵ 49,52,989 ਮਾਮਲੇ ਸਰਗਰਮ ਹਨ, ਕਿਉਂਕਿ 14 ਦਿਨ ਬਾਅਦ ਹੀ ਕਿਸੇ ਕੋਰੋਨਾ ਕੇਸ ਨੂੰ ਨੈਗੇਟਿਵ ਕਹਿਣਾ ਹੁੰਦਾ ਹੈ। ਹਸਪਤਾਲ ਵਿਚ ਲੱਛਣ ਸ਼ੁਰੂ ਹੋਣ ਤੋਂ 10 ਦਿਨ ਬਾਅਦ ਛੁੱਟੀ ਕਰਨੀ ਹੁੰਦੀ ਹੈ। ਜੇ ਆਖਰੀ ਤਿੰਨ ਦਿਨ ਬੁਖਾਰ ਨਾ ਹੋਵੇ ਪਰ ਮਰੀਜ਼ ਨੇ ਘਰ ਜਾ ਕੇ 7 ਦਿਨ ਇਕਾਂਤਵਾਸ ਰਹਿਣਾ ਹੁੰਦਾ ਹੈ। ਪਰ ਸਰਕਾਰ ਅਨੁਸਾਰ ਸਰਗਰਮ ਕੇਸਾਂ ਦਾ ਅੰਕੜਾ 37,15,188 ਹੈ ਅਤੇ ਅਤਿ ਗੰਭੀਰ ਕੇਸਾਂ ਦਾ ਅੰਕੜਾ ਬਹੁਤ ਦੇਰ ਤੋਂ ਹੀ ਕੇਵਲ 8944 ਹੈ। ਇਸ ਤੋਂ ਵੀ ਸ਼ੰਕੇ ਪੈਦਾ ਹੁੰਦੇ ਹਨ। ਹਰਿਆਣਾ ਤੇ ਮੱਧ ਪ੍ਰਦੇਸ਼ ਵਿਚ ਕਈ ਜਗਾ ਤੇ ਕੋਰੋਨਾ ਲਾਸ਼ਾਂ ਦੇ ਦਾਹ ਸੰਸਕਾਰ ਦੀ ਗਿਣਤੀ ਦੇ ਮੁਕਾਬਲੇ ਰਿਪੋਰਟ ਵਿਚ ਮੌਤਾਂ ਦੀ ਗਿਣਤੀ ਅੱਧੇ ਤੋਂ ਵੀ ਘੱਟ ਵਿਖਾਈ ਗਈ ਹੈ। ਉੱਤਰ ਪ੍ਰਦੇਸ਼ ਵਿਚ ਮ੍ਰਿਤਕ ਦੇਹਾਂ ਨੂੰ ਗੰਗਾ ਵਿਚ ਵਹਾਇਆ ਜਾ ਰਿਹਾ ਹੈ। ਟੈਸਟ ਦਰ ਘਟਾ ਕੇ ਕੋਰੋਨਾ ਦੇ ਅੰਕੜੇ ਘਟਾਏ ਜਾ ਰਹੇ ਹਨ। ਹੁਣ ਕੁੰਭ ਤੋਂ ਬਾਅਦ ਹਰਦੁਆਰ ਵਿਚ ਟੈਸਟਾਂ ਦੀ ਗਿਣਤੀ ਘਟਾ ਕੇ 3000 ਕਰ ਦਿੱਤੀ ਗਈ ਹੈ। ਸਾਜ਼ੋ-ਸਾਮਾਨ ਦੇ ਘਟੀਆ ਹੋਣ ਦੇ, ਕੇਂਦਰ ਵੱਲੋਂ ਆਪਣੇ ਪੱਧਰ 'ਤੇ ਸਾਮਾਨ ਖ਼ਰੀਦ ਕੇ ਭੇਜਣ ਦੇ ਕਾਰਨ ਅਤੇ ਵੈਂਟੀਲੇਟਰਾਂ ਦੇ ਨੁਕਸਦਾਰ ਹੋਣ ਅਤੇ ਟੈਸਟ ਕਿੱਟਾਂ ਘਟੀਆ ਹੋਣ ਦੇ ਦੋਸ਼ ਭ੍ਰਿਸ਼ਟਾਚਾਰ ਵੱਲ ਸੰਕੇਤ ਕਰਦੇ ਹਨ। ਸਪੱਸ਼ਟ ਹੈ ਕਿ ਕੋਵਿਡ ਨੂੰ ਕੇਂਦਰ ਸਰਕਾਰ ਨੇ ਅੰਕੜਿਆਂ ਦੀ, ਭ੍ਰਿਸ਼ਟਾਚਾਰ ਦੀ ਅਤੇ ਵਿਤਕਰੇਬਾਜ਼ੀ ਦੀ, ਸਿਆਸਤ ਅਤੇ ਖੇਡ ਬਣਾ ਲਿਆ ਹੈ। ਮਾਹਰਾਂ ਨੂੰ ਲਿਖਣਾ ਪਿਆ ਹੈ ਕਿ ਸਰਕਾਰ ਸਹੀ ਅੰਕੜੇ ਨਸ਼ਰ ਕਰੇ। ਅੱਜ ਲੋੜ ਹੈ ਕਿ ਮੱਧ ਯੁਗੀ ਸੋਚ ਛੱਡ ਕੇ ਵਿਗਿਆਨਕ ਤਰੀਕੇ ਨਾਲ ਕੋਵਿਡ ਨੂੰ ਕੰਟਰੋਲ ਕਰਨ ਵਾਸਤੇ ਸਾਰੀਆਂ ਸਿਆਸੀ ਧਿਰਾਂ ਦਾ ਸਹਿਯੋਗ ਲਿਆ ਜਾਵੇ ਅਤੇ ਜਨਤਾ ਦੀ ਸਰਗਰਮ ਸ਼ਮੂਲੀਅਤ ਕਰਵਾਈ ਜਾਵੇ।

# ਕੋਰੋਨਾ ਦਹਿਸ਼ਤ ਕਾਰਨ ਭਾਰਤ ਛੱਡ ਰਹੇ ਨੇ ਅਮੀਰ ਲੋਕ

## ✪ ਅਮੀਰ ਪਰਿਵਾਰ ਆਪਣੇ ਨਿੱਜੀ ਜਹਾਜ਼ਾਂ ਰਾਹੀਂ ਪਹੁੰਚ ਰਹੇ ਨੇ ਸਿੰਗਾਪੁਰ ✪ ਸਿੰਗਾਪੁਰ ਅਮੀਰਾਂ ਲਈ ਸੁਰੱਖਿਅਤ ਟਿਕਾਣਾ ਬਣਿਆ

## ✪ ਮੁਕੇਸ਼ ਅੰਬਾਨੀ ਪਰਿਵਾਰ ਸਮੇਤ ਨਿੱਜੀ ਜਹਾਜ਼ ਰਾਹੀਂ ਮੁੰਬਈ ਤੋਂ ਲੰਡਨ ਪਹੁੰਚਿਆ

### ਪ੍ਰੋਫੈਸਰ ਕੁਲਬੀਰ ਸਿੰਘ

ਮੀਡੀਆ ਵਿਚ ਅਕਸਰ ਵਿਸ਼ਵ ਦੇ ਅਮੀਰਾਂ ਦੀ ਸੂਚੀ ਪ੍ਰਕਾਸ਼ਿਤ, ਪ੍ਰਸਾਰਿਤ ਹੁੰਦੀ ਰਹਿੰਦੀ ਹੈ ਪਰ ਮੈਂ ਕਦੇ ਧਿਆਨ ਨਹੀਂ ਦਿੱਤਾ। ਫਿਰ ਕੋਰੋਨਾ ਸੰਕਟ ਦੇ ਆਰੰਭਲੇ ਮਹੀਨਿਆਂ ਦੌਰਾਨ ਅਮਰੀਕਾ ਤੋਂ ਖ਼ਬਰਾਂ ਆਈਆਂ ਕਿ ਬਹੁਤ ਸਾਰੇ ਧਨਾਢ ਲੋਕ ਨਿਊਯਾਰਕ ਸ਼ਹਿਰ ਛੱਡ ਕੇ ਬਾਹਰ ਖੁੱਲੀਆਂ ਥਾਵਾਂ 'ਤੇ ਨਵੇਂ ਖੁੱਲੇ ਘਰ ਖ਼ਰੀਦ ਕੇ ਰਹਿਣ ਲੱਗੇ ਹਨ। ਇਸ ਨੂੰ ਵੀ ਮੈਂ ਇਸ ਨਜ਼ਰੀਏ ਨਾਲ ਪੜਿਆ ਕਿ ਆਪੋ-ਆਪਣੇ ਵਿੱਤ ਅਨੁਸਾਰ ਜਾਨ ਬਚਾਉਣ ਲਈ ਹਰ ਕੋਈ ਉਪਰਾਲੇ ਕਰ ਰਿਹਾ ਹੈ।

ਕੁਝ ਮਹੀਨੇ ਪਹਿਲਾਂ ਜਦ ਕੋਰੋਨਾ ਨੇ ਮਹਾਰਾਸ਼ਟਰ ਵਿਚ ਆਪਣਾ ਰੰਗ ਵਿਖਾਉਣਾ ਸ਼ੁਰੂ ਕੀਤਾ ਤਾਂ ਵੱਡੀਆਂ-ਵੱਡੀਆਂ ਹਸਤੀਆਂ ਇਸ ਦੀ ਲਪੇਟ ਵਿਚ ਆਉਣ ਲੱਗੀਆਂ। ਸਖ਼ਤ ਤਾਲਾਬੰਦੀ ਲੱਗ ਗਈ। ਜ਼ਿੰਦਗੀ ਰੁਕ ਗਈ। ਲੰਡਨ ਦੀਆਂ ਅਖ਼ਬਾਰਾਂ ਵਿਚ ਖ਼ਬਰ ਛਪੀ 'ਅਮੀਰ ਭਾਰਤੀਆਂ ਦੇ ਨਿੱਜੀ ਜਹਾਜ਼ ਗੈਟਵਿਕ ਏਅਰਪੋਰਟ 'ਤੇ ਉੱਤਰ ਰਹੇ ਹਨ।' ਇਹ ਖ਼ਬਰ ਮੁਕੇਸ਼ ਅੰਬਾਨੀ ਨਾਲ ਸਬੰਧਤ ਸੀ। ਉਹ ਪਰਿਵਾਰ ਸਮੇਤ ਨਿੱਜੀ ਜਹਾਜ਼ ਰਾਹੀਂ ਮੁੰਬਈ ਤੋਂ ਲੰਡਨ ਪਹੁੰਚ ਗਿਆ ਸੀ। ਇਹ ਵਰਤਾਰਾ ਵਿਸ਼ਵ ਭਰ ਦੇ ਅਮੀਰ ਤਬਕੇ ਵਿਚ ਵੇਖਿਆ ਜਾ ਰਿਹਾ ਹੈ। ਪ੍ਰੰਤੂ ਤਾਜ਼ਾ ਖ਼ਬਰਾਂ ਸਿੰਗਾਪੁਰ ਤੋਂ ਆ ਰਹੀਆਂ ਹਨ। ਜਿਨਾਂ ਨੂੰ ਪੜ ਕੇ ਤੁਸੀਂ ਹੈਰਾਨ ਪ੍ਰੇਸ਼ਾਨ ਰਹਿ ਜਾਂਦੇ ਹੋ। ਇਕ ਪਾਸੇ ਬਹੁਗਿਣਤੀ ਲੋਕਾਂ ਨੂੰ ਰੋਟੀ-ਰੋਜ਼ੀ ਲਈ, ਇਲਾਜ ਲਈ, ਜੀਵਨ ਨਿਰਬਾਹ ਲਈ ਜੂਝਣਾ ਪੈ ਰਿਹਾ ਹੈ। ਦੂਸਰੇ ਪਾਸੇ ਇਸ ਵਰਗ ਦੇ ਰੰਗ-ਢੰਗ ਨਿਆਰੇ ਹਨ। ਭਾਰਤ, ਚੀਨ, ਅਮਰੀਕਾ, ਮਲੇਸ਼ੀਆ, ਇੰਡੋਨੇਸ਼ੀਆ ਦੇ ਬਹੁਤ ਸਾਰੇ ਅਰਬਪਤੀ ਪਰਿਵਾਰ ਸਿੰਗਾਪੁਰ ਜਾ ਕੇ ਰਹਿਣ ਲੱਗੇ ਹਨ। ਸਿੰਗਾਪੁਰ ਉਨਾਂ ਲਈ ਸੁਰੱਖਿਅਤ ਟਿਕਾਣਾ ਬਣ ਗਿਆ ਹੈ। ਅਜਿਹੇ ਅਨੇਕਾਂ ਪਰਿਵਾਰਾਂ ਨੇ ਆਪਣੇ ਬਜ਼ੁਰਗਾਂ ਨੂੰ ਕੋਰੋਨਾ ਤੋਂ ਬਚਾਉਣ ਲਈ ਇਥੇ ਭੇਜ ਦਿੱਤਾ ਹੈ। ਕਈ ਵੱਡੀਆਂ ਕੰਪਨੀਆਂ, ਵੱਡੇ ਅਦਾਰੇ ਆਪਣੇ ਦਫ਼ਤਰ ਉਥੇ ਖੋਲ ਰਹੇ ਹਨ। ਕਾਰੋਬਾਰ ਆਰੰਭ ਕਰ ਰਹੇ ਹਨ। ਅਜਿਹੇ ਲੋਕਾਂ ਨੇ ਜਦ ਉਥੇ ਰਹਿਣਾ ਹੈ ਤਾਂ ਉਨਾਂ ਦੀ ਜੀਵਨਸ਼ੈਲੀ ਉਨਾਂ ਦੀਆਂ ਲੋੜਾਂ ਵੀ ਉਹੋ ਜਿਹੀਆਂ ਹੋਣਗੀਆਂ। ਮਹਿੰਗੀਆਂ ਕਾਰਾਂ ਦੇ ਡੀਲਰ ਇਸ ਗੱਲੋਂ ਹੈਰਾਨ ਹਨ ਕਿ ਕਰੋੜਾਂ ਦੀ ਕੀਮਤ ਵਾਲੀਆਂ ਕਾਰਾਂ ਦੇ ਧੜਾਧੜ ਆਰਡਰ ਕਿਉਂ ਆ ਰਹੇ ਹਨ? ਬੈਂਟਲੇ, ਰਾਲਸ ਰਾਇਲ ਅਤੇ ਮਰਸਡੀਜ਼ ਦੀਆਂ ਬੀਤੇ ਕੁਝ ਮਹੀਨਿਆਂ ਦੌਰਾਨ 1300 ਕਾਰਾਂ ਵਿਕ ਗਈਆਂ ਹਨ। ਇਨਾਂ ਕਾਰ ਡੀਲਰਾਂ ਲਈ ਅਚੰਭੇ ਭਰਿਆ ਵਰਤਾਰਾ ਹੈ। ਉਹ ਕੀਮਤ ਪੁੱਛਦੇ ਹਨ, ਕਦੋਂ ਮਿਲੇਗੀ ਪੁੱਛਦੇ ਹਨ ਤੇ ਆਰਡਰ ਦੇ ਦਿੰਦੇ ਹਨ। ਹੁਣ ਮੀਡੀਆ ਰਾਹੀਂ ਸਾਹਮਣੇ ਆਇਆ ਹੈ ਕਿ ਇਹ ਸਾਰੀਆਂ ਕਾਰਾਂ ਕੋਰੋਨਾ ਵਾਇਰਸ ਦੀ ਦੂਸਰੀ ਲਹਿਰ ਦੌਰਾਨ ਉਪਰੋਕਤ ਮੁਲਕਾਂ ਤੋਂ ਸਿੰਗਾਪੁਰ ਆ ਵਸੇ ਅਮੀਰ ਪਰਿਵਾਰਾਂ ਨੇ ਖ਼ਰੀਦੀਆਂ ਹਨ।

ਬੀਤੇ ਦਿਨੀਂ ਕੌਮੀ ਅਖ਼ਬਾਰਾਂ ਦੁਆਰਾ ਮੁੱਖ ਪੰਨੇ 'ਤੇ ਪ੍ਰਮੁੱਖਤਾ ਨਾਲ ਪ੍ਰਸਾਰਤ ਕੀਤੀ ਗਈ ਇਕ ਸਟੋਰੀ ਅਨੁਸਾਰ ਅਜਿਹੇ ਸਾਰੇ ਪਰਿਵਾਰ ਆਪਣੇ ਨਿੱਜੀ ਜਹਾਜ਼ਾਂ ਰਾਹੀਂ ਸਿੰਗਾਪੁਰ ਪਹੁੰਚ ਰਹੇ ਹਨ, ਕਿਉਂਕਿ ਹਵਾਈ ਆਵਾਜਾਈ ਬੰਦ ਹੈ। ਪ੍ਰਾਪਰਟੀ ਦੀਆਂ ਕੀਮਤਾਂ ਵਧ ਗਈਆਂ ਹਨ ਕਿਉਂਕਿ ਅਜਿਹੇ ਲੋਕ ਮੂੰਹ ਮੰਗੇ ਪੈਸੇ ਦੇ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਜਿਸ ਕੋਲ 500 ਕਰੋੜ ਦੀ ਜਾਇਦਾਦ ਹੈ ਅਤੇ ਉਹ ਸਿੰਗਾਪੁਰ ਵਿਚ ਕਾਰੋਬਾਰ ਲਈ 14 ਕਰੋੜ ਰੁਪਏ ਲਗਾਉਂਦਾ ਹੈ ਤਾਂ ਉਸ ਨੂੰ ਤੁਰੰਤ ਨਾਗਰਿਕਤਾ ਮਿਲ ਜਾਂਦੀ ਹੈ। ਮਾਪਿਆਂ ਨੂੰ ਲੰਮੇ ਸਮੇਂ ਦਾ ਪਰਮਿਟ ਮਿਲਦਾ ਹੈ। ਅਜਿਹੀਆਂ ਸਹੂਲਤਾਂ ਦੁਨੀਆ ਦੇ




ਅਮੀਰਾਂ ਨੂੰ ਖਿੱਚ ਰਹੀਆਂ ਹਨ।

ਸਿੰਗਾਪੁਰ ਅਜਿਹਾ ਦੇਸ਼ ਹੈ ਜਿਥੇ ਕੋਰੋਨਾ ਦੇ ਕੇਸ ਬਹੁਤ ਘੱਟ ਹਨ ਅਤੇ ਆਬਾਦੀ ਦੇ ਵੱਡੇ ਹਿੱਸੇ ਨੂੰ ਵੈਕਸੀਨ ਲੱਗ ਚੁੱਕੀ ਹੈ। ਸਾਫ਼-ਸਫ਼ਾਈ ਅਤੇ ਜਨ-ਸੰਖਿਆ ਘੱਟ ਹੋਣ ਕਾਰਨ ਸਰਕਾਰ ਪੁਖਤਾ ਪ੍ਰਬੰਧ ਕਰਨ ਵਿਚ ਕਾਮਯਾਬ ਰਹੀ ਹੈ। ਮਨੁੱਖ ਦੀਆਂ ਮੁਢਲੀਆਂ ਲੋੜਾਂ ਭੋਜਨ, ਕੱਪੜਾ ਤੇ ਮਕਾਨ ਹਨ। ਦੂਸਰੇ ਨੰਬਰ 'ਤੇ ਸੁਰੱਖਿਆ ਹੈ। ਤੀਸਰੇ 'ਤੇ ਰਿਸ਼ਤੇ ਨਾਤੇ ਹਨ। ਅਮੀਰ ਵਰਗ ਨੂੰ ਧਰਤੀ ਦੇ ਕਿਸੇ ਵੀ ਹਿੱਸੇ 'ਤੇ ਮੁਢਲੀਆਂ ਲੋੜਾਂ ਦੀ ਸਮੱਸਿਆ ਨਹੀਂ। ਕੋਰੋਨਾ ਕਾਰਨ ਉਨਾਂ ਨੂੰ ਜੀਵਨ ਰੱਖਿਆ ਅਤੇ ਰਿਸ਼ਤਿਆਂ ਨਾਤਿਆਂ ਦੀ ਚਿੰਤਾ ਸਤਾ ਰਹੀ ਹੈ। ਨਤੀਜੇ ਵਜੋਂ ਉਹ ਆਪਣੇ ਜਹਾਜ਼ ਲੈ ਕੇ ਪਰਿਵਾਰਾਂ ਸਮੇਤ ਮੁਕਾਬਲਤਨ ਸੁਰੱਖਿਅਤ ਦੇਸ਼ਾਂ ਨੂੰ ਜਾ ਰਹੇ ਹਨ।

ਦੁਨੀਆ ਭਰ ਦੇ ਅਮੀਰਾਂ ਲਈ ਸਿੰਗਾਪੁਰ ਖਰੀਦੋ-ਫਰੋਖ਼ਤ, ਮੈਡੀਕਲ, ਚੈਕਅੱਪ ਅਤੇ ਕੈਸੀਨੋ ਖੇਡਣ ਲਈ ਹਮੇਸ਼ਾ ਆਕਰਸ਼ਨ ਦਾ ਕੇਂਦਰ ਰਿਹਾ ਹੈ। ਹੁਣ ਇਸ ਸੂਚੀ ਵਿਚ ਜੀਵਨ ਸੁਰੱਖਿਆ ਵੀ ਜੁੜ ਗਈ ਹੈ।

ਜਿਨਾਂ ਕੋਲ ਨਿੱਜੀ ਜਹਾਜ਼ ਨਹੀਂ ਹਨ ਪਰ ਉਹ ਪਰਿਵਾਰ ਸਮੇਤ ਦੂਸਰੇ ਦੇਸ਼ ਜਾਣਾ ਚਾਹੁੰਦੇ ਹਨ, ਉਨਾਂ ਨੂੰ ਲੋੜ ਅਨੁਸਾਰ ਦਿੱਲੀ ਦੀ ਇਕ ਨਿੱਜੀ ਜੈੱਟ ਫਰਮ ਸੇਵਾਵਾਂ ਮੁਹੱਈਆ ਕਰ ਰਹੀ ਹੈ, ਬਹੁਤ ਸਾਰੇ ਫ਼ਿਲਮੀ ਕਲਾਕਾਰ ਵੀ ਨਿੱਜੀ ਜਹਾਜ਼ਾਂ ਰਾਹੀਂ ਜਾਂ ਉਪਰੋਕਤ ਸੇਵਾਵਾਂ ਲੈ ਕੇ ਸੁਰੱਖਿਅਤ ਜਗਾ ਚਲੇ ਗਏ ਹਨ। ਹਵਾਈ ਸਫ਼ਰ ਦੀਆਂ ਰੋਕਾਂ ਲੱਗਣ ਤੋਂ ਪਹਿਲਾਂ ਵੀ ਕਾਫੀ ਲੋਕ ਲੰਡਨ, ਡੁਬਈ ਅਤੇ ਮਾਲਦੀਵਜ਼ ਆਦਿ ਥਾਵਾਂ 'ਤੇ ਪਹੁੰਚ ਕੇ ਸੁਰੱਖਿਅਤ ਮਹਿਸੂਸ ਕਰ ਰਹੇ ਹਨ।

ਭਾਰਤ ਦੇ ਬਹੁਤ ਸਾਰੇ ਅਮੀਰ ਪਰਿਵਾਰ ਦੇਸ਼ ਅੰਦਰ ਹੀ ਵੱਡੇ ਸ਼ਹਿਰਾਂ ਵਿਚੋਂ ਛੋਟੇ ਸ਼ਹਿਰਾਂ, ਕਸਬਿਆਂ, ਪਿੰਡਾਂ ਜਾਂ ਫਾਰਮ ਹਾਊਸਾਂ ਵਿਚ ਜਾ ਕੇ ਰਹਿਣ ਲੱਗੇ ਹਨ। ਅਜਿਹੇ ਪਰਿਵਾਰਾਂ ਨੇ ਦੇਸ਼ ਦੁਨੀਆ ਵਿਚ ਕਈ ਥਾਵਾਂ 'ਤੇ ਘਰ ਖਰੀਦੇ ਹੁੰਦੇ ਹਨ। ਇਹੀ ਨਹੀਂ ਕਈ ਮੁਲਕਾਂ ਦੀ ਨਾਗਰਿਕਤਾ ਲੈ ਰੱਖੀ ਹੁੰਦੀ ਹੈ। ਜਿਸ ਦਾ ਕਿਸੇ ਵੀ ਸੰਕਟ ਸਮੇਂ ਪ੍ਰਯੋਗ ਕਰਦੇ ਹਨ।

ਦੁਨੀਆ ਭਰ ਦੇ ਮੀਡੀਆ ਵਿਚ ਇਨੀਂ ਦਿਨੀਂ ਅਜਿਹੀਆਂ ਖ਼ਬਰਾਂ ਦਿਲਚਸਪੀ ਨਾਲ ਪੜੀਆਂ, ਸੁਣੀਆਂ ਤੇ ਵੇਖੀਆਂ ਜਾ ਰਹੀਆਂ ਹਨ। ਸਿੰਗਾਪੁਰ ਵਿਚ ਨਿੱਜੀ ਜਹਾਜ਼ ਖੜੇ ਕਰਨ ਲਈ 'ਹੈਂਗਰ ਸਪੇਸ' (ਛੱਤ ਵਾਲੀ ਬੰਦ ਜਗਾ) ਦੀ ਮੰਗ ਵਧ ਗਈ ਹੈ। ਆਉਣ ਵਾਲੇ ਦਿਨਾਂ ਦੌਰਾਨ ਹੋਰ ਵਧਣ ਦੀ ਉਮੀਦ ਹੈ।

# ਤਿਰੰਗੀ ਫੰਗਸ, ਕੋਰੋਨਾ ਮੌਤਾਂ ਤੇ ਝੂਠਾ ਸਾਧ ਰਾਮਦੇਵ

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਇੱਕ ਅਜਿਹਾ ਸਾਧ ਜੋ ਆਪਣੇ-ਆਪ ਨੂੰ ਸਵਾਮੀ, ਯੋਗ ਗੁਰੂ ਆਦਿ ਕਹਾ ਕੇ ਵੱਧ ਖੁਸ਼ ਹੁੰਦਾ ਹੈ ਜੋ ਅੱਜ ਕੱਲ ਅਰਬਾਂ ਰੁਪਏ ਦਾ ਮਾਲਕ ਬਣਿਆ ਹੋਇਆ ਹੈ, ਜੋ ਆਪਣੀ ਸਾਧ ਸੰਗਤ ਵਾਲਾ ਵੋਟ ਬੈਂਕ ਨੂੰ ਮੌਜੂਦਾ ਸਰਕਾਰ ਪਿੱਛੇ ਚੋਣਾਂ ਦੌਰਾਨ ਝੋਕ ਦਿੰਦਾ ਹੈ, ਜੋ ਲੋੜ ਪੈਣ 'ਤੇ ਸਲਵਾਰ ਪਾ ਕੇ ਗਿਰਗਟ ਵਾਂਗ ਆਪਣਾ ਭੇਸ ਬਦਲ ਲੈਂਦਾ ਹੈ, ਜਿਸ ਨੂੰ ਬਹੁਤੀਆਂ ਸੂਬਾ ਸਰਕਾਰਾਂ ਅਤੇ ਸੈਂਟਰ ਸਰਕਾਰ ਸਮੇਂ-ਸਮੇਂ ਸਿਰ ਹਰ ਸੂਬੇ ਵਿੱਚ ਪਲਾਟ ਆਦਿ ਦੇ ਕੇ ਹਰ ਪ੍ਰਕਾਰ ਦੀ ਮਦਦ ਕਰ ਕੇ ਉਸ ਦੇ ਸਾਮਰਾਜ ਨੂੰ ਵਧਾਉਣ ਵਿੱਚ ਲਗਾਤਾਰ ਮਦਦ ਕਰ ਰਹੀਆਂ ਹਨ। ਰਿਪੋਰਟਾਂ ਮੁਤਾਬਕ ਅੱਜ ਕੱਲ ਉਸ ਦੀ ਆਮਦਨ ਅਤੇ ਮੁਨਾਫ਼ੇ ਦਾ ਗਰਾਫ ਕਾਫ਼ੀ ਡਿਗ ਚੁੱਕਾ ਹੈ। ਇਸ ਕਰਕੇ ਉਹ ਅੱਜ ਕੱਲ ਤਰਲੋ-ਮੱਛੀ ਹੋ ਰਿਹਾ ਹੈ। ਉਹ ਯੂ.ਪੀ. ਸਰਕਾਰ ਵਾਂਗ ਨਿਰਾਸ਼ਾ ਦੇ ਆਲਮ ਵਿੱਚ ਹੈ, ਇਸ ਕਰਕੇ ਉਹ ਆਪਣੀ ਪੁਰਾਣੀ ਆਦਤ ਮੁਤਾਬਕ ਵਿਵਾਦਤ ਬਿਆਨ ਦੇ ਰਿਹਾ ਹੈ। ਕੋਰੋਨਾ ਦੇ ਪਹਿਲੇ ਅਤੇ ਦੂਜੇ ਕਹਿਰ ਦੌਰਾਨ ਇਸ ਸਾਧ ਨੇ ਬੜੀ ਹੁਸ਼ਿਆਰੀ ਨਾਲ ਕੁਝ ਭਾਜਪਾ ਨੇਤਾਵਾਂ ਨੂੰ ਨਾਲ ਜੋੜ ਕੇ ਕੋਰੋਨਾ ਲਈ ਆਯੁਰਵੈਦਿਕ ਦਵਾਈ ਬਣਾਉਣ ਦਾ ਦਾਅਵਾ ਕੀਤਾ। ਇਨਾਂ ਦਾਅਵਿਆਂ ਦੀ ਫੂਕ ਨਾਲੋ-ਨਾਲ ਨਿਕਲ ਗਈ, ਜਿਸ ਕਰਕੇ ਇਸ ਸਾਧ-ਸਵਾਮੀ ਨੂੰ ਆਪਣੇ ਸ਼ਰਧਾਲੂਆਂ ਵਿੱਚ ਨਮੋਸ਼ੀ ਝੱਲਣੀ ਪਈ। ਨਮੋਸ਼ੀ ਤਾਂ ਉਸ ਨੂੰ ਬਾਲਕ੍ਰਿਸ਼ਨ ਨੂੰ ਹਾਰਟ ਅਟੈਕ ਦਾ ਦੌਰਾ ਪੈਣ ਸਮੇਂ ਏਮਜ਼ ਵਿੱਚ ਭਰਤੀ ਕਰਾਉਣ ਸਮੇਂ ਵੀ ਹੋਈ। ਜ਼ਖ਼ਮੀ ਨੂਹੇਂ ਵਾਂਗ ਉਹ ਵਿਸ ਘੋਲਦਾ ਰਿਹਾ। ਹਾਲਾਤ ਨੂੰ ਭਾਂਪਦਿਆਂ ਹੋਇਆਂ ਫਿਰ ਸੈਂਟਰ ਸਰਕਾਰ ਦੇ ਸਿਹਤ ਮੰਤਰੀ ਨੂੰ ਹੱਥਾਂ ਵਿੱਚ ਲੈ ਕੇ ਦੁਬਾਰਾ ਦਵਾਈ ਬਣਾਉਣ ਦਾ ਐਲਾਨ ਕਰ ਦਿੱਤਾ, ਜਿਸ ਦਾ ਆਈ ਐੱਮ ਏ (ਇੰਡੀਅਨ ਮੈਡੀਕਲ ਐਸੋਸੀਏਸ਼ਨ) ਨੇ ਗੰਭੀਰ ਨੋਟਿਸ ਲਿਆ। ਮੌਜੂਦਾ ਸਿਹਤ ਮੰਤਰੀ, ਦਿੱਲੀ ਵਿੱਚ ਪ੍ਰੈਕਟਿਸ ਕਰਦਾ-ਕਰਦਾ ਸਿਆਸਤ ਵਿੱਚ ਆ ਕੇ ਦਿੱਲੀ ਦਾ ਮੁੱਖ ਮੰਤਰੀ ਬਣਨ ਦਾ ਭਰਮ ਪਾਲ ਬੈਠਾ। ਉਸਦੇ ਭਰਮ ਨੂੰ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਚਕਨਾਚੂਰ ਕਰ ਦਿੱਤਾ। ਹੁਣ ਉਹ ਸਿਹਤ ਮੰਤਰੀ ਵੀ ਸਾਧ-ਸਵਾਮੀ ਦੇ ਮੌਜੂਦਾ ਦਿੱਤੇ ਬਿਆਨ ਤੋਂ ਕਾਫ਼ੀ ਨਾਰਾਜ਼ ਦਿਸ ਰਿਹਾ ਹੈ, ਪਰ ਕਾਰਵਾਈ ਕਰਨ ਵਿੱਚ ਨਿਪੁੰਸਕ ਸਾਬਤ ਹੋਇਆ ਹੈ। ਉਸਦਾ ਡਾਕਟਰੀ ਲਾਇਸੰਸ ਸਸਪੈਂਡ ਕਰਨ ਦੀ ਵੀ ਮੰਗ ਉੱਠੀ ਹੈ।

ਸਾਧ-ਸਵਾਮੀ ਦਾ ਤਾਜ਼ਾ ਬਿਆਨ ਐਲੋਪੈਥੀ ਦਵਾਈਆਂ ਅਤੇ ਕੋਰੋਨਾ ਨਾਲ ਲੜ ਰਹੇ ਅਤੇ ਅਮਰ ਹੋ ਰਹੇ ਡਾਕਟਰਾਂ ਖ਼ਿਲਾਫ਼ ਆਇਆ ਹੈ। ਇਸਦਾ ਆਈ ਐੱਮ ਏ ਨੇ ਗੰਭੀਰ ਨੋਟਿਸ ਲੈਂਦਿਆਂ ਸਾਧ ਖ਼ਿਲਾਫ਼ ਇੱਕ ਲੱਖ ਕਰੋੜ ਰੁਪਏ ਦਾ ਨੋਟਿਸ ਦਿੱਤਾ ਹੈ। ਸਭ ਤੋਂ ਪਹਿਲਾਂ ਆਈ ਐੱਮ ਏ ਦੇ ਵਾਈਸ ਪ੍ਰੈਜ਼ੀਡੈਂਟ ਡਾ. ਨਵਜੋਤ ਸਿੰਘ ਦਾਹੀਆ ਨੇ, ਜੋ ਜਲੰਧਰ ਨਾਲ ਸਬੰਧਤ ਹੈ, ਇਸ ਬਾਬਤ ਗੰਭੀਰ ਨੋਟਿਸ ਲੈਂਦਿਆਂ ਆਪ ਆਵਾਜ਼ ਬੁਲੰਦ ਕੀਤੀ। ਉਸ ਖ਼ਿਲਾਫ਼ ਦੇਸ਼ਧ੍ਰੋਹੀ ਕੇਸ ਦਰਜ ਕਰਨ ਲਈ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖੀ ਗਈ ਹੈ। ਇਸ ਬਾਰੇ ਪ੍ਰਧਾਨ ਮੰਤਰੀ ਨੇ ਅਜੇ ਤੱਕ ਆਪਣਾ ਮੂੰਹ ਨਹੀਂ ਖੋਲਿਆ। ਇਸ ਅਖੌਤੀ ਸਾਧ-ਸਵਾਮੀ ਖ਼ਿਲਾਫ਼ ਦਿੱਲੀ ਵਿੱਚ ਪਰਚਾ ਵੀ ਦਰਜ ਕਰਵਾ ਦਿੱਤਾ ਹੈ। ਪਰ ਫਿਰ ਵੀ ਵਪਾਰੀ ਸਾਧ ਨਿਧੜਕ ਹੋ ਕੇ ਆਖ ਰਿਹਾ ਹੈ, 'ਕਿਸੇ ਕੇ ਬਾਪ ਕੀ ਔਕਾਤ ਨਹੀਂ ਜੋ ਹਮੇਂ ਗ੍ਰਿਫਤਾਰ ਕਰਾਏ।' ਇਸ ਲਈ ਸਭ ਦੇਸ਼ ਸਨੇਹੀਆਂ ਨੂੰ ਇਸ ਬਿਆਨ ਖ਼ਿਲਾਫ਼ ਵੱਧ ਤੋਂ ਵੱਧ ਅਵਾਜ਼ ਚੁੱਕਣੀ ਚਾਹੀਦੀ ਹੈ। ਘਮੰਡੀ ਦਾ ਘਮੰਡ ਟੁੱਟਣਾ ਚਾਹੀਦਾ ਹੈ।

ਦਿੱਲੀ ਦੇ ਮੁੱਖ ਮੰਤਰੀ ਮੁਤਾਬਕ ਉਸ ਨੇ ਕੋਰੋਨਾ ਦੀ ਤੀਜੀ ਲਹਿਰ ਖ਼ਿਲਾਫ਼ ਅਗਾਊਂ ਇੰਤਜ਼ਾਮ ਕਰ ਲਏ ਹਨ। ਜੇਕਰ ਇਹ ਹਕੀਕਤ ਹੈ ਤਾਂ ਫਿਰ ਇਹ ਇੱਕ ਚੰਗਾ ਅਤੇ ਸਵਾਗਤਯੋਗ ਉੱਦਮ ਹੈ। ਕੋਰੋਨਾ ਤੋਂ ਇਲਾਵਾ, ਕੋਰੋਨਾ ਕਾਰਨ ਇੱਕ ਹੋਰ ਗੰਭੀਰ ਬਿਮਾਰੀ ਨੇ ਜਨਮ ਲੈ ਲਿਆ ਹੈ, ਜਿਸ ਨੂੰ ਫੰਗਸ ਦਾ ਰੋਗ ਆਖਦੇ ਹਨ। ਇਹ ਰੋਗ ਪਹਿਲਾਂ ਬਲੈਕ ਫੰਗਸ ਨਾਲ ਜਾਣਿਆ ਗਿਆ, ਹੁਣ ਇਸਦੇ ਵੀ ਤਿੰਨ ਰੰਗ ਹੋ ਗਏ ਹਨ, ਜਿਵੇਂ ਬਲੈਕ ਫੰਗਸ, ਵਾਈਟ ਫੰਗਸ ਅਤੇ ਯੈਲੋ ਫੰਗਸ। ਇਸ ਫੰਗਸ ਬਿਮਾਰੀ ਨੇ ਦੇਸ਼ ਵਿੱਚ ਆਪਣੀ ਦਸਤਕ ਦੇ ਦਿੱਤੀ ਹੈ। ਸੂਬਿਆਂ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਕੇਸ ਆ ਰਹੇ ਹਨ, ਪਰ ਦਿੱਲੀ ਵਿੱਚ ਅਜਿਹੇ ਕੇਸਾਂ ਦੀ ਗਿਣਤੀ ਹਜ਼ਾਰਾਂ ਵਿੱਚ ਹੋਣ ਕਰਕੇ ਦਿੱਲੀ ਰਾਜ ਨੇ ਇਸ ਨੂੰ ਦਿੱਲੀ ਵਿੱਚ ਮਹਾਂਮਾਰੀ ਘੋਸ਼ਿਤ ਕਰ ਦਿੱਤਾ ਹੈ। ਜਾਨਣ ਵਾਲੀ ਗੱਲ ਇਹ ਹੈ ਕਿ ਸਾਡੇ ਪਾਸ ਇਸ ਬਿਮਾਰੀ ਨਾਲ ਨਜਿੱਠਣ ਲਈ ਪੂਰੀ ਦਵਾਈ ਨਹੀਂ ਹੈ। ਸ਼ਾਇਦ ਇਸ ਕਰਕੇ ਹੀ ਪ੍ਰਧਾਨ ਮੰਤਰੀ ਨੇ ਇੱਕ ਸਖ਼ਤ ਬਿਆਨ ਦਿੱਤਾ ਹੈ ਕਿ ਇਸ ਬੀਮਾਰੀ ਦੀ ਦਵਾਈ ਜਿਸ ਦੇਸ਼ ਵਿੱਚੋਂ ਜਿਸ ਮਰਜ਼ੀ ਰੇਟ 'ਤੇ ਮਿਲੇ, ਫੌਰਨ ਪ੍ਰਬੰਧ ਕਰਕੇ ਛੇਤੀ ਤੋਂ ਛੇਤੀ ਮਰੀਜ਼ਾਂ ਦਾ ਇਲਾਜ ਕੀਤਾ ਜਾਵੇ। ਪ੍ਰਧਾਨ ਮੰਤਰੀ ਦਾ ਇਹ ਬਿਆਨ ਕਾਫ਼ੀ ਸਿਹਤਮੰਦ ਹੋਣ ਕਰਕੇ ਸ਼ਲਾਘਾ ਦਾ ਪਾਤਰ ਹੈ।

ਪਿਛਲੇ ਹਫ਼ਤੇ ਵਾਂਗ ਇਹ ਬੀਤਿਆ ਹਫ਼ਤਾ ਵੀ ਯੂ.ਪੀ. ਰਾਜ ਅਤੇ ਯੂ.ਪੀ. ਸਰਕਾਰ ਦੇ ਨਾਂ ਰਿਹਾ। ਯੋਗੀ ਅਤੇ ਭਗਵੇਂ ਭੇਸ ਵਿੱਚ ਵੀ ਯੂ.ਪੀ. ਦਾ ਮੁਖੀਆ ਜਿਸ ਕਰੋਧ ਵਿੱਚ ਸਰਕਾਰ ਚਲਾ ਕੇ ਡਰ ਦਾ ਮਾਹੌਲ ਬਣਾਈ ਬੈਠਾ ਹੈ, ਸ਼ਾਇਦ ਇਸੇ ਕਰਕੇ ਹੀ ਉੱਥੇ ਦੇ ਡਾਕਟਰ ਘਬਰਾਹਟ ਵਿੱਚ ਹੀ ਜਨਤਾ ਨੂੰ ਦੋ ਅਲੱਗ-ਅਲੱਗ ਟੀਕੇ ਲਗਾ ਰਹੇ ਹਨ। ਇੱਕ ਟੀਕਾ ਹੋਰ ਕੰਪਨੀ ਦਾ, ਦੂਜਾ ਟੀਕਾ ਹੋਰ ਕੰਪਨੀ ਦਾ, ਜਿਸ ਦੀ ਹੁਣ ਜਾਂਚ ਹੋ ਰਹੀ ਹੈ। ਲਗਭਗ ਵੀਹ ਬੰਦਿਆਂ, ਜਿਨਾਂ ਨਾਲ ਇਹ ਸਭ ਕੁਝ ਹੋਇਆ ਹੈ, ਉਨਾਂ ਦੀ ਜ਼ਿੰਦਗੀ ਹਾਲ ਦੀ ਘੜੀ ਖਤਰੇ ਵਿੱਚ ਪਈ ਹੈ। ਕਿਸੇ ਹੋਰ ਕੇਸ ਵਿੱਚ ਇੱਕ ਏ ਐੱਨ ਐੱਮ ਟੀਕਾ ਲਾਉਂਦੀ-ਲਾਉਂਦੀ ਫੋਨ ਸੁਣ ਰਹੀ ਹੈ। ਟੀਕਾ ਲਾਉਣ ਤੋਂ ਬਾਅਦ ਔਰਤ ਮਰੀਜ਼ ਨੂੰ ਉਹ ਜਾਣ ਨੂੰ ਨਹੀਂ ਕਹਿੰਦੀ, ਬੈਠੀ ਬੈਠੀ 'ਤੇ ਦੂਜਾ ਟੀਕਾ ਲਾ ਦਿੰਦੀ ਹੈ। ਜਦ ਮਰੀਜ਼ ਔਰਤ ਇਕੱਠੇ ਦੋ ਟੀਕੇ ਲਾਉਣ ਬਾਬਤ ਪੁੱਛਦੀ ਹੈ ਤਾਂ ਜਾ ਕੇ ਉਸ ਏ ਐੱਨ ਐੱਮ ਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ। ਯੂ.ਪੀ. ਵਿੱਚ ਬਿਮਾਰੀ ਅਤੇ ਟੀਕਿਆਂ ਸਬੰਧੀ ਘੱਟ ਜਾਣਕਾਰੀ ਹੋਣ ਕਾਰਨ ਲੋਕ ਸਿਹਤ ਟੀਮਾਂ ਨੂੰ ਦੇਖਦਿਆਂ ਹੀ ਆਸੇ-ਪਾਸੇ ਹੋ ਜਾਂਦੇ ਹਨ। ਉਨਾਂ ਵਿੱਚ ਡਰ ਹੈ। ਇਹ ਡਰ ਮੌਜੂਦਾ ਸਰਕਾਰ ਨੇ ਆਪਣੇ ਸਾਧਨਾਂ ਰਾਹੀਂ ਪ੍ਰਚਾਰ ਕਰਕੇ ਦੂਰ ਕਰਨਾ ਹੁੰਦਾ ਹੈ, ਜਿਸ ਵਿੱਚ ਯੂ.ਪੀ. ਸਰਕਾਰ ਦੀ ਨਕਾਮੀ ਝਲਕਦੀ ਹੈ। ਜਿੱਥੇ ਕੋਰੋਨਾ ਦੇ ਬਚਾਅ ਖਾਤਰ ਇਨਸਾਨਾਂ ਨੂੰ ਕੁੱਤਿਆਂ ਦੇ ਟੀਕੇ ਠੋਕ ਦਿੱਤੇ ਜਾਣ, ਉੱਥੇ ਬਾਕੀ ਕਹਿਣ ਨੂੰ ਕੀ ਬਚਦਾ ਹੈ ? ਸਮਝ ਨਹੀਂ ਆ ਰਹੀ ਕਿ ਢਾਈ ਕਰੋੜ ਦੀ ਮੈਂਬਰਸ਼ਿਪ ਵਾਲੀ ਪਾਰਟੀ ਦਾ ਇਸ ਮਹਾਂਮਾਰੀ ਦੌਰਾਨ ਕੀ ਰੋਲ ਹੈ ਅਤੇ ਕੀ ਕਰ ਰਹੀ ਹੈ ?

**ਭੱਖਦਾ ਮੱਸਲਾ**

ਸੰਸਾਰ ਭਰ ਦੇ ਮੀਡੀਏ ਨੇ ਕੋਰੋਨਾ ਮਹਾਂਮਾਰੀ ਦੌਰਾਨ ਜੋ ਅੰਕੜੇ ਪੇਸ਼ ਕੀਤੇ ਹਨ, ਉਨਾਂ ਨੂੰ ਸਰਕਾਰ ਮੰਨ ਨਹੀਂ ਰਹੀ। ਜੇਕਰ ਉਨਾਂ ਵੱਲ ਧਿਆਨ ਦਿੱਤਾ ਜਾਵੇ ਤਾਂ ਜਿਹੜੀ ਸਾਡੀ ਗਿਣਤੀ ਤਿੰਨ ਲੱਖ ਤੱਕ ਮਸੀਂ ਪਹੁੰਚਦੀ ਹੈ, ਉੱਥੇ ਵਿਦੇਸ਼ੀ ਮੀਡੀਆ ਨੌਂ ਲੱਖ ਤੋਂ ਬਤਾਲੀ ਲੱਖ ਤੱਕ ਜਾਂਦਾ ਹੈ। ਇਹ ਅੰਕੜੇ ਦੱਸਣ ਵਾਲੇ ਸਭ ਭਾਰਤ ਦੇ ਮਿੱਤਰ ਦੇਸ਼ ਹੀ ਹਨ। ਜਿਨਾਂ ਲਾਸ਼ਾਂ ਨੂੰ ਸਰਕਾਰ ਨੇ ਦੇਸ਼ ਤੋਂ ਲੁਕਾਇਆ, ਉਨਾਂ ਲਾਸ਼ਾਂ ਦੀ ਨਿਸ਼ਾਨਦੇਹੀ ਕੁੱਤਿਆਂ, ਕਾਵਾਂ ਅਤੇ ਅਸਮਾਨ ਵਿੱਚ ਉਡਦੀਆਂ ਇੱਲਾਂ-ਗਿਰਝਾਂ ਨੇ ਕਰਵਾ ਦਿੱਤੀ ਹੈ। ਡੁੱਬੀਆਂ ਹੋਈਆਂ ਲਾਸ਼ਾਂ ਨੇ ਆਪ ਗੰਗਾ-ਜਮਨਾ ਵਿੱਚ ਤੈਰ ਕੇ ਸਰਕਾਰਾਂ ਦਾ ਜਲੂਸ ਕੱਢ ਦਿੱਤਾ। ਮਰਨ ਵਾਲਿਆਂ ਦੀ ਸਹੀ ਗਿਣਤੀ ਬਾਰੇ ਰਹਿੰਦੀ ਕਸਰ ਆਉਣ ਵਾਲੀਆਂ ਚੋਣਾਂ ਦੌਰਾਨ ਅੰਕੜਿਆਂ ਤੋਂ, ਜਨ ਸੰਖਿਆ ਜਨਗਣਨਾ ਦੀ ਗਿਣਤੀ ਸਮੇਂ ਲੱਗ ਜਾਵੇਗੀ। ਉਂਝ ਸਰਕਾਰ ਅੰਦਰੋਂ-ਅੰਦਰੀ ਸਭ ਕੁਝ ਮੰਨ ਚੁੱਕੀ ਹੈ, ਇਸ ਕਰਕੇ ਜਿਸ ਸਰਕਾਰ ਨੇ 26 ਮਈ 2021 ਨੂੰ ਆਪਣੀ ਸਰਕਾਰ ਦੇ ਸੱਤ ਸਾਲ ਪੂਰੇ ਕੀਤੇ, ਜਸ਼ਨ ਨਾ ਮਨਾਉਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਹੀ ਹੋਈਆਂ ਵੱਧ ਮੌਤਾਂ ਤੇ ਸਰਕਾਰ ਦੀ ਨਾਕਾਮੀ ਉੱਤੇ ਮੋਹਰ ਲਾਉਂਦਾ ਹੈ। ਜੇਕਰ ਅਜਿਹਾ ਨਹੀਂ ਤਾਂ ਫਿਰ ਰਾਹੁਲ ਗਾਂਧੀ ਦੇ ਵੱਧ ਮੌਤਾਂ ਵਾਲੇ ਬਿਆਨ ਨੂੰ ਚੈਲੰਜ ਸਮਝਦੇ ਹੋਏ ਸੱਚ ਦੀ ਤਹਿ ਤੱਕ ਜਾਣ ਲਈ ਨਿਰਪੱਖ ਇਨਕੁਆਰੀ ਕਿਉਂ ਨਹੀਂ ਕਰਾਉਣੀ ਚਾਹੀਦੀ ?



ਕੋਰੋਨਾ ਕਾਲ ਦੌਰਾਨ ਜਿਨਾਂ ਵੀ ਮਰੀਜ਼ਾਂ ਦਾ ਇਲਾਜ ਹੋਇਆ ਹੈ, ਉਹ ਵਿਗਿਆਨਕ ਢੰਗ ਨਾਲ ਹੋਇਆ ਹੈ। ਜਿਹੜੇ ਇਸ ਜੰਗ ਦੌਰਾਨ ਅਲਵਿਦਾ ਆਖ ਗਏ, ਉਹ ਦਵਾਈਆਂ ਅਤੇ ਹੋਰ ਡਾਕਟਰੀ ਸਹੂਲਤਾਂ ਦੀ ਘਾਟ ਕਰਕੇ ਆਖ ਗਏ ਹਨ। ਪਰ ਭਾਜਪਾ ਦੇ ਇੱਕ ਵੱਡੇ ਨੇਤਾ 'ਵਿਜਅ ਵਰਗੀਆ' ਵਰਗੇ ਆਖ ਰਹੇ ਹਨ ਕਿ ਕੋਰੋਨਾ ਚੀਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹਰਾਉਣ ਲਈ ਬਣਾਇਆ, ਜਿਸ ਬਾਰੇ ਡਬਲਯੂ ਐੱਚ ਓ ਵੀ ਇਨਕਾਰ ਕਰ ਚੁੱਕਾ ਹੈ। ਅਜਿਹੇ ਬਿਆਨ ਸਿਰਫ਼ ਸਰਕਾਰ ਦੀ ਕਮਜ਼ੋਰੀ ਨੂੰ ਛੁਪਾਉਣ ਵਾਸਤੇ ਦਿੱਤੇ ਜਾ ਰਹੇ ਹਨ ਜਦ ਕਿ ਇਸ ਬਾਬਤ ਜਨਤਾ ਕਾਫ਼ੀ ਜਾਗਰੂਕ ਹੋ ਚੁੱਕੀ ਹੈ। ਸ਼ਾਇਦ ਅਜਿਹੇ ਘੱਟ ਅਕਲਮੰਦ ਲੀਡਰ ਇਹ ਨਹੀਂ ਜਾਣਦੇ ਕਿ ਭਾਰਤ ਵਰਸ਼ ਚੀਨ ਦੀਆਂ ਸਾਰੀਆਂ ਐਪਾਂ ਬੰਦ ਕਰਨ ਤੋਂ ਬਾਅਦ ਵੀ ਚੀਨ ਤੋਂ 6000 ਆਕਸੀਜਨ ਸਿਲੰਡਰ, ਬਾਕੀ ਸਾਮਾਨ ਤੋਂ ਇਲਾਵਾ ਦੋ ਕਰੋੜ ਚੀਨੀ ਮਾਸਕ ਵੀ ਬਤੌਰ ਮਦਦ ਲੈ ਚੁੱਕਾ ਹੈ।

ਅਖੀਰ ਵਿੱਚ ਮੈਂ ਸੁਧਾਰ ਸਬੰਧੀ ਇੱਕ ਸੁਝਾਅ ਦੇਣਾ ਚਾਹੁੰਦਾ ਹਾਂ, ਜਿਸ 'ਤੇ ਸਰਕਾਰ ਸ਼ਾਇਦ ਇੱਕ ਫ਼ੀਸਦੀ ਵੀ ਅਮਲ ਨਾ ਕਰੇ, ਉਹ ਇਹ ਹੈ ਕਿ ਜੇਕਰ ਅੰਧ ਭਗਤਾਂ ਨੂੰ ਬਿਮਾਰੀ ਸਮੇਂ ਹਸਪਤਾਲਾਂ ਵਿੱਚ ਜਗਾ ਨਾ ਦਿੱਤੀ ਜਾਵੇ, ਰਾਮਦੇਵ ਦੀ ਬਣਾਈ ਦਵਾਈ ਨਾਲ ਤੇ ਗਊ ਮੂਤਰ ਨਾਲ ਹੀ ਇਲਾਜ ਕੀਤਾ ਜਾਵੇ ਤਾਂ ਕਿ ਅੰਧ-ਭਗਤਾਂ ਦੀਆਂ ਬੰਦ ਅੱਖਾਂ ਖੁੱਲ ਸਕਣ ਅਤੇ ਇਸ ਤੋਂ ਇਲਾਵਾ ਸਭ ਪਾਰਟੀਆਂ ਦੇ ਰਾਜ ਨੇਤਾਵਾਂ ਨੂੰ ਉਨਾਂ ਦੇ ਜ਼ਿਲਿਆਂ ਦੇ ਸਰਕਾਰੀ ਹਸਪਤਾਲਾਂ ਵਿੱਚ ਹੀ ਇਲਾਜ ਕਰਾਉਣ ਲਈ ਮਜਬੂਰ ਕੀਤਾ ਜਾਵੇ ਤਾਂ ਜਾ ਕੇ ਹੀ ਸਰਕਾਰੀ ਹਸਪਤਾਲਾਂ ਦੀ ਜੂਨ ਸੁਧਰੇਗੀ, ਜਿਸਦਾ ਫਾਇਦਾ ਆਮ ਗਰੀਬ ਜਨਤਾ ਵੀ ਲੈ ਸਕੇਗੀ।

## ਸਾਧ ਰਾਮਦੇਵ ਹੰਕਾਰਿਆ, ਅਖੇ, ਕਿਸੇ ਦਾ ਪਿਓ ਵੀ ਮੈਨੂੰ ਗ੍ਰਿਫ਼ਤਾਰ ਨਹੀਂ ਕਰ ਸਕਦਾ

**ਚੰਡੀਗੜ/ਏ.ਟੀ.ਨਿਊਜ਼ :** ਕਾਰੋਬਾਰੀ ਯੋਗ ਗੁਰੂ ਸਵਾਮੀ ਰਾਮਦੇਵ ਨੇ ਦੇਸ਼ ਤੰਤਰ ਨੂੰ ਚੈਲਿੰਜ ਕਰਦਿਆਂ ਬੜੇ ਫੁਕਰਪੁਣੇ ਵਾਲਾ ਬਿਆਨ ਦੇ ਦਿੱਤਾ ਹੈ। ਰਾਮਦੇਵ ਨੇ ਕਿਹਾ ਹੈ, 'ਉਨਾਂ ਦਾ ਬਾਪ ਵੀ ਸਵਾਮੀ ਰਾਮਦੇਵ ਨੂੰ ਗ੍ਰਿਫ਼ਤਾਰ ਨਹੀਂ ਕਰ ਸਕਦਾ।' ਰਾਮਦੇਵ ਦਾ ਇਹ ਬਿਆਨ ਸੋਸ਼ਲ ਮੀਡੀਆ ਉੱਪਰ ਕਾਫੀ ਚਰਚਾ ਵਿੱਚ ਹੈ। ਉੱਧਰ, ਭਾਰਤੀ ਮੈਡੀਕਲ ਸੰਘ (ਆਈਐੱਮਏ) ਨੇ ਰਾਮਦੇਵ ਖ਼ਿਲਾਫ਼ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਉਂਦਿਆਂ ਕਿਹਾ ਹੈ ਕਿ ਐਲੋਪੈਥੀ ਖ਼ਿਲਾਫ਼ ਵਿਵਾਦਿਤ ਬਿਆਨ ਦੇਣ ਲਈ ਉਸ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਜਾਵੇ।

ਐਲੋਪੈਥੀ ਇਲਾਜ ਪ੍ਰਣਾਲੀ ਦੇ ਵਿਰੋਧੀ ਰਾਮਦੇਵ ਨੇ ਆਪਣੇ ਵੀਡੀਓ ਵਿੱਚ ਆਪਣੀ ਗ੍ਰਿਫ਼ਤਾਰੀ ਦੀ ਮੰਗ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ ਹੈ 'ਉਨਾਂ ਦਾ ਬਾਪ ਵੀ ਮੈਨੂੰ ਗ੍ਰਿਫ਼ਤਾਰ ਨਹੀਂ ਕਰ ਸਕਦਾ ਹੈ।' ਸੋਸ਼ਲ ਮੀਡੀਆ 'ਤੇ ਹੈਸ਼ਟੈਗ 'ਅਰੈਸਟ ਰਾਮਦੇਵ' ਦੇ ਚੱਲ ਰਹੇ ਟਰੈਂਡ ਦੇ ਜਵਾਬ 'ਚ ਉਸ ਨੇ ਕਿਹਾ, 'ਉਹ ਸਿਰਫ਼ ਰੌਲਾ ਪਾ ਰਹੇ ਹਨ। ਉਹ ਠੱਗ ਰਾਮਦੇਵ, ਮਹਾਠੱਗ ਰਾਮਦੇਵ, ਗ੍ਰਿਫ਼ਤਾਰ ਰਾਮਦੇਵ ਅਤੇ ਅਜਿਹੇ ਹੋਰ ਟਰੈਂਡ ਨਸ਼ਰ ਕਰਦੇ ਰਹਿੰਦੇ ਹਨ। ਅਰੈਸਟ ਤੋ ਖੈਰ ਉਨਕਾ ਬਾਪ ਭੀ ਨਹੀਂ ਕਰ ਸਕਤਾ ਸਵਾਮੀ ਰਾਮਦੇਵ ਕੋ।'

**ਬਾਬਾ ਰਾਮਦੇਵ ਨੂੰ ਝਟਕਾ**

ਦੇਹਰਾਦੂਨ ਦੇ ਇੱਕ ਡਾਕਟਰ ਨੇ ਕਿਹਾ ਕਿ ਯੋਗ ਗੁਰੂ ਦੇ ਤਾਜ਼ਾ ਵੀਡੀਓ ਤੋਂ ਸਪੱਸ਼ਟ ਹੈ ਕਿ ਉਸ ਨੂੰ ਐਲੋਪੈਥੀ ਅਤੇ ਡਾਕਟਰਾਂ ਬਾਰੇ ਦਿੱਤੇ ਆਪਣੇ ਗ਼ੈਰ-ਜ਼ਿੰਮੇਵਾਰਾਨਾ ਬਿਆਨ 'ਤੇ ਕੋਈ ਖੇਦ ਨਹੀਂ ਹੈ। 'ਰਾਮਦੇਵ ਦਾ ਬਿਆਨ ਹੰਕਾਰ ਨਾਲ ਭਰਿਆ ਹੋਇਆ ਹੈ। ਇਥੋਂ ਪਤਾ ਲੱਗਦਾ ਹੈ ਕਿ ਉਹ ਆਪਣੇ ਆਪ ਨੂੰ ਕਾਨੂੰਨ ਤੋਂ ਉਪਰ ਸਮਝਦਾ ਹੈ।' ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਰਾਮਦੇਵ ਵੱਲੋਂ ਕਰੋਨਾਵਾਇਰਸ ਤੋਂ ਬਚਾਅ ਦੇ ਟੀਕਾਕਰਨ ਲਈ ਝੂਠਾ ਪ੍ਰਚਾਰ ਕਰਨ ਤੇ ਇਲਾਜ ਦੇ ਸਰਕਾਰੀ ਪ੍ਰੋਟੋਕੋਲ ਨੂੰ ਚੁਣੌਤੀ ਦੇਣ ਲਈ ਉਸ ਖ਼ਿਲਾਫ਼ ਦੇਸ਼ਧ੍ਰੋਹ ਦਾ ਕੇਸ ਦਰਜ ਕੀਤਾ ਜਾਵੇ। ਆਈਐੱਮਏ ਨੇ ਰਾਮਦੇਵ ਖ਼ਿਲਾਫ਼ ਮਾਣਹਾਨੀ ਦਾ ਨੋਟਿਸ ਵੀ ਭੇਜਿਆ ਹੈ। ਉੱਧਰ, ਆਈਪੀ ਅਸਟੇਟ ਪੁਲਿਸ ਸਟੇਸ਼ਨ 'ਚ ਸ਼ਿਕਾਇਤ ਦਿੰਦਿਆਂ ਆਈਐੱਮਏ ਨੇ ਕਿਹਾ ਕਿ ਰਾਮਦੇਵ ਨੇ ਕੋਵਿਡ ਮਰੀਜ਼ਾਂ ਦੇ ਇਲਾਜ ਬਾਰੇ ਆਧਾਰਹੀਣ ਤੱਥ ਦੇ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਅੰਮ੍ਰਿਤਸਰ ਟਾਈਮਜ ਅਨੁਸਾਰ ਦਿੱਲੀ ਪੁਲਿਸ ਦੇ ਸੀਨੀਅਰ ਅਫਸਰ ਨੇ ਕਿਹਾ ਕਿ ਉਨਾਂ ਨੂੰ ਸ਼ਿਕਾਇਤ ਮਿਲ ਗਈ ਹੈ ਤੇ ਉਸ ਦੀ ਜਾਂਚ ਕੀਤੀ ਜਾ ਰਹੀ ਹੈ। ਹੁਣ ਦੇਖਣਾ ਇਹ ਹੈ ਕਿ ਦਿੱਲੀ ਪੁਲਿਸ ਇਸ ਸ਼ਿਕਾਇਤ ਉੱਪਰ ਰਾਮਦੇਵ ਖ਼ਿਲਾਫ਼ ਕੀ ਕਾਰਵਾਈ ਕਰਦੀ ਹੈ।

## ਰਾਮਦੇਵ ਨੂੰ ਦਿੱਲੀ ਹਾਈਕੋਰਟ ਵੱਲੋਂ ਸੰਮਨ

### ਹਾਈਕੋਰਟ ਦਾ ਹੁਕਮ ਯੋਗਾ ਗੁਰੂ ਕੋਈ ਭੜਕਾਊ ਬਿਆਨ ਨਾ ਦੇਵੇ

**ਨਵੀਂ ਦਿੱਲੀ/ਏ.ਟੀ.ਨਿਊਜ਼:** ਦਿੱਲੀ ਹਾਈਕੋਰਟ ਨੇ ਯੋਗ ਗੁਰੂ ਰਾਮਦੇਵ ਨੂੰ ਐਲੋਪੈਥਿਕ ਦਵਾਈਆਂ ਅਤੇ ਡਾਕਟਰਾਂ ਖਲਿਾਫ ਇਤਰਾਜਯੋਗ ਟਿੱਪਣੀਆਂ ਕਰਨ ਦੇ ਮਾਮਲੇ 'ਚ ਸੰਮਨ ਜਾਰੀ ਕੀਤੇ ਹਨ। ਉਂਜ ਹਾਈ ਕੋਰਟ ਨੇ ਰਾਮਦੇਵ ਦੇ ਵਕੀਲ ਨੂੰ ਜ਼ੁਬਾਨੀ ਕਿਹਾ ਹੈ ਕਿ ਯੋਗਾ ਗੁਰੂ ਕੋਈ ਭੜਕਾਊ ਬਿਆਨ ਨਾ ਦੇਣ।' ਦਿੱਲੀ ਮੈਡੀਕਲ ਐਸੋਸੀਏਸ਼ਨ ਵੱਲੋਂ ਦਾਖਲ ਪਟੀਸ਼ਨ 'ਤੇ ਰਾਮਦੇਵ ਨੂੰ ਹਾਈ ਕੋਰਟ ਨੇ ਸੰਮਨ ਜਾਰੀ ਕਰਦਿਆਂ ਉਸ ਨੂੰ ਤਿੰਨ ਹਫਤਿਆਂ 'ਚ ਜਵਾਬ ਦਾਖਲ ਕਰਨ ਲਈ ਕਿਹਾ ਹੈ। ਹਾਈ ਕੋਰਟ ਨੇ ਕੇਸ ਦੀ ਸੁਣਵਾਈ 13 ਜੁਲਾਈ ਲਈ ਨਿਰਧਾਰਤ ਕਰ ਦਿੱਤੀ ਹੈ। ਜਸਟਿਸ ਸੰਕਰ ਨੇ ਕਿਹਾ ਕਿ ਮੁੱਦਈ ਧਿਰ ਦੇ ਵਕੀਲ ਨੇ ਦੋਸ਼ ਲਾਇਆ ਹੈ ਕਿ ਰਾਮਦੇਵ ਇਤਰਾਜਯੋਗ ਬਿਆਨ ਲਗਾਤਾਰ ਦਿੰਦੇ ਆ ਰਹੇ ਹਨ। 'ਉਸ ਨੂੰ ਮੌਕਾ ਦਿੱਤੇ ਬਿਨਾਂ ਕੋਈ ਹੁਕਮ ਜਾਰੀ ਨਹੀਂ ਕੀਤਾ ਜਾ ਸਕਦਾ ਹੈ। ਇਸ ਲਈ ਰਾਮਦੇਵ ਨੂੰ ਸੰਮਨ ਜਾਰੀ ਕੀਤੇ ਜਾਂਦੇ ਹਨ।' ਹਾਈ ਕੋਰਟ ਨੇ ਟਵਿੱਟਰ, ਫੇਸਬੁੱਕ ਅਤੇ ਆਸਥਾ ਚੈਨਲ ਨੂੰ ਵੀ ਸੰਮਨ ਜਾਰੀ ਕੀਤੇ ਹਨ ਕਿਉਂਕਿ ਪਟੀਸ਼ਨ 'ਚ ਉਨਾਂ ਨੂੰ ਵੀ ਧਿਰ ਬਣਾਇਆ ਗਿਆ ਹੈ। ਦਿੱਲੀ ਮੈਡੀਕਲ ਐਸੋਸੀਏਸ਼ਨ ਨੇ ਡਾਕਟਰ ਮੈਂਬਰਾਂ ਤਰਫੋਂ ਆਪਣੀ ਪਟੀਸ਼ਨ 'ਚ ਕਿਹਾ ਹੈ ਕਿ ਰਾਮਦੇਵ ਦਾ ਬਿਆਨ ਅਸਰ ਪਾਉਂਦਾ ਹੈ ਕਿਉਂਕਿ ਕੋਰੋਨਿਲ ਦਵਾਈ ਕਰੋਨਾਵਾਇਰਸ ਦਾ ਇਲਾਜ ਨਹੀਂ ਕਰਦੀ ਹੈ ਅਤੇ ਇਸ ਬਾਰੇ ਗੁਮਰਾਹਕੁਨ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨਾਂ ਰਾਮਦੇਵ ਤੋਂ ਹਰਜਾਨੇ ਦੇ ਰੂਪ 'ਚ ਇਕ ਰੁਪਏ ਦਾ ਦਾਅਵਾ ਠੋਕਿਆ ਹੈ। ਜੱਜ ਨੇ ਕਿਹਾ ਕਿ ਰਾਮਦੇਵ ਯੋਗ ਅਤੇ ਆਯੁਰਵੈਦ ਨਾਲ ਰੋਗਾਂ ਦੇ ਇਲਾਜ 'ਚ ਯਕੀਨ ਕਰਦਾ ਹੈ ਅਤੇ ਉਹ ਸਹੀ ਜਾਂ ਗਲਤ ਹੋ ਸਕਦਾ ਹੈ। ਉਨਾਂ ਦਿੱਲੀ ਮੈਡੀਕਲ ਐਸੋਸੀਏਸ਼ਨ ਨੂੰ ਕਿਹਾ ਕਿ ਉਹ ਅਦਾਲਤ ਦਾ ਸਮਾਂ ਬਰਬਾਦ ਕਰਨ ਦੀ ਬਜਾਏ ਮਹਾਂਮਾਰੀ ਦਾ ਇਲਾਜ ਲੱਭਣ ਵੱਲ ਧਿਆਨ ਦੇਣ। ਰਾਮਦੇਵ ਵੱਲੋਂ ਐਲੋਪੈਥੀ ਨੂੰ ਫਰਜੀ ਵਿਗਿਆਨ ਦੱਸੇ ਜਾਣ ਬਾਰੇ ਜੱਜ ਨੇ ਕਿਹਾ,'ਜੇਕਰ ਮੈਂ ਮਹਿਸੂਸ ਕਰਦਾ ਹਾਂ ਕਿ ਕੋਈ ਵਿਗਿਆਨ ਫਰਜੀ ਹੈ। ਕੱਲ ਮੈਨੂੰ ਹੋਮਿਓਪੈਥੀ ਫਰਜੀ ਲੱਗੇਗੀ। ਤਾਂ ਕੀ ਤੁਸੀਂ ਮੇਰੇ ਖਿਲਾਫ ਵੀ ਕੇਸ ਕਰੋਗੇ। ਮੈਂ ਇਹ ਗੱਲ ਟਵਿੱਟਰ 'ਤੇ ਪਾਵਾਂਗਾ ਤਾਂ ਕੀ ਤੁਸੀਂ ਆਖੋਗੇ ਕਿ ਟਵਿੱਟਰ ਦੇ ਅਕਾਊਂਟ ਤੋਂ ਇਹ ਹਟਾਇਆ ਜਾਵੇ। ਇਹ ਲੋਕ ਰਾਏ ਹੈ। ਮੈਂ ਨਹੀਂ ਮੰਨਦਾ ਕਿ ਤੁਹਾਡਾ ਐਲੋਪੈਥਿਕ ਪ੍ਰੋਫੈਸ਼ਨ ਇੰਨਾ ਕਮਜੋਰ ਹੈ।' ਰਾਮਦੇਵ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਜੀਵ ਨਈਅਰ ਨੇ ਪਟੀਸ਼ਨ 'ਤੇ ਸਵਾਲ ਉਠਾਇਆ ਅਤੇ ਕਿਹਾ ਕਿ ਇਹ ਸੁਣਵਾਈ ਦੇ ਯੋਗ ਨਹੀਂ ਹੈ ।




# 5 ਜੂਨ ਵਾਤਾਵਰਣ ਦਿਵਸ ਵਿਸ਼ੇਸ਼



**ਸਰਬਜੀਤ ਕੌਰ 'ਸਰਬ'**

ਕੁਦਰਤ ਅਤੇ ਧਰਤੀ ਦੀ ਰੱਖਿਆ ਕਰਨ ਅਤੇ ਵਾਤਾਵਰਨ ਲਈ ਸਕਾਰਾਤਮਕ ਕਾਰਵਾਈ ਕਰਨ ਦੇ ਮਕਸਦ ਨਾਲ ਸੰਸਾਰ ਭਰ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਹਰ ਸਾਲ 5 ਜੂਨ ਨੂੰ ਵਾਤਾਵਰਣ ਦਿਵਸ ਮਨਾਇਆ ਜਾਂਦਾ ਹੈ। ਇਹ ਪ੍ਰੋਗਰਾਮ ਸੰਯੁਕਤ ਰਾਸਟਰ ਦੁਆਰਾ ਚਲਾਇਆ ਜਾਂਦਾ ਹੈ। 1972 ਵਿੱਚ, ਇਸ ਨੂੰ ਪਹਿਲੀ ਵਾਰ ਆਯੋਜਿਤ ਕੀਤਾ ਗਿਆ ਸੀ, ਇਹ ਵਾਤਾਵਰਨ ਦੇ ਮੁੱਦਿਆਂ ਤੋਂ ਲੈ ਕੇ ਸਮੁੰਦਰੀ ਪ੍ਰਦੂਸ਼ਣ, ਮਨੁੱਖੀ ਅਤਿ-ਆਬਾਦੀ, ਅਤੇ ਗਲੋਬਲ ਵਾਰਮਿੰਗ, ਟਿਕਾਊ ਖਪਤ ਅਤੇ ਜੰਗਲੀ-ਜੀਵਨ ਜੁਰਮਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਇੱਕ ਮੁਹਿੰਮ ਚਲਾ ਰਹੇ ਹਨ। ਵਿਸ਼ਵ ਵਾਤਾਵਰਨ ਦਿਵਸ ਸਾਲ ਵਿੱਚ 143 ਤੋਂ ਵੱਧ ਦੇਸ਼ਾਂ ਦੀ ਭਾਗੀਦਾਰੀ ਨਾਲ ਮਨਾਇਆ ਜਾਂਦਾ ਹੈ। ਇਹ ਜਨਤਕ ਪਹੁੰਚ ਲਈ ਇੱਕ ਵਿਸ਼ਵਵਿਆਪੀ ਪਲੇਟਫਾਰਮ ਬਣ ਗਿਆ ਹੈ। ਹਰ ਸਾਲ, ਡਬਲਿਊ. ਈ.ਡੀ. ਨੇ ਪ੍ਰਮੁੱਖ ਕਾਰਪੋਰੇਸ਼ਨਾਂ, ਐਨ. ਜੀ.ਓ (ਸੰਸਥਾਵਾਂ), ਕਮਿਊਨਿਟੀਆਂ, ਸਰਕਾਰਾਂ ਅਤੇ ਵਾਤਾਵਰਨ ਦੇ ਕਾਰਨਾਂ ਦੀ ਵਕਾਲਤ ਕਰਨ ਵਾਲੇ ਵਿਸਵ ਪ੍ਰਸਿੱਧ ਲੋਕਾਂ ਨੂੰ ਇੱਕ ਨਵਾਂ ਥੀਮ ਪ੍ਰਦਾਨ ਕੀਤਾ ਹੈ।

ਬਹੁਤ ਲੰਬੇ ਸਮੇਂ ਤੋਂ, ਅਸੀਂ ਆਪਣੇ ਗ੍ਰਹਿ ਦੇ ਵਾਤਾਵਰਣ ਦਾ ਸ਼ੋਸ਼ਣ ਅਤੇ ਵਿਨਾਸ਼ ਕਰ ਰਹੇ ਹਾਂ. ਹਰ ਤਿੰਨ ਸਕਿੰਟਾਂ ਬਾਅਦ, ਵਿਸਵ ਇੱਕ ਫੁੱਟਬਾਲ ਦੀ ਪਿੱਚ ਨੂੰ ਬਣਾਉਣ ਲਈ ਕਾਫੀ ਜੰਗਲ ਗੁਆਉਂਦਾ ਹੈ ਅਤੇ ਪਿਛਲੀ ਸਦੀ ਵਿੱਚ ਸਾਡੇ ਕੋਲ ਸਾਡੇ ਅੱਧੇ ਅਤੇ ਗਿੱਲੇ ਖੇਤਰਾਂ ਨੂੰ ਨਸ਼ਟ ਕਰ ਦਿੱਤਾ ਗਿਆ ਹੈ, ਸਾਡੀਆਂ 50% ਕੋਰਲ ਰੀਫਸ ਪਹਿਲਾਂ ਹੀ ਖਤਮ ਹੋ ਚੁੱਕੀਆਂ ਹਨ ਅਤੇ 2050 ਤਕ 90 ਪ੍ਰਤੀਸਤ ਕੋਰਲ ਰੀਫਸ ਖਤਮ ਹੋ ਸਕਦੇ ਹਨ, ਭਾਵੇਂ ਗਲੋਬਲ ਵਾਰਮਿੰਗ 1.5 ਡਿਗਰੀ ਸੈਲਸੀਅਸ ਦੇ ਵਾਧੇ ਤੱਕ ਸੀਮਤ ਹੈ।

ਵਾਤਾਵਰਣ ਪ੍ਰਣਾਲੀ ਦਾ ਘਾਟਾ ਜੰਗਲਾਂ ਅਤੇ ਪੀਟਲੈਂਡਜ ਵਾਂਗ ਕਾਰਬਨ ਸਿੰਕ ਤੋਂ ਦੁਨੀਆ ਨੂੰ ਵਾਂਝਾ ਕਰ ਰਿਹਾ ਹੈ, ਇਕ ਸਮੇਂ ਮਨੁੱਖਤਾ ਘੱਟੋ ਘੱਟ ਇਸ ਨੂੰ ਬਰਦਾਸ਼ਤ ਕਰ ਸਕਦੀ ਹੈ। ਹੈਗਲੋਬਲ ਗ੍ਰੀਨਹਾਉਸ ਗੈਸ ਨਿਕਾਸ ਲਗਾਤਾਰ ਤਿੰਨ ਸਾਲਾਂ ਤੋਂ ਵਧਿਆ ਹੈ ਅਤੇ ਗ੍ਰਹਿ ਸੰਭਾਵਤ ਤੌਰ ਤੇ ਵਿਨਾਸ਼ਕਾਰੀ ਮੌਸਮ ਤਬਦੀਲੀ ਲਈ ਇਕ ਰਫ਼ਤਾਰ ਹੈ।



ਕੋਵਿਡ-19 ਦੇ ਉਭਾਰ ਨੇ ਇਹ ਵੀ ਦਿਖਾਇਆ ਹੈ ਕਿ ਵਾਤਾਵਰਣ ਪ੍ਰਣਾਲੀ ਦੇ ਨੁਕਸਾਨ ਦੇ ਨਤੀਜੇ ਕਿੰਨੇ ਵਿਨਾਸ਼ਕਾਰੀ ਹੋ ਸਕਦੇ ਹਨ. ਜਾਨਵਰਾਂ ਦੇ ਕੁਦਰਤੀ ਨਿਵਾਸ ਦੇ ਖੇਤਰ ਨੂੰ ਸੁੰਗੜ ਕੇ, ਅਸੀਂ ਜਰਾਸੀਮਾਂ ਲਈ ਆਦਰਸ਼ ਸਥਿਤੀਆਂ ਪੈਦਾ ਕੀਤੀਆਂ ਹਨ। ਕੋਰੋਨਵਾਇਰਸ ਫੈਲਣ ਲਈ ਵਾਤਵਰਣ ਦਾ ਦੂਸ਼ਿਤ ਹੋਣਾ ਸੱਭ ਤੋਂ ਵੱਧ ਪ੍ਰਭਾਵਾਤਮਕ ਹੈ। ਇਸ ਵੱਡੀ ਅਤੇ ਚੁਣੌਤੀ ਭਰੀ ਤਸਵੀਰ ਨਾਲ, ਵਿਸ਼ਵ ਵਾਤਾਵਰਣ ਦਿਵਸ ਵਾਤਾਵਰਣ ਪ੍ਰਣਾਲੀ ਦੀ ਬਹਾਲੀ ਵੱਲ ਕੇਂਦ੍ਰਤ ਹੈ ਅਤੇ ਇਸਦਾ ਵਿਸ਼ਾ ਹੈ 'ਰੀਮੇਜਾਈਨ। ਜੇਕਰ ਵਾਤਾਵਰਣ ਨੂੰ ਮੁੜ ਤੋਂ ਚੰਗਾ ਬਣਾਇਆ ਜਾਵੇ ਤਾਂ ਮਨੁਖ ਦਾ ਜੀਵਨ ਇਸ ਧਰਤੀ 'ਤੇ ਲੰਮੇਰਾ ਹੋ ਸਕਦਾ ਹੈ। ਵਾਤਾਵਰਣ ਪ੍ਰਣਾਲੀ ਦੀ ਬਹਾਲੀ ਦਾ ਅਰਥ ਹੈ ਨੁਕਸਾਨ ਨੂੰ ਰੋਕਣਾ, ਕੁਦਰਤ ਦਾ ਸ਼ੋਸ਼ਣ ਕਰਨ ਤੋਂ ਇਸ ਨੂੰ ਠੀਕ ਕਰਨ ਵੱਲ ਜਾਣ ਲਈ ਲੈ ਕੇ ਜਾਣਾ। ਇਹ ਵਿਸ਼ਵ ਵਾਤਾਵਰਣ ਦਿਵਸ ਸੰਯੁਕਤ ਰਾਸਟਰ ਦੇ ਵਾਤਾਵਰਣ ਪ੍ਰਣਾਲੀ ਦੇ ਬਹਾਲੀ (2021-2030) ਦੇ ਦਹਾਕੇ ਤੋਂ ਸ਼ੁਰੂ ਹੋਏਗਾ, ਅਰਬਾਂ ਹੈਕਟੇਅਰ ਰਕਬੇ, ਜੰਗਲਾਂ ਤੋਂ ਲੈ ਕੇ ਖੇਤਾਂ ਤੱਕ, ਪਹਾੜਾਂ ਦੀ ਚੋਟੀ ਤੋਂ ਸਮੁੰਦਰ ਦੀ ਡੂੰਘਾਈ ਤੱਕ ਮੁੜ ਸੁਰਜੀਤ ਕਰਨ ਦਾ ਇਕ ਵਿਸ਼ਵਵਿਆਪੀ ਮਿਸ਼ਨ ਹੈ।

ਕੁਝ ਦੇਸ਼ਾਂ ਨੇ ਕੋਵਿਡ-19 ਤੋਂ ਵਾਪਸ ਉਛਾਲਣ ਦੀਆਂ ਆਪਣੀਆਂ ਰਣਨੀਤੀਆਂ ਦੇ ਹਿੱਸੇ ਵਜੋਂ ਬਹਾਲੀ ਵਿਚ ਪਹਿਲਾਂ ਹੀ ਨਿਵੇਸ਼ ਕੀਤਾ ਹੈ। ਦੂਸਰੇ ਉਨਾਂ ਮੌਸਮ ਦੇ ਅਨੁਕੂਲ ਬਣਨ ਵਿੱਚ ਸਹਾਇਤਾ ਲਈ ਬਹਾਲੀ ਵੱਲ ਮੁੜ ਰਹੇ ਹਨ ਜੋ ਪਹਿਲਾਂ ਹੀ ਬਦਲ ਰਹੇ ਹਨ।

# ਆਓ ਵਾਤਾਵਰਣ ਨੂੰ ਹਰਿਆ-ਭਰਿਆ ਤੇ ਸਾਫ ਸੁਥਰਾ ਰੱਖੀਏ

## ਕੁਦਰਤ ਦੀ ਸੰਭਾਲ ਸੱਚੀ ਇਬਾਦਤ



**ਸੰਜੀਵ ਸੈਣੀ**

ਅੱਜ ਹਵਾ, ਪਾਣੀ, ਧਰਤੀ ਸਭ ਕੁਝ ਪ੍ਰਦੂਸ਼ਿਤ ਹੋ ਗਿਆ ਹੈ । ਲੋਕ ਤਰਾਂ ਤਰਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ । ਆਪਣੇ ਨਿੱਜੀ ਸਵਾਰਥਾਂ ਲਈ ਮਨੁੱਖ ਨੇ ਕੁਦਰਤ ਨਾਲ ਛੇੜਖਾਨੀ ਕੀਤੀ ਹੈ। ਪਹਾੜੀ ਖੇਤਰਾਂ ਵਿੱਚ ਵੀ ਵੱਡੀਆਂ ਵੱਡੀਆਂ ਇਮਾਰਤਾਂ ਉਸਾਰ ਦਿੱਤੀਆਂ ਗਈਆਂ। ਨਦੀਆਂ ਨਾਲਿਆਂ ਨੂੰ ਤੰਗ ਕਰ ਦਿੱਤਾ ਗਿਆ । ਜਨਸੰਖਿਆ ਨੂੰ ਵਸਾਉਣ ਲਈ ਜੰਗਲ ਤੱਕ ਕੱਟ ਦਿੱਤੇ ਗਏ।ਇਨਸਾਨੀਅਤ ਖ਼ਤਮ ਹੋ ਚੁੱਕੀ ਹੈ। ਕੁਦਰਤ ਲਗਾਤਾਰ ਮਨੁੱਖ ਨੂੰ ਇਸ਼ਾਰੇ ਕਰ ਰਹੀ ਹੈ । 2005 ਵਿੱਚ ਸੁਨਾਮੀ ਨੇ ਬਹੁਤ ਕਹਿਰ ਮਚਾਇਆ । ਲੱਖਾਂ ਪਰਿਵਾਰ ਖਤਮ ਹੋ ਗਏ। 2012 ਵਿੱਚ ਜੋ ਉੱਤਰਾਖੰਡ ਵਿੱਚ ਹੜਾਂ ਨੇ ਕਹਿਰ ਮਚਾਇਆ, ਉਹ ਅੱਜ ਵੀ ਨਹੀਂ ਭੁੱਲਦਾ । ਲੱਖਾਂ ਦੀ ਤਦਾਦ ਵਿੱਚ ਲੋਕ ਸੈਲਾਨੀ ਪਾਣੀ ਵਿੱਚ ਰੁੜ ਗਏ। ਹੁਣ ਪਿਛਲੇ ਮਹੀਨੇ ਫਿਰ ਉਤਰਾਖੰਡ ਵਿੱਚ ਬੱਦਲ ਫਟਣ ਕਾਰਨ ਜੋ ਤਬਾਹੀ ਮੱਚੀ ਸੀ ਉਸ ਨੇ ਦਿਲ ਕੰਬਾ ਦਿੱਤਾ। ਫਿਰ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਰੁੜ ਗਏ। ਕਿੰਨੇ ਲੋਕਾਂ ਦੀ ਜਾਨ ਚਲੀ ਗਈ। ਕਈ ਲੋਕ ਤਾਂ ਪਾਣੀ ਵਿਚ ਹੀ ਵਹਿ ਗਏ। ਇਨਸਾਨ ਫਿਰ ਵੀ ਨਹੀਂ ਸੁਧਰਿਆ ਹੈ।

ਨਿੱਜੀ ਸਵਾਰਥਾਂ ਖਾਤਰ ਮਨੁੱਖ ਕੁਦਰਤ ਨਾਲ ਛੇੜ-ਛਾੜ ਕਰਨ ਤੋਂ ਬਾਜ਼ ਨਹੀਂ ਆ ਰਿਹਾ ਹੈ।ਭੂਚਾਲ ਆਉਣ ਨਾਲ ਵੱਡੀਆਂ ਵੱਡੀਆਂ ਇਮਾਰਤਾਂ ਡਿੱਗਦੀਆਂ ਹਨ। ਪਿਛਲੇ ਵਰੇ ਅਫਾਨ ਤੂਫਾਨ ਪੱਛਮੀ ਬੰਗਾਲ ਵਿੱਚ ਆਫ਼ਤ ਲੈ ਕੇ ਆਇਆ ਸੀ। ਫਿਰ ਨਿਸਰਗ ਤੂਫਾਨ ਦੀ ਦਸਤਕ ਹੋਈ ,ਇਸ ਸਮੁੰਦਰੀ ਤੂਫ਼ਾਨ ਨਾਲ ਵੱਡੇ ਪੱਧਰ ਤੇ ਤਬਾਹੀ ਹੋਈ। ਫਿਰ ਵੀ ਮਨੁੱਖ ਨਹੀਂ ਸੰਭਲ ਰਿਹਾ । ਫੈਕਟਰੀਆਂ ਦੀ ਰਹਿੰਦ ਖੂੰਦ ਨੂੰ ਦਰਿਆਵਾਂ ਵਿੱਚ ਸੁੱਟ ਦਿੱਤਾ ਜਾ ਰਿਹਾ ਹੈ। ਪਿੱਛੇ ਜਿਹੇ ਬਿਆਸ ਦਰਿਆ ਵਿਚ ਫੈਕਟਰੀਆਂ ਦੀ ਰਹਿੰਦ-ਖੂੰਹਦ ਨੂੰ ਸੁੱਟਣ ਨਾਲ ਕਾਫੀ ਮੱਛੀਆਂ ਦੀ ਮੌਤ ਹੋ ਗਈ। ਇਨਸਾਨ ਨੇ ਇਨਾਂ ਬੇਜ਼ੁਬਾਨਾਂ ਨੂੰ ਵੀ ਨਹੀਂ ਬਖਸ਼ਿਆ। ਫ਼ਸਲ ਦੀ ਜ਼ਿਆਦਾ ਪੈਦਾਵਾਰ ਲਈ ਤਰਾਂ ਤਰਾਂ ਦੇ ਖਾਦ ਪਦਾਰਥ ਕੈਮੀਕਲ ਪਾਏ ਜਾ ਰਹੇ ਹਨ, ਜਿਸ ਨਾਲ ਧਰਤੀ ਹੇਠਲਾ ਪਾਣੀ ਵੀ ਜ਼ਹਿਰੀਲਾ ਹੋ ਰਿਹਾ ਹੈ। ਲੋਕ ਕੈਂਸਰ, ਦਿਲ ਦੇ ਮਰੀਜ਼ ਬਣਦੇ ਜਾ ਰਹੇ । ਸਮੇਂ ਸਮੇਂ 'ਤੇ ਵੱਖ ਵੱਖ ਪ੍ਰੋਗਰਾਮਾਂ ਵਿੱਚ ਵਾਤਾਵਰਨ ਦਿਵਸ ਤੇ ਜ਼ਿਆਦਾ ਰੁੱਖ ਲਾਉਣ ਲਈ ਸੁਨੇਹਾ ਦਿੱਤਾ ਜਾਂਦਾ ਹੈ। ਸਿਰਫ਼ ਰੁੱਖ ਲਾਉਣਾ ਹੀ ਇੱਕ ਜ਼ਿੰਮੇਵਾਰੀ ਨਹੀਂ ਹੈ, ਸਮੇਂ ਸਮੇਂ ਤੇ ਉਸ ਰੁੱਖ ਦੀ ਦੇਖਭਾਲ ਕਰਨਾ ਬਹੁਤ ਵੱਡੀ ਜ਼ਿੰਮੇਵਾਰੀ ਹੈ। ਪਿਛਲੇ ਸਾਲ ਜਦੋਂ ਕੋਰੋਨਾ ਮਹਾਂਮਰੀ ਨੇ ਭਾਰਤ ਵਿੱਚ ਦਸਤਕ ਦਿੱਤੀ, ਤਾਂ ਪੂਰੇ ਦੇਸ਼ ਵਿੱਚ ਲਾਕਡਾਊਨ ਲੱਗਾ ਦਿੱਤਾ ਗਿਆ। ਲਾਕਡਾਊਨ ਕਰ ਕੇ ਵਾਤਾਵਰਨ ਸਾਫ਼ ਸੁਥਰਾ ਹੋਇਆ ।ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤਕ ਸਾਰਾ ਵਾਤਾਵਰਣ ਸਾਫ ਸੁਥਰਾ ਹੋ ਗਿਆ । ਕੁਦਰਤ ਨਵੀਂ ਨਵੇਲੀ ਦੁਲਹਨ ਦੀ ਤਰਾਂ ਸੱਜ ਗਈ। ਗੰਗਾ, ਯਮੁਨਾ ਘੱਗਰ ਦਰਿਆ ਵਰਗੇ ਸਾਫ-ਸੁਥਰੇ ਹੋ ਗਏ।ਪੰਜਾਬ ਵਿੱਚ ਚਿੱਟੀ ਬੇਈ, ਕਾਲਾ ਸੰਘਾ ਡਰੇਨ ਦਾ ਪਾਣੀ ਸਾਫ਼ ਸੁਥਰਾ ਹੋ ਚੁੱਕਿਆ ਸੀ । ਓਜ਼ੋਨ ਪਰਤ ਵਿੱਚ ਵੀ ਬਹੁਤ ਸੁਧਾਰ ਹੋਇਆ।ਹਰੀਕੇ ਪੱਤਣ ਵਿੱਚ ਪੰਛੀ ਅਠਖੇਲੀਆਂ ਕਰਦੇ ਨਜ਼ਰ ਆਏ। ਬਿਆਸ ਦਰਿਆ ਵਿੱਚ ਡਾਲਫਿਨ ਨੇ ਆਨੰਦ ਮਾਨਿਆ। ਅੱਜ ਫਿਰ ਮਹਾਂਮਾਰੀ ਕਾਰਨ ਦੇਸ਼ ਵਿਚ ਹਾਹਾਕਾਰ ਮਚ ਗਈ ਹੈ। ਦੇਸ਼ ਵਿੱਚ ਆਕਸੀਜਨ ਦੀ ਕਮੀ ਹੋ ਚੁੱਕੀ ਹੈ। ਹੁਣ ਲੋਕਾਂ ਨੂੰ ਚੇਤੇ ਆ ਰਿਹਾ ਹੈ ਕਿ ਜੇ ਰੁੱਖ ਹੁੰਦੇ ਤਾਂ ਅੱਜ ਇਹ ਹਾਲ ਨਾ ਹੁੰਦਾ। ਪਿੰਡਾਂ ਵਿੱਚ ਸਾਰੇ ਹੀ ਤਰਾਂ ਦੇ ਦਰਖਤ ਦੇਖਣ ਨੂੰ ਮਿਲ ਜਾਂਦੇ ਹਨ।

ਹਾਲ ਹੀ ਵਿੱਚ ਖਬਰ ਵੀ ਪੜੀ ਸੀ ਕਿ ਕਿਸੇ ਪਿੰਡ ਵਿੱਚ ਕਣਕ ਦੇ ਨਾੜ ਨੂੰ ਅੱਗ ਲਗਾ ਦਿੱਤੀ ਗਈ, ਹੋਇਆ ਕੀ, ਖੇਤਾਂ ਦੇ ਆਸ ਪਾਸ ਜਿੰਨੇ ਵੀ ਰੁੱਖ ਸਨ, ਉਹ ਅੱਗ ਦੀ ਲਪੇਟ ਵਿੱਚ ਆ ਗਏ। ਸਾਰੇ ਹੀ ਰੁੱਖ ਸੜ ਗਏ। ਨਾੜ ਨੂੰ ਫੂਕਣਾ ਬਹੁਤ ਜ਼ਿਆਦਾ ਗਲਤ ਹੈ। ਇਕ ਤਾਂ ਹਵਾ ਪ੍ਰਦੂਸ਼ਣ ਹੁੰਦੀ ਹੈ। ਰੁੱਖਾਂ ਦੇ ਬਹੁਤ ਫ਼ਾਇਦੇ ਹਨ। ਇੱਕ ਵਾਤਾਵਰਣ ਸਾਫ਼-ਸੁਥਰਾ ਰਹਿੰਦਾ ਹੈ । ਲੋਕ ਬਿਮਾਰੀਆਂ ਦੇ ਘੱਟ ਸ਼ਿਕਾਰ ਹੁੰਦੇ ਹਨ। ਬਾਰਸ਼ ਦੇ ਸਹਾਈ ਹੋਣ ਵਿੱਚ ਰੁੱਖਾਂ ਦਾ ਅਹਿਮ ਯੋਗਦਾਨ ਹੁੰਦਾ ਹੈ। ਅਸੀਂ ਆਮ ਦੇਖਦੇ ਹਾਂ ਕਿ ਪਹਾੜੀ ਖੇਤਰਾਂ ਵਿੱਚ ਰੁੱਖ ਬਹੁਤ ਹੁੰਦੇ ਹਨ। ਇੱਥੇ ਬਹੁਤ ਜ਼ਿਆਦਾ ਫਿਰ ਬਾਰਿਸ਼ ਹੁੰਦੀ ਹੈ। ਪ੍ਰਦੂਸ਼ਣ ਵੀ ਬਹੁਤ ਘੱਟ ਹੁੰਦਾ ਹੈ। ਲੋਕ ਬੀਮਾਰੀਆਂ ਦੇ ਘੱਟ ਸ਼ਿਕਾਰ ਹੁੰਦੇ ਹਨ। ਅਜਿਹੇ ਵਾਤਾਵਰਣ ਵਿੱਚ ਰਹਿਣ ਨੂੰ ਬਹੁਤ ਦਿਲ ਕਰਦਾ ਹੈ। ਜੇ ਹਰ ਥਾਂ ਤੇ ਸੰਘਣੇ ਸੰਘਣੇ ਦਰੱਖਤ ਹੁੰਦੇ ਤਾਂ ਅੱਜ ਦੇਸ਼ ਵਿੱਚ ਆਕਸੀਜਨ ਦੀ ਕਮੀ ਨਾ ਹੁੰਦੀ। ਕਿਉਂਕਿ ਦਰਖਤ ਕਾਰਬਨ ਡਾਈਆਕਸਾਈਡ ਸੋਖ ਲੈਂਦੇ ਹਨ ਤੇ ਆਕਸੀਜਨ ਛੱਡਦੇ ਹਨ। ਅਕਸਰ ਅਸੀਂ ਆਮ ਦੇਖਦੇ ਹਾਂ ਕਿ ਜਦੋਂ ਅਸੀਂ ਸਵੇਰੇ ਸੈਰ ਕਰਨ ਜਾਂਦੇ ਹਨ ਤਾਂ ਵਾਤਾਵਰਣ ਬਹੁਤ ਸਾਫ਼-ਸੁਥਰਾ ਹੁੰਦਾ ਹੈ। ਠੰਡੀ ਠੰਡੀ ਹਵਾ ਚੱਲ ਰਹੀ ਹੁੰਦੀ ਹੈ। ਵਾਤਾਵਰਨ ਵਿੱਚ ਆਕਸੀਜਨ ਭਰਪੂਰ ਮਾਤਰਾ ਵਿੱਚ ਹੁੰਦੀ ਹੈ। ਲੰਮੇ ਲੰਮੇ ਸਾਹ ਲੈਣ ਨਾਲ ਫੇਫੜੇ ਸਾਫ ਸੁਥਰੇ ਹੋ ਜਾਂਦੇ ਹਨ। ਸਾਨੂੰ ਸਾਰਿਆਂ ਨੂੰ ਹੀ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਰੁੱਖ ਲਗਾਉਣ ਵਿੱਚ ਵੱਧ ਚੜ ਕੇ ਹਿੱਸਾ ਲਈਏ।ਇਹ ਹੁਣ ਸੰਭਲਣ ਦਾ ਸਮਾਂ ਹੈ ।ਜੇ ਇੰਨਾ ਕੁਝ ਹੋ ਕੇ ਇਨਸਾਨ ਨਹੀਂ ਸੁਧਰਿਆ, ਤਾਂ ਉਹ ਇਨਸਾਨ ਕਹਾਉਣ ਦੇ ਲਾਇਕ ਨਹੀਂ ਹੈ ।ਆਓ ਅਸੀਂ ਸਾਰੇ ਹੀ ਪ੍ਰਣ ਕਰੀਏ ਕਿ ਆਪਣੇ ਵਾਤਾਵਰਣ ਨੂੰ ਹਰਿਆ-ਭਰਿਆ ਤੇ ਸਾਫ ਸੁਥਰਾ ਰੱਖੀਏ ਤਾਂ ਜੋ ਆਉਣ ਵਾਲੀਆਂ ਪੁਸ਼ਤਾਂ ਇਸ ਦਾ ਆਨੰਦ ਮਾਣ ਸਕਣ।

## ਸ਼ੁੱਧ ਪਾਣੀ, ਪੀਣ ਦੇ ਯੋਗ ਨਹੀਂ ਰਿਹਾ



ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿਚ ਅੱਜ ਵੱਡੀ ਮਾਤਰਾ ਵਿਚ ਸ਼ੁੱਧ ਪਾਣੀ, ਪੀਣ ਦੇ ਯੋਗ ਨਹੀਂ ਰਿਹਾ ਫ਼ੈਕਟਰੀਆਂ ਦਾ ਪ੍ਰਦੂਸ਼ਿਤ ਪਾਣੀ ਦਾ ਜ਼ਮੀਨੀ ਪਾਣੀ ਅਤੇ ਨਦੀਆਂ ਦੇ ਕੁਦਰਤੀ ਪਾਣੀ ਵਿਚ ਮਿਲਣਾ ਸ਼ੁੱਧ ਪਾਣੀ ਨੂੰ ਪ੍ਰਦੂਸ਼ਿਤ ਕਰਨ ਦੇ ਮੁੱਖ ਕਾਰਨ ਹਨ। ਹੁਣ ਤਾਂ ਕਈ ਜਗਾ ਪਾਣੀ ਵਿੱਚ ਕੁਝ ਅਜਿਹੇ ਜੀਵਾਣੂ ਬਹੁਤ ਵੱਡੀ ਮਾਤਰਾ ਵਿੱਚ ਮੌਜੂਦ ਹਨ ਜਿਨਾਂ ਨਾਲ ਭਿਆਨਕ ਬਿਮਾਰੀਆਂ ਜਨਮ ਲੈ ਰਹੀਆਂ ਹਨ। ਚਮੜੀ ਦੀ ਐਲਰਜ਼ੀ, ਪੀਲੀਆ ਅਤੇ ਕੈਂਸਰ ਵਰਗੀਆਂ ਨਾਮੁਰਾਦ ਬੀਮਾਰੀਆਂ ਦਾ ਕਾਰਨ ਪ੍ਰਦੂਸ਼ਿਤ ਪਾਣੀ ਬਣਦਾ ਜਾ ਰਿਹਾ ਹੈ, ਨਾਲ ਹੀ ਪ੍ਰਦੂਸ਼ਿਤ ਪਾਣੀ ਦਾ ਮਾੜਾ ਅਸਰ ਮਨੁੱਖ ਦੀ ਮਾਨਸਿਕਤਾ 'ਤੇ ਵੀ ਪੈਂਦਾ ਹੈ। ਪਾਣੀ ਦੀ ਸੰਭਾਲ ਕਰਨੀ ਸਾਡਾ ਫ਼ਰਜ਼ ਹੈ, ਆਓ ਆਪਾਂ ਸਾਰੇ ਰਲ ਮਿਲ ਕੇ ਆਪਣੇ ਪਾਣੀ ਦੀ ਸੰਭਾਲ ਲਈ ਜੁਟੀਏ ਤੇ ਕੁਦਰਤ ਨੂੰ ਦੂਸ਼ਿਤ ਹੋਣ ਤੋਂ ਬਚਾਈਏ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਸਾਫ ਸੁਥਰਾ ਪੀਣ ਦੇ ਯੋਗ ਪਾਣੀ ਅਤੇ ਸਾਫ਼ ਵਾਤਾਵਰਣ ਮਿਲ ਸਕੇ। ਕੁਦਰਤ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਸਭ ਨੂੰ ਸਹਿਯੋਗ ਕਰਨਾ ਚਾਹੀਦਾ ਹੈ।

**ਹਰਮਨਪ੍ਰੀਤ ਸਿੰਘ**

## ਕੁਦਰਤ ਨਾਲ ਵਧੀਕੀ ਦਾ ਨਤੀਜਾ

**ਹਰਫੂਲ ਭੁੱਲਰ ਮੰਡੀ ਕਲਾਂ**
**9876870157**

ਕੁਦਰਤ ਆਪਣੀ ਹੋਂਦ ਦੇ ਸਾਨੂੰ ਪ੍ਰਤੱਖ ਸਬੂਤ ਪੇਸ਼ ਕਰ ਚੁੱਕੀ ਹੈ, ਪਰ ਲਗਦੈ ਅਸੀਂ ਹਾਲੇ ਵੀ ਇਸ਼ਾਰਿਆਂ ਨੂੰ ਸਮਝ ਨਹੀਂ ਪਾ ਰਹੇ। ਆਪਣੇ ਆਪ ਨੂੰ ਪੂਰੀ ਕਾਇਨਾਤ ਦੇ ਮਾਲਿਕ ਜਾਣਕੇ ਕਮਜ਼ੋਰਾਂ ਨਾਲ ਵਧੀਕੀਆਂ ਕਰਨ ਵਿਚ ਮਸਰੂਫ਼ ਹਾਂ।

ਸਾਡੇ ਖ਼ੂਨ ਵਿਚ ਸਭਿਅਤਾ ਦਾ ਕੋਈ ਵੀ ਕਤਰਾ ਨਹੀਂ ਤੇ ਸਾਡੇ ਦਿਮਾਗ਼ਾਂ ਵਿਚ ਇਸਦੇ ਕੋਈ ਵੀ ਅਰਥ ਨਹੀਂ। ਜੇ ਇਹ ਹੁੰਦਾ ਤਾਂ ਮਨੁੱਖ ਵੱਲੋਂ ਅਸਮੱਰਥ ਅਤੇ ਮਜਲੂਮਾਂ ਦ. ਬਣਦੇ ਉੱਚਿਤ ਹੱਕਾਂ ਨੂੰ ਬਾਹੂਬਲ ਦੇ ਜ਼ੋਰ ਨਾਲ ਦਬਾਇਆ ਨਾ ਜਾਂਦਾ, ਆਪਾਂ ਇਸ ਖ਼ੂਬਸੂਰਤ ਸੰਸਾਰ ਤੇ ਇੱਕ-ਦੂਜੇ ਦੇ ਵਿਰੋਧੀ ਨਹੀਂ ਸਗੋਂ ਸਹਿਯੋਗੀ ਹੁੰਦੇ।

ਆਪਾਂ ਇਕੱਲੇ ਨਹੀਂ, ਪੂਰੀ ਦੁਨੀਆ ਨੇ ਸਿਆਣਪ ਵਿਹੂਣੀ ਮੁਹਾਰਤ ਅਤੇ ਵਿਵੇਕਹੀਣ ਤਾਕਤ ਤਾਂ ਹਾਸਿਲ ਕਰ ਲਈ ਹੈ। ਤਾਂਹੀ ਤਾਂ ਸਾਡੀ ਦੁਨੀਆ ਅੱਜ ਪ੍ਰਮਾਣੂ ਮਾਮਲਿਆਂ ਵਿਚ ਦੈਂਤ ਦੇ ਸਮਾਨ ਹੈ, ਪਰ ਨੈਤਿਕਤਾ ਦੇ ਪੱਖੋਂ ਅਸੀਂ ਬਹੁਤ ਬੌਣੇ ਹੋ ਗਏ ਹਾਂ।

ਆਰਥਿਕ ਪੱਖ ਮਜਬੂਤ ਹੋਣ ਦੀ ਤਾਕਤ, ਮਨੁੱਖ ਨੂੰ ਇਸ ਕਦਰ ਭ੍ਰਿਸ਼ਟ ਬਣਾਉਂਦੀ ਹੈ, ਕਿ ਉਹ ਆਪਣੀ ਤਾਕਤ ਦੀ ਦੁਰਵਰਤੋਂ ਕਰਕੇ ਆਪਣੇ ਆਪ ਨੂੰ ਲਾਭ ਪਹੁੰਚਾਉਣ ਅਤੇ ਦੂਜਿਆਂ ਦਾ ਨੁਕਸਾਨ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ।

ਪੈਸੇ ਦੀ ਤਾਕਤ ਵੀ ਇੱਕ ਮਿੱਠਾ ਜ਼ਹਿਰ ਹੁੰਦੀ ਹੈ, ਇਹ ਵੀ ਇੱਕ ਨਸ਼ਾ ਹੈ, ਇਹ ਇੱਕ ਐਸੀ ਇੱਛਾ ਹੈ, ਜਿਹੜੀ ਹੌਲੀ-ਹੌਲੀ ਆਦਤ ਵਿਚ ਬਦਲ ਜਾਂਦੀ ਹੈ, ਇਹ ਵਧਦੀ ਜਾਂਦੀ ਹੈ ਤੇ ਮਨੁੱਖ ਘਟਦਾ ਜਾਂਦਾ ਹੈ। ਹੋਣੀ ਸਭ ਮਨੁੱਖਾਂ ਦੀ ਇੱਕੋ ਹੈ, ਜੀਵਨ ਜਿਊਣ ਦੇ ਸਾਡੇ ਢੰਗ ਤਰੀਕੇ ਅਲੱਗ ਹਨ ਜੋ ਸਾਡੀਆਂ ਤਕਲੀਫਾਂ ਦੇ ਬੇਵਜਾ ਕਾਰਨ ਬਣਦੇ ਹਨ...।

# ਤਵਾਰੀਖ਼ ਦੇ ਪੰਨਿਆਂ ’ਤੇ ਜੂਨ-1984

## ਕਿਉਂ ਲੜੇ ਸੀ ਜੂਨ 1984 ਵਿੱਚ



**ਪਰਮਪਾਲ ਸਿੰਘ ਸਭਰਾਅ**

**9814991699**

ਮੇਰੀ ਕੌਮ ਦੇ ਨਿੱਕੜੇ ਬਰਖ਼ੁਰਦਾਰੋ ਆਓ ਜੂਨ 1984 ਦੀ ਬਾਤ ਸੁਣਾਵਾਂ। ਮੈਨੂੰ ਨਹੀਂ ਪਤਾ ਤੁਹਾਨੂੰ ਹੁਣ ਤੱਕ ਇਸ ਬਾਰੇ ਕੀ ਸੁਣਾਇਆ ਗਿਆ ਹੈ ਜਾਂ ਸੁਣਾਇਆ ਹੀ ਨਹੀਂ ਗਿਆ ਜਾਂ ਫੇਰ ਪੱਬ ਜੀ ਤੇ ਟਿੱਕ ਟਾਕ ਦੇ ਚੱਸਕੇ ਨੇ ਇਸ ਖ਼ੂਨੀ ਦੌਰ ਬਾਰੇ ਕਦੀ ਸੋਚਣ ਵੀ ਦਿੱਤਾ ਹੈ ਕਿ ਨਹੀਂ, ਅੱਜ ਦੇ ਦਿਨ ਇਕ ਜੂਨ ਨੂੰ ਤੀਜੇ ਘੱਲੂਘਾਰੇ ਦੀ ਸ਼ੁਰੂਆਤ ਹੋਈ ਸੀ ਅੱਜ ਦੇ ਦਿਨ। ਭਾਰਤੀ ਹਕੂਮਤ ਨੇ ਸਿੱਖ ਕੌਮ ਦੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ’ਤੇ ਹਮਲਾ ਕੀਤਾ ਸੀ। ਘੱਲੂਘਾਰੇ ਦਾ ਮਤਲਬ ਹੁੰਦਾ ਜਦ ਹਕੂਮਤ ਕਿਸੇ ਕੌਮ ਦਾ ਸੰਪੂਰਨ ਸਫਾਇਆ ਕਰਨ ਦੇ ਮਕਸਦ ਨਾਲ ਚਹੁ- ਤਰਫਾ ਹਮਲਾ ਕਰਦੀ, ਇਸ ਤੋਂ ਪਹਿਲਾਂ ਅਠਾਰਵੀਂ ਸਦੀ ਵਿਚ ਵੱਡਾ ਘੱਲੂਘਾਰਾ ਹੋਇਆ ਜਿਸ ਵਿਚ 30000 ਸਿੱਖ ਸ਼ਹੀਦ ਹੋਏ ਤੇ ਛੋਟੇ ਘੱਲੂਘਾਰੇ ਵਿਚ 7000 ਸਿੱਖ ਸ਼ਹੀਦ ਹੋਏ, ਇਕ ਮੁੱਢਲਾ ਸਵਾਲ ਹੈ ਕਿ ਭਾਰਤਵਰਸ਼ ਵਿਚ ਸਿੱਖ ਕੌਮ ਹੀ ਹਰ ਸਦੀ ਵਿਚ ਵੱਡੀ ਪੱਧਰ ਤੇ ਸ਼ਹੀਦੀ ਜਾਮ ਕਿਉਂ ਪੀਂਦੀ ਹੈ? ਮੁਗਲਾਂ ਤੋਂ ਇੰਦਰਾ ਗਾਂਧੀ ਤੱਕ ਦਿੱਲੀ ਤਖ਼ਤ ਦੇ ਹਰ ਬਾਦਸ਼ਾਹ ਨੇ ਸਿੱਖ ਕੌਮ ਨੂੰ ਹੀ ਕਿਉਂ ਖ਼ਤਮ ਕਾਰਨ ਦੀ ਮੁਹਿੰਮ ਚਲਾਈ? ਅਬਦਾਲੀ ਤੋਂ ਇੰਦਰਾ ਤੱਕ ਦੀਆਂ ਜੰਗੀ ਤੋਪਾਂ ਦੇ ਗੋਲੇ ਦਰਬਾਰ ਸਾਹਿਬ ਵੱਲ ਹੀ ਕਿਉਂ ਚਲਾਏ ਜਾਂਦੇ ਹਨ? ਦਰਬਾਰ ਸਾਹਿਬ ਵਿਚ ਅੱਠੋ ਪਹਿਰ ਸਰਬੱਤ ਦੇ ਭਲੇ ਦੀ ਅਰਦਾਸ ਹੁੰਦੀ ਹੈ, ਹਰ ਵੇਲੇ ਗੁਰਬਾਣੀ ਰਾਹੀਂ ਦਇਆ, ਧਰਮ, ਹੱਕ, ਸੱਚ, ਇਨਸਾਫ, ਸਾਂਝੀਵਾਲਤਾ, ਬਰਾਬਰਤਾ ਦਾ ਪਾਠ ਪੜ੍ਹਿਆ ਜਾਂਦਾ ਹੈ, ਹਰ ਹਕੂਮਤ ਦਾ ਅਸਲ ਮਕਸਦ ਵੀ ਮਨੁੱਖਤਾ ਦੇ ਇਨਾਂ ਸਿਧਾਂਤਾਂ ਦੀ ਪਹਿਰੇਦਾਰੀ ਕਰਨਾ ਹੁੰਦਾ ਹੈ, ਫੇਰ ਹਰ ਹਕੂਮਤ ਦੀ ਸਿੱਖ ਕੌਮ ਨਾਲ ਦੁਸ਼ਮਣੀ ਕਿਸ ਗੱਲ ਦੀ? ਆਓ ਇਸ ਸਵਾਲ ਦੇ ਜੁਆਬ ਵਿਚੋਂ ਜੂਨ 1984 ਹਮਲੇ ਦਾ ਅਸਲ ਕਾਰਨ ਲੱਭੀਏ। ਵੇਖੋ ਹਕੂਮਤ ਦੀ ਜੰਗ ਦਾ ਕਾਰਨ ਹੈ ਗੁਰੂ ਨਾਨਕ ਸਾਹਿਬ ਜੀ ਦਾ ਗਲੋਬਲ ਵਿਜ਼ਨ ਅਤੇ ਮਿਸ਼ਨ ਜਿਸ ਵਿਚ ਧਰਮੀ ਹੋਣ ਦਾ ਮਤਲਬ ਇਬਾਦਤ ਦੇ ਸਫ਼ਰ ’ਤੇ ਚੱਲ ਕੇ ਸ਼ਹਾਦਤ ਦੇ ਸਫ਼ਰ ਤੱਕ ਪਹੁੰਚਣਾ ਹੈ। ਭਾਵ ਆਪਣੇ ਜੀਵਨ ਨੂੰ ਗੁਰਬਾਣੀ ਰਾਹੀਂ ਸਚਿਆਰ ਬਣਾ ਕੇ ਧਰਤੀ ਤੇ ਧਰਮ ਕਾ ਜੈਕਾਰ ਕਰਨਾ ਹੈ, ਜੇ ਕੋਈ ਬਾਬਰ ਵਰਗਾ ਜਰਵਾਣਾ ਹਕੂਮਤ ਦੇ ਨਸ਼ੇ ਵਿਚ ਸਰਬੱਤ ਦੇ ਭਲੇ ਵਿਚ ਖਰਾਬੀ ਕਰਕੇ ਮਨੁੱਖਤਾ ਤੇ ਅਤਿਆਚਾਰ ਕਰੇ ਤਾਂ ਉਸ ਦੇ ਸਾਹਮਣੇ ਉਸ ਨੂੰ ਜਾਬਰ ਆਖ ਕੇ ਮਜਲੂਮ ਮਨੁੱਖਤਾ ਦਾ ਸਾਥ ਦੇਣਾ ਹੈ। ਜੇ ਔਰੰਗਜੇਬ ਹਕੂਮਤ ਦੇ ਜ਼ੋਰ ਨਾਲ ਮਨੁੱਖਤਾ ਦੀ ਧਾਰਮਿਕ ਅਜਾਦੀ ’ਤੇ ਹਮਲਾ ਕਰਦਾ ਹੈ ਤਾਂ ਗੁਰੂ ਤੇਗ ਸਾਹਿਬ ਸਿਰ ਦੇ ਕੇ ਹਿੰਦੂਆਂ ਦੀ ਧਾਰਮਿਕ ਅਜਾਦੀ ਦੀ ਰਾਖੀ ਕਰਦੇ ਹਨ।

ਸਿੱਖ ਦੀ ਮੰਜ਼ਿਲ ਹੈ ਸਚਿਆਰ ਹੋਣਾ, ਤੇ ਸ਼ਹਾਦਤ ਦਾ ਅਰਥ ਹੈ ਸੱਚ ਦੀ ਗਵਾਹੀ, ਤਾਂ ਹੀ ਹਰ ਸਚਿਆਰ ਸਿੱਖ ਸੱਚ ਦੀ ਗਵਾਹੀ (ਸ਼ਹਾਦਤ) ਦੇਂਦਾ ਹੈ ਭਾਵੇਂ ਇਸ ਸੱਚ ਦੀ ਗਵਾਹੀ ਦੀ ਕੀਮਤ ਭਿਆਨਕ ਮੌਤ ਹੀ ਕਿਉਂ ਨਾ ਹੋਵੇ। ਫਿਰ ਤੁਸੀਂ ਸਵਾਲ ਕਰੋਗੇ ਕੇ ਹਕੂਮਤਾਂ ਨੂੰ ਤਾਂ ਐਸੇ ਸੱਚ ਦੇ ਪਹਿਰੇਦਾਰਾਂ ਦੇ ਪੈਰ ਚੁੰਮਣੇ ਚਾਹੀਦੇ ਨੇ ਫਿਰ ਇਹ ਘੱਲੂਘਾਰੇ ਕਿਉਂ?



ਅਸਲ ਵਿਚ ਮੁੱਢ ਕਦੀਮ ਤੋਂ ਹੀ ਰਾਜਨੀਤਕ ਹਕੂਮਤਾਂ ਇਨਸਾਫ ਦੇ ਮਕਸਦ ਤੋਂ ਪਾਸੇ ਜਾ ਕੇ ਗਰੀਬ ਮਜਲੂਮਾਂ ਨਿਆਸਰਿਆਂ ਤੇ ਅਤਿਆਚਾਰ ਕਰਦੀਆਂ ਹਨ, ਧਾਰਮਿਕ ਪੁਜਾਰੀ ਵਰਗ ਸਰਕਾਰਾਂ ਨਾਲ ਰਲਕੇ ਦੂਜੇ ਧਰਮ ਦੇ ਲੋਕਾਂ ਨੂੰ ਖ਼ਤਮ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਦੇ ਹਨ ਤੇ ਗੁਰੂ ਨਾਨਕ ਸਾਹਿਬ ਜੀ ਤੋਂ ਸਿੱਖ ਧਰਮ ਦੀ ਪ੍ਰੰਪਰਾ ਹੈ ਕਿ ਸਿੱਖ ਕੌਮ ਕਿਸੇ ਵੀ ਧਰਮ ਜਾਤ ਦੇ ਵਖਰੇਵੇਂ ਤੋਂ ਉੱਤੇ ਉੱਠ ਕੇ ਇਨਸਾਨੀਅਤ ਖਾਤਰ ਮਜਲੂਮ ਲਈ ਜਾਨ ਦੇ ਵੀ ਦੇਂਦੇ ਨੇ ਤੇ ਜਾਨ ਲੈ ਵੀ ਲੈਂਦੇ ਨੇ। ਇਥੋਂ ਸਿੱਖਾਂ ਅਤੇ ਹਕੂਮਤਾਂ ਦੇ ਸਿਧਾਂਤਕ ਵਿਰੋਧ ਦਾ ਮੁੱਢ ਬੱਝਦਾ ਹੈ, ਤਾਂ ਹੀ ਧੰਨ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਿੱਖ ਕੌਮ ਨੂੰ ਮੀਰੀ ਪੀਰੀ ਦਾ ਸਿਧਾਂਤ ਦਿੰਦਿਆਂ ਸਿੱਖਾਂ ਨੂੰ ਵੱਖਰੇ ਸਿੱਖ ਰਾਜ ਦਾ ਸੰਕਲਪ ਦੇਕੇ ਦਰਬਾਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ ਜੋ ਕਿ ਇਕ ਗੁਰਦੁਆਰਾ ਨਾ ਹੋ ਕੇ ਇਕ ਥੜੇ ਦੇ ਰੂਪ ਵਿਚ ਅਕਾਲੀ (ਰੱਬੀ) ਇਨਸਾਫ ਦਾ ਤਖ਼ਤ ਹੈ, ਅਕਾਲ ਪੁਰਖ ਦੇ ਇਸ ਮਹਾਨ ਤਖ਼ਤ ਤੋਂ ਸਿੱਖ ਕੌਮ ਦੀ ਸਿਧਾਂਤਕ ਜਿੰਮੇਵਾਰੀ ਹੈ ਕਿ ਜਿਸ ਨੂੰ ਵੀ ਸੰਸਾਰਕ ਹਕੂਮਤਾਂ ਇਨਸਾਫ ਨਾ ਦੇਣ ਉਸ ਨੂੰ ਅਕਾਲ ਤਖ਼ਤ ਇਨਸਾਫ ਦੇਵੇਗਾ ਇਸ ਗੁਰੂ ਵਰੋਸਾਈ ਪ੍ਰੰਪਰਾ ਨੇ ਬਿਨਾ ਕਿਸੇ ਧਰਮ, ਜਾਤ, ਲਿੰਗ ਭੇਦ, ਊਚ ਨੀਚ, ਅਮੀਰ, ਗਰੀਬ ਦੇ ਵਖਰੇਵੇਂ ਤੋਂ ਫਾਰਿਆਦੀਆਂ ਨੂੰ ਇਨਸਾਫ ਦਿੱਤਾ। ਸਮੇਂ ਦੀਆਂ ਸਰਕਾਰਾਂ ਨੇ ਇਸ ਨੂੰ ਚਣੌਤੀ ਮੰਨ ਕੇ ਤੋਪਾਂ ਤੇ ਮੂੰਹ ਖੋਲ ਦਿੱਤੇ ਕਿਉਂਕਿ ਕੋਈ ਵੀ ਸਰਕਾਰ ਸਟੇਟ ਵਿਦ ਇਨ ਸਟੇਟ ਨੂੰ ਪ੍ਰਵਾਨ ਨਹੀਂ ਕਰਦੀ।

ਸਿੱਖ ਕੌਮ ਮੀਰੀ ਪੀਰੀ ਦੇ ਸਿਧਾਂਤ ਤੇ ਚੱਲ ਕੇ ਗੁਰੂ ਹੁਕਮਾਂ ’ਤੇ ਪਹਿਰਾ ਦਿੰਦਿਆਂ ਮੁਗਲਾਂ ਨਾਲ ਲੜੀ, ਭਾਰਤ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਪਹਿਲਾ ਸਿੱਖ ਰਾਜ ਕਾਇਮ ਕੀਤਾ, ਫਿਰ ਅਫਗਾਨ ਧਾੜਵੀਆਂ ਨਾਲ ਲੋਹਾ ਲਿਆ, ਦੋ ਘੱਲੂਘਾਰੇ ਹੰਢਾਏ ਅਤੇ ਦੂਜੀ ਵਾਰ ਸਿੱਖ ਰਾਜ ਕਾਇਮ ਕੀਤਾ। ਸਦੀਆਂ ਤੋਂ ਮੁਗਲਾਂ, ਅਫਗਾਨਾਂ ਦੇ ਭਾਰਤ ’ਤੇ ਹਮਲਿਆਂ ਦਾ ਦਰਵਾਜਾ ‘ਦੱਰਾ ਖ਼ੈਬਰ’ ਸਦਾ ਲਈ ਬੰਦ ਕੀਤਾ, ਅਫਗਾਨਿਸਤਾਨ, ਕਸ਼ਮੀਰ, ਤਿੱਬਤ ਤੱਕ ਰਾਜ ਕੀਤਾ। ਅੰਗਰੇਜ਼ੀ ਹਕੂਮਤ ਵੇਲੇ ਸਿੱਖ ਕੌਮ ਨੇ ਅੱਸੀ ਪਰਸੈਂਟ (ਭਾਰਤੀ ਅਜ਼ਾਦੀ ਇਤਿਹਾਸ ਦੇ ਅੰਕੜਿਆਂ ਮੁਤਾਬਕ) ਕੁਰਬਾਨੀਆਂ ਦੇ ਕੇ ਅੰਗਰੇਜ਼ੀ ਹਕੂਮਤ ਤੋਂ ਭਾਰਤ ਅਜਾਦ ਕਰਵਾਇਆ, ਪਰ ਅੰਗਰੇਜਾਂ ਦੇ ਭਾਰਤ ਛੱਡਣ ਮੌਕੇ ਇਕ ਵੱਡਾ ਮਸਲਾ ਬਣ ਗਿਆ ਉਹ ਇਹ ਕਿ ਸਿੱਖ ਕੌਮ ਤਾਂ 80% ਕੁਰਬਾਨੀਆਂ ਕਰਕੇ ਅੰਗਰੇਜਾਂ ਦੀ ਬਾਗੀ ਭਾਵ ਵਿਰੋਧੀ ਸੀ ਤੇ ਨਹਿਰੂ ਗਾਂਧੀ ਪਟੇਲ ਸਾਵਰਕਰ ਹੁਰੀਂ ਤਾਂ ਅੰਗਰੇਜਾਂ ਦੇ ਨੇੜਲੇ ਵਫਾਦਾਰ ਸਨ। ਮੁਸਲਿਮ ਲੀਗ ਵਾਲੇ ਮੁਹੰਮਦ ਅਲੀ ਜਨਾਹ ਨੇ ਲੜ ਕੇ ਵੱਖਰਾ ਮੁਲਕ ਪਾਕਿਸਤਾਨ ਲੈ ਲਿਆ ਪਰ ਇਸ ਵਿਚ ਸਿੱਖ ਕੌਮ ਦਾ ਬਹੁਤ ਵੱਡਾ ਨੁਕਸਾਨ ਹੋਇਆ ਮੁਲਤਾਨ, ਅਫਗਾਨਿਸਤਾਨ, ਕਸ਼ਮੀਰ, ਤਿੱਬਤ ਤੱਕ ਫੈਲਿਆ ਸਿੱਖ ਰਾਜ ਦਾ 80% ਹਿੱਸਾ ਗੁਆਚ ਗਿਆ। ਹਿੰਦ ਹਕੂਮਤ ਦੇ ਨਵੇਂ ਵਾਰਸਾਂ ਨੇ ਸਿੱਖਾਂ ਨੂੰ ਇਕ ਖੁਦ ਮੁਖਤਿਆਰ ਅਜ਼ਾਦ ਸਟੇਟ ਦੇਣ ਦਾ ਵਾਅਦਾ ਕਰ ਕੇ ਨਾਲ ਰਲਾ ਲਿਆ, ਪਰ ਜਦ ਹਿੰਦ ਦੇ ਨਵੇਂ ਵਾਰਸਾਂ ਨੂੰ ਸਿੱਖਾਂ ਨੇ ਵਾਅਦਾ ਯਾਦ ਕਰਵਾਇਆ ਤਾਂ ਅੱਗੋਂ ਜਵਾਹਰ ਲਾਲ ਨਹਿਰੂ ਨੇ ਠੋਕ ਕੇ ਕੋਰਾ ਜੁਆਬ ਦਿੰਦਿਆਂ ਕਿਹਾ ਕੇ ਯੇਹ ਨਹੀਂ ਹੋ ਸਕਤਾ ਅਬ ਹਾਲਾਤ ਬਦਲ ਚੁੱਕੇ ਹੈਂ, ਇਸ ਭਾਰਤ ਵਿਚ ਸਿੱਖਾਂ ਨੇ ਸਦੀਆਂ ਤੋਂ ਲੱਖਾਂ ਕੁਰਬਾਨੀਆਂ ਦਿੱਤੀਆਂ ਤੇ ਅਜਾਦ ਭਾਰਤ ਵਿਚ ਸ਼ਹਾਦਤਾਂ ਦਾ ਇਨਾਮ ਇਹ ਮਿਲਿਆ ਕਿ 80% ਰਾਜ ਦੀ ਮਾਲਕੀ ਵਾਲਾ ਖਿਤਾ ਗੁਆਇਆ, ਸਿੱਖ ਸਟੇਟ ਗੁਆਈ, ਪੰਜਾਬ ਦੇ ਦੋ ਟੋਟੇ ਕਰਵਾਏ, 10 ਲੱਖ ਪੰਜਾਬੀਆਂ ਜਾਨ ਗੁਆਈ, ਅੱਧਾ ਪੰਜਾਬ ਅਜ਼ਾਦੀ ਜਸ਼ਨ ਵੇਲੇ ਰਫਿਊਜੀ ਹੋ ਗਿਆ, ਰਹਿੰਦੀ ਕਸਰ ਹਕੂਮਤ ਨੇ ਵਾਅਦਾ ਖ਼ਿਲਾਫ਼ੀ ਕਰ ਕੇ ਕੱਢ ਦਿੱਤੀ, ਇਥੇ ਨਵੇਂ ਨਿਆਣੇ ਸਵਾਲ ਕਰਨਗੇ ਕਿ ਗ਼ਲਤੀ ਸਾਡੇ ਲੀਡਰਾਂ ਦੀ ਵੀ ਹੈ, ਉਨਾਂ ਨੂੰ ਨਹਿਰੂ ਗਾਂਧੀ ਤੇ ਯਕੀਨ ਨਹੀਂ ਕਰਨਾ ਚਾਹੀਦਾ ਸੀ। ਪਿਆਰੇ ਨਿੱਕੜੇ ਵੀਰੋ ਭੈਣੋ, ਇਹ ਯਕੀਨ ਕਰਨ ਦੀ ਗੱਲ ਉਸ ਬੰਦੇ ਦੀ ਹੋ ਰਹੀ ਹੈ ਜਿਸ ਦੀ ਫੋਟੋ ਨੋਟਾਂ ’ਤੇ ਲੱਗਦੀ ਹੈ। ਉਸ ਨੇ ਇਕ ਜਲਸੇ ਦੀ ਭਰੀ ਸਭਾ ਵਿਚ ਹਜਾਰਾਂ ਲੋਕਾਂ ਸਾਹਮਣੇ ਵਾਅਦਾ ਕੀਤਾ ਸੀ ਤੇ ਨਾਲ ਇਹ ਵੀ ਕਿਹਾ ਸੀ ਕਿ ਜੇ ਅਸੀਂ ਮੁਕਰ ਗਏ ਤਾਂ ਸਿੱਖ ਆਪਣੇ ਗਾਤਰੇ ਪਾਈ ਕਿਰਪਾਨ ਨਾਲ ਆਪਣੇ ਹੱਕ ਲੈ ਸਕਦੇ ਹਨ, ਉਹ ਅਕ੍ਰਿਤਘਣ ਹੋ ਗਿਆ, ਇਕ ਪੂਰੀ ਕੌਮ ਦਾ ਹੱਕ ਮਾਰ ਗਿਆ, ਐਸਾ ਬੰਦਾ ਫਾਦਰ ਆਫ ਨੇਸ਼ਨ ਕਿਵੇਂ ਹੋ ਸਕਦਾ? ਇਥੇ ਹੀ ਬੱਸ ਨਹੀਂ ਹੋਈ, ਅਜ਼ਾਦ ਭਾਰਤ ਵਿਚ ਸਿੱਖਾਂ ਤੇ ਜ਼ੁਲਮਾਂ ਦੀ ਨਵੀਂ ਸ਼ੁਰੂਆਤ ਕੀਤੀ ਗਈ, ਅਜ਼ਾਦੀ ਦੇ ਪਹਿਲੇ ਸਾਲ ਹੀ ਸਰਕਾਰ ਵਲੋਂ ਸਿੱਖਾਂ ਨੂੰ ਜਰਾਇਮ ਪੇਸ਼ ਘੋਸ਼ਿਤ ਕਰ ਦਿੱਤਾ ਗਿਆ, ਪੰਜਾਬ ਦੇ ਹੋਰ ਟੋਟੇ ਕਰ ਕੇ ਪੰਜਾਬ ਨੂੰ ਨਿੱਕਾ ਕੀਤਾ ਗਿਆ, ਪੰਜਾਬ ਦੇ ਪਿੰਡ ਉਜਾੜ ਕੇ ਚੰਡੀਗੜ ਸ਼ਹਿਰ ਵਸਾਇਆ ਗਿਆ ਪਰ ਉਹ ਪੰਜਾਬ ਨੂੰ ਨਹੀਂ ਮਿਲਿਆ, ਪੰਜਾਬ ਦੇ ਦਰਿਆਂਵਾਂ ਦਾ ਪਾਣੀ ਨਹਿਰਾਂ ਰਾਹੀਂ ਦੂਜੇ ਸੂਬਿਆਂ ਨੂੰ ਭੇਜ ਦਿੱਤਾ ਪਰ ਉਸ ਦਾ ਇਕ ਰੁਪਿਆ ਮੁਆਵਜਾ ਵੀ ਪੰਜਾਬ ਨੂੰ ਨਹੀਂ ਮਿਲਿਆ, ਬਾਰਡਰ ਸਟੇਟ ਹੋਣ ਕਾਰਨ ਜੰਗਾਂ ਦੀ ਮਾਰ ਪੰਜਾਬ ਨੂੰ ਪਈ, ਜਦ ਸਿੱਖਾਂ ਨੇ ਗਾਂਧੀ ਦੇ ਆਖੇ ਅਨੁਸਾਰ ਗਾਤਰੇ ਪਾਈ ਕਿਰਪਾਨ ਦੇ ਮੁੱਠ ’ਤੇ ਹੱਥ ਧਰਕੇ ਪੰਜਾਬ ਦੀਆਂ ਜਾਇਜ ਮੰਗਾਂ ਦੀ ਲਿਸਟ ਸਰਕਾਰ ਨੂੰ ਅਨੰਦਪੁਰ ਦੇ ਮਤੇ ਦੇ ਰੂਪ ਵਿਚ ਦਿੱਤੀ ਤਾਂ ਜੁਆਬ ਵਿਚ ਤੋਪਾਂ ਤੇ ਟੈਂਕ ਲੈ ਕੇ ਕੌਮ ਦੇ ਜਰਨੈਲ ਬਾਬਾ ਜਰਨੈਲ ਸਿੰਘ ਤੇ ਉਨਾਂ ਦੇ 250 ਸਾਥੀਆਂ ਨੂੰ ਅੱਤਵਾਦੀ, ਵੱਖਵਾਦੀ ਗਰਦਾਨ ਕੇ ਪਵਿੱਤਰ ਹਰਿਮੰਦਰ ਸਾਹਿਬ ਸਮੇਤ ਪੰਜਾਬ ਦੇ ਸੈਂਕੜੇ ਗੁਰਦੁਆਰਿਆਂ ਤੇ 1 ਜੂਨ 1984 ਨੂੰ ਹਮਲਾ ਕਰ ਦਿੱਤਾ। ਹੱਕਾਂ ਖਾਤਰ ਮੁਗਲਾਂ, ਅਫਗਾਨਾਂ, ਪਠਾਣਾਂ, ਅੰਗਰੇਜਾਂ ਨਾਲ ਸਦੀਆਂ ਤੱਕ ਲੜਦੇ ਸਿੱਖ ਦੇਸ਼ ਭਗਤ ਸਨ ਪਰ ਅੱਜ ਖੁਦ ਸ਼ਹੀਦੀਆਂ ਦੇ ਕੇ ਅਜ਼ਾਦ ਕਰਵਾਏ ਮੁਲਕ ਵਿਚ ਜਾਇਜ ਮੰਗਾਂ ਮੰਗੀਆਂ ਤਾਂ ਅੱਤਵਾਦੀ ਕਿਉਂ ?

(ਚਲਦਾ...)

### ਜੂਨ 1984 ‘ਚ ਫ਼ੌਜੀ ਹਮਲਿਆਂ ਨੂੰ ਬਿਆਨ ਕਰਦੀ ਪੁਸਤਕ “ਗੁਰਦੁਆਰਿਆਂ ‘ਤੇ ਹੋਏ ਫੌਜੀ ਹਮਲਿਆਂ ਦੀ ਵਿਥਿਆ”



ਇਸ ਪੁਸਤਕ ਵਿਚ ਜੂਨ 1984 ਵਿਚ ਇੰਡੀਆ ਦੀ ਫੌਜ ਦੁਆਰਾ ਦਰਬਾਰ ਸਾਹਿਬ ਤੋਂ ਇਲਾਵਾ ਵੱਖ-ਵੱਖ ਗੁਰਦੁਆਰਿਆਂ ‘ਤੇ ਕੀਤੇ ਫੌਜੀ ਹਮਲਿਆਂ ਦੀ ਵਿਥਿਆ ਹੈ। ਜਿਸਦੀ ਗਵਾਹੀ ਮੌਕੇ ‘ਤੇ ਮੌਜੂਦ ਚਸ਼ਮਦੀਦ ਗਵਾਹ ਆਪਣੀ ਜ਼ੁਬਾਨੀ ਬਿਆਨ ਕਰਦੇ ਹਨ, ਗਵਾਹੀਆਂ ਨੂੰ ਅਧਾਰ ਬਣਾ ਕੇ ਇਹ ਪੁਸਤਕ ਮਲਕੀਤ ਸਿੰਘ ‘ਭਵਾਨੀਗੜ੍ਹ’ ਵਲੋਂ ਲਿਖੀ ਗਈ ਹੈ ਜੋ ਕਿ ਜਲਦ ਹੀ ਬਿਬੇਕਗੜ੍ਹ ਵਲੋਂ ਪ੍ਰਕਾਸ਼ਿਤ ਹੋ ਸੰਗਤਾਂ ਦੇ ਸਨਮੁੱਖ ਹੋਵੇਗੀ।

Worldwide Services, LLC
Professional Services Under One Roof:
Immigration Consultants (Registered & Bonded):
Family Immigration; Green Card Petition; Citizenship; Business/ Visitor Visa; Student Visa; India Visa; Passport Renewal; OCI & other immigration services.
Income Tax Preparation (Individual & Business).
Financial Accounting, Bookkeeping & Payroll Services.
COVID-19 Stimulus SBA's PPP & EIDL loans & SVOG grant.
your CERTIFIED, REGISTERED and BONDED CONSULTANT:
Ravdeep S. Bhasin Cell: 408-613-3876
www.worldwidesvcs.com | ravdeep@worldwidesvcs.com
15437 Stratford Drive, Ste 1, San Jose, CA 95124


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# ਸੰਤਾਪ ਦੇ ਦੌਰ ਵਿਚੋਂ ਨਿਕਲਿਆ ਬੱਬਰ ਸ਼ੇਰ ਡਾਕਟਰ ਤੇਜਇੰਦਰਪਾਲ ਸਿੰਘ

**ਸਰਬਜੀਤ ਸਿੰਘ ਘੁਮਾਣ**

ਡਾਕਟਰ ਤੇਜਇੰਦਰਪਾਲ ਸਿੰਘ, ਜਿਸਨੂੰ ਹਰੇਕ 'ਹਾਈਜੈਕਰ ਬਾਬਾ' ਕਹਿਕੇ ਯਾਦ ਕਰਦਾ ਹੈ, ਉਹ ਦਲ ਖਾਲਸਾ ਦੇ ਉਨਾਂ ਪੰਜਾਂ ਸਿੰਘਾਂ ਵਿਚੋਂ ਇਕ ਹੈ ਜਿਹੜੇ 1981 ਵਿਚ ਭਾਰਤੀ ਹਵਾਈ ਜਹਾਜ ਅਗਵਾ ਕਰਕੇ ਲਾਹੌਰ ਲੈ ਗਏ ਸਨ । ਲਾਲਾ ਜਗਤ ਨਾਰਾਇਣ ਕਤਲ ਕਾਂਡ ਮਗਰੋਂ ਸੰਤ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ, ਚੰਦੋ ਕਲਾਂ ਤੇ ਹੋਰ ਕਈ ਥਾਈਂ ਸਿਖਾਂ ਉਪਰ ਜੁਲਮ ਤੇ ਮਹਿਤਾ ਚੌਂਕ ਵਿਚ ਪੁਲਿਸ ਦੀ ਫਾਇਰਿੰਗ ਨਾਲ ਸਿੱਖਾਂ ਦੀਆਂ ਸ਼ਹਾਦਤਾਂ ਮਗਰੋਂ ਉਭਰੇ ਰੋਹ ਭਰੇ ਜਜ਼ਬਿਆਂ ਦੀ ਤਰਜਮਾਨੀ ਲਈ ਤੇ ਖਾਲਿਸਤਾਨ ਦੇ ਮੁੱਦੇ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਲਿਜਾਣ ਲਈ ਇਹ 'ਹਾਈਜੈਕਿੰਗ' ਬਹੁਤ ਜਰੂਰੀ ਸੀ।ਹਾਈਜੈਕਰਾਂ ਦੇ ਇਸ ਜਥੇ ਵਿਚ ਸ਼ਾਮਿਲ ਹੋਣ ਦਾ ਡਾ. ਤੇਜਇੰਦਰਪਾਲ ਸਿੰਘ ਨੂੰ ਅੰਤਾਂ ਦਾ ਫਖਰ ਹੈ।ਬਥੇਰੇ ਲੋਕ ਮਿਲਦੇ ਨੇ ਜਿਹੜੇ ਕੌਮੀ ਸੰਘਰਸ਼ ਵਿਚ ਸੇਵਾ ਕਰਨ ਕਰਕੇ ਝੱਲੇ ਕਸ਼ਟਾਂ ਦੀ ਦਾਸਤਾਨ ਐਂ ਸੁਣਾਉਣਗੇ ਜਿਵੇਂ ਉਨਾਂ ਨੂੰ ਅਫਸੋਸ ਹੋਵੇ ਪਰ ਡਾ. ਤੇਜਇੰਦਰਪਾਲ ਸਿੰਘ ਹਰ ਦੁਖ-ਤਕਲੀਫ ਤੇ ਕਸ਼ਟ ਨੂੰ ਟਿੱਚਰਾਂ ਕਰਦਾ ਹੈ। ਉਹ ਗੱਲ ਛੇੜੇਗਾ, 'ਇਕ ਵੇਰ ਪਾਕਿਸਤਾਨ ਜੇਲ ਵਿਚ.....' ਤੇ ਇੰਝ ਉਹ ਸਾਨੂੰ ਖਾਲਸਾਈ ਚੜਤ ਤੇ ਸਿੱਖੀ ਅਣਖ ਦੀ ਬਾਤ ਸੁਣਾ ਜਾਂਦਾ ਹੈ।

ਜਲੰਧਰ ਸ਼ਹਿਰ ਵਿਚ 5 ਜੂਨ 1952 ਨੂੰ ਪਿਤਾ ਹਰਬੰਸ ਸਿੰਘ ਤੇ ਮਾਤਾ ਪੂਰਨ ਕੌਰ ਦੇ ਘਰ ਜਨਮਿਆ ਡਾ. ਤੇਜਇੰਦਰਪਾਲ ਸਿੰਘ ਆਪਣੀਆਂ ਪੰਜ ਭੈਣਾਂ ਤੇ ਚਾਰ ਭਰਾਵਾਂ ਵਿਚੋਂ ਸਭ ਤੋਂ ਛੋਟਾ ਸੀ। ਉਹਦੇ ਕਈ ਭੈਣ-ਭਰਾ ਕੈਨੇਡਾ ਵਿਚ ਹਨ। ਜਿਹੜੇ ਇਥੇ ਪੰਜਾਬ ਵਿਚ ਵੀ ਹਨ,ਉਹ ਵੀ ਹਰ ਪੱਖੋਂ ਖੁਸ਼ਹਾਲ। ਪਰਿਵਾਰ ਵਿਚ ਸਿਖੀ ਦੇ ਸੰਸਕਾਰ ਸ਼ੁਰੂ ਤੋਂ ਹੀ ਹਨ। ਦੱਸਦੇ ਹਨ ਕਿ ਉਹਦੇ ਦਾਦਾ ਸ. ਸੰਤ ਸਿੰਘ ਬਜਾਜ ਨਨਕਾਣਾ ਸਾਹਿਬ ਮੋਰਚੇ ਮੌਕੇ ਜਥੇਦਾਰ ਕਰਤਾਰ ਸਿੰਘ ਝੱਬਰ ਦੇ ਸਾਥੀ ਸਨ।ਅਕਾਲੀ ਲਹਿਰ ਵਿਚ ਟੱਬਰ ਦਾ ਭਰਪੂਰ ਯੋਗਦਾਨ ਰਿਹਾ ਹੈ।ਗੁਰਦੁਆਰਾ ਸੁਧਾਰ ਲਹਿਰ ਦੇ ਮਹੌਲ ਨੇ ਡਾ. ਤੇਜਇੰਦਰਪਾਲ ਸਿੰਘ ਦੇ ਪਿਤਾ ਉਪਰ ਸਿੱਖੀ ਦਾ ਜੋ ਗੂਹੜਾ ਰੰਗ ਚਾੜਿਆ ਉਹ ਰੰਗ ਟੱਬਰ ਵਿਚੋਂ ਹੁਣ ਡਾ. ਤੇਜਇੰਦਰਪਾਲ ਸਿੰਘ ਤੇ ਦਿਸਦਾ ਹੈ।ਪੰਜਾਬੀ ਸੂਬਾ ਅੰਦੋਲਨ ਵਿਚ ਪਿਤਾ ਜੀ ਨੇ ਖੁਦ ਜੇਲ ਕੱਟੀ।ਦੋ ਭਰਾ ਵੀ ਉਦੋਂ ਜੇਲ ਗਏ। ਪੰਥ ਲਈ ਕੁਰਬਾਨੀ ਕਰਨ ਤੋਂ ਉਨਾਂ ਦੇ ਟੱਬਰ ਨੇ ਕਦੇ ਟਾਲਾ ਨਹੀ ਵੱਟਿਆ।




ਡਾ. ਤੇਜਇੰਦਰਪਾਲ ਸਿੰਘ ਸਿਖ ਨੈਸ਼ਨਲ ਮਿਡਲ ਸਕੂਲ ਤੋਂ ਪੜਿਆ ਹੈ। 1975 ਵਿਚ ਉਹ ਕੈਨੇਡਾ ਗਿਆ।ਪਰ ਸਾਲ ਕੁ ਮਗਰੋਂ ਹੀ ਵਾਪਸ ਪੰਜਾਬ ਆ ਗਿਆ।ਪੰਥਕ ਸਰਗਰਮੀਆਂ ਉਹਦੀ ਰੂਹ ਦੀ ਖੁਰਾਕ ਬਣ ਗਈਆਂ ਸਨ।ਫੈਡਰੇਸ਼ਨ ਦੀਆਂ ਸਰਗਰਮੀਆਂ ਵਿਚ ਉਹ ਭਾਈ ਅਮਰੀਕ ਸਿੰਘ ਤੇ ਹੋਰ ਸਿਖ ਆਗੂਆਂ ਦੇ ਸੰਪਰਕ ਵਿਚ ਆ ਗਿਆ। ਯੰਗ ਸਿਖ ਐਸੋਸੀਏਸ਼ਨ ਵਿਚ ਉਹ ਭਾਈ ਗਜਿੰਦਰ ਸਿੰਘ,ਭਾਈ ਮਨਮੋਹਣ ਸਿੰਘ ਤੇ ਉਨਾਂ ਨੌਜਵਾਨਾਂ ਨਾਲ ਹੋਰ ਵੀ ਵੱਧ ਸਰਗਰਮ ਹੋਗਿਆ ਜਿਨਾਂ ਨੇ ਮਗਰੋਂ ਦਲ ਖਾਲਸਾ ਦੇ ਆਗੂ ਵਜੋਂ ਸੇਵਾ ਕਰਨੀ ਸੀ।ਇਸੇ ਦੌਰਾਨ ਘਰਦਿਆਂ ਨੇ ਉਹਦਾ ਵਿਆਹ ਕਰ ਦਿਤਾ ਤੇ ਇਕ ਪੁਤਰ ਦੀ ਬਖਸ਼ਿਸ਼ ਹੋਈ ਪਰ ਉਹਦਾ ਵਿਆਹ ਸਫਲ ਨਾ ਰਹਿ ਸਕਿਆ।ਪੰਥਕ ਸਰਗਰਮੀਆਂ ਵਿਚ ਬੇਤਹਾਸ਼ਾ ਰੁਚੀ ਹੋਣ ਕਰਕੇ ਉਹਦਾ ਘਰੇਲੂ ਜਿੰਮੇਵਾਰੀਆਂ ਵੱਲ ਬਹੁਤਾ ਧਿਆਨ ਹੀ ਨਹੀ ਸੀ। 1981 ਵਿਚ ਸੰਤ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਮਗਰੋਂ ਹਾਈਜੈਕਿੰਗ ਮਗਰੋਂ ਦਲ ਖਾਲਸਾ ਦੇ ਹੋਰ ਆਗੂਆਂ ਸਮੇਤ ਉਹਨੂੰ ਵੀ ਪਾਕਿਸਤਾਨ ਵਿਚ ਉਮਰ ਕੈਦ ਹੋ ਗਈ।13 ਅਕਤੂਬਰ 1994 ਨੂੰ ਸਜ਼ਾ ਪੂਰੀ ਹੋਣ ਤੇ ਰਿਹਾਈ ਹੋਣ ਮਗਰੋਂ ਉਹ ਕੈਨੇਡਾ ਚਲਾ ਗਿਆ ਪਰ ਉਥੇ ਗ੍ਰਿਫਤਾਰ ਕਰ ਲਿਆ ਗਿਆ।22 ਦਸੰਬਰ 1997 ਨੂੰ ਉਸ ਨੂੰ ਕੈਨੇਡਾ ਸਰਕਾਰ ਨੇ ਭਾਰਤ ਭੇਜ ਦਿਤਾ।ਜਲੰਧਰ ਵਿਚ ਆ ਕੇ ਉਹਨੇ ਫੇਰ ਪੰਥਕ ਪਿੜ ਸਾਂਭ ਲਿਆ।

ਅੰਮ੍ਰਿਤਸਰ, ਅਨੰਦਪੁਰ ਸਾਹਿਬ, ਫਤਿਹਗੜ ਸਾਹਿਬ ਹਰ ਪੰਥਕ ਸਮਾਗਮ ਮੌਕੇ ਉਹ ਸਿੱਖੀ ਦੀ ਚੜਦੀ ਕਲਾ ਦਾ ਪੈਗਾਮ ਲੈ ਕੇ ਪਹੁੰਚਿਆ ਹੁੰਦਾ ਹੈ।ਉਹਦੇ ਭਖਦੇ ਜਜ਼ਬੇ ਅੱਜ ਦੇ ਨੌਜਵਾਨਾਂ ਨਾਲੋਂ ਵੀ ਵੱਧ ਲਾਟਾਂ ਮਾਰਦੇ ਹਨ। ਉਹਦਾ ਵਾਹ ਚੱਲੇ ਤਾਂ ਧਰਤੀ ਦੇ ਜ਼ਰੇ-ਜ਼ਰੇ ਉਪਰ 'ਖਾਲਿਸਤਾਨ ਜਿੰਦਾਬਾਦ' ਲਿਖ ਦੇਵੇ।ਉਹ ਚੜਦੀ ਕਲਾ ਦਾ ਮੁਜੱਸਮਾ ਹੈ। ਸਿੱਧਾ-ਸਾਦਾ ਜੀਵਨ ਤੇ ਪੰਥ ਨੂੰ ਸਮਰਪਿਤ ਹਸਤੀ। ਦਿਲਦਾਰ, ਹੱਸਮੁਖ, ਸਿਖੀ ਸਿਦਕ ਵਿਚ ਪਰਪੱਕ, ਹਰ ਵੇਲੇ ਪੰਥ ਦੀ ਚੜਦੀ ਕਲਾ ਲਈ ਸਰਗਰਮ, ਖਾਲਿਸਤਾਨ ਤੋਂ ਘੱਟ ਕੋਈ ਗੱਲ ਨਹੀਂ। ਸਾਰੇ ਰਿਸ਼ਤੇ-ਨਾਤੇ, ਯਾਰ-ਦੋਸਤ ਸਿਰਫ ਖਾਲਿਸਤਾਨੀ ਸੋਚ ਨਾਲ। ਹਰ ਵੇਲੇ ਖਿੜੇ ਰਹਿਣਾ।ਮਰੂੰ-ਮਰੂੰ ਜਿਹੇ ਕਰਨ ਵਾਲੇ ਨੂੰ ਵੀ ਚੜਦੀ ਕਲਾ ਨਾਲ ਭਰਪੂਰ ਕਰ ਦੇਣਾ। ਜਲੰਧਰ ਦੇ ਗੁਰਦੁਆਰਾ ਮਾਡਲ ਟਾਊਨ ਅੱਗੇ ਧਾਰਮਿਕ ਕਿਤਾਬਾਂ ਤੇ ਕਕਾਰਾਂ ਦੀ ਦੁਕਾਨਦਾਰੀ। ਦੁਕਾਨਦਾਰੀ ਕਾਹਦੀ ਪੰਥ ਦੀ ਸੇਵਾ। ਦਰਵੇਸ਼ਾਂ ਵਾਲਾ ਜਿਗਰਾ, ਦੁੱਖਾਂ, ਮੁਸ਼ਕਲਾਂ, ਔਕੜਾਂ ਤੇ ਪੀੜ ਨੂੰ ਸਾਹਮਣੇ ਤੋਂ ਵੰਗਾਰਨ ਵਾਲਾ ਸੁਭਾਅ।ਹਰ ਉਮਰ ਦਾ ਬੇਲੀ। ਪੰਥ,ਕੌਮ,ਖਾਲਿਸਤਾਨ ਵਰਗਿਆਂ ਮੁੱਦਿਆਂ ਤੇ ਚੌਵੀ ਘੰਟੇ ਬੋਲ ਸਕਦਾ ਹੈ।

ਉਹ ਅਣਖ-ਗੈਰਤ ਦੇ ਆਪਦੇ ਸਵੈਮਾਣ ਲਈ ਕਿਸੇ ਵੇਲੇ ਵੀ ਕਿਸੇ ਵੀ ਮੁੱਦੇ ਤੇ ਅੜ ਸਕਦਾ ਹੈ। ਜੇ ਕੋਈ ਉਹਨੂੰ 'ਮੰਦਦ' ਦੇਣ ਦੀ ਗੱਲ ਸੋਚੇ ਤਾਂ ਉਹ ਅੱਗੋਂ ਕਰਾਰਾ ਜਵਾਬ ਦੇਵੇਗਾ ਕਿ ਮੇਰੇ ਸਰੀਰ ਵਿਚ ਜਾਨ ਹੈਗੀ, ਕਰ ਕੇ ਖਾਣੀ ਐ। ਉਹ ਕਦੇ ਕਿਸੇ ਅੱਗੇ ਹੱਥ ਨਹੀਂ ਅੱਡ ਸਕਦਾ।ਉਹਦੇ ਕਦਰਦਾਨ ਉਹਦੇ ਉਪਰੋਂ ਸਭ ਕੁਝ ਕੁਰਬਾਨ ਕਰਨ ਵਾਲੇ ਹਨ। ਉਹਨੂੰ ਲੋੜ ਹੋਵੇ ਸਹੀ,ਉਹਦੇ ਕਦਰਦਾਨ ਉਡੀਕਦੇ ਰਹਿੰਦੇ ਨੇ ਕਿ ਕਦੇ ਸੇਵਾ ਦਾ ਮੌਕਾ ਦੇਵੇ। ਪਰ ਉਹ ਲੋਕ ਭਲਾਈ ਵਿਚ ਹੀ ਲੀਨ ਰਹਿੰਦਾ ਹੈ।ਸਰਬੱਤ ਦੇ ਭਲੇ ਦੀ ਸੋਚ ਨੂੰ ਪ੍ਰਣਾਈ ਉਹਦੀ ਉਚ-ਦੁਮਾਲੜੀ ਹਸਤੀ ਨੇ ਬਹੁਤ ਸਾਰੀਆਂ ਚਰਚਿਤ ਤੇ ਅਹਿਮ ਹਸਤੀਆਂ ਨੂੰ ਕਾਇਲ ਕੀਤਾ ਹੋਇਆ ਹੈ।ਉਹਦੀ ਜਾਣ-ਪਛਾਣ ਦਾ ਘੇਰਾ ਬਹੁਤ ਵੱਡਾ ਹੈ।ਉਹਦੇ ਵਾਕਿਫਾਂ ਵਿਚੋਂ ਇਕ ਵਿਦੇਸ਼ ਤੋਂ ਉਹਨੂੰ ਮਿਲਣ ਆਏ ਦੋਸਤ ਨੇ ਉਹਨੂੰ ਸੁਲਾਹ ਮਾਰੀ,'ਦੱਸ ਮੈਂ ਤੇਰੇ ਲਈ ਕੀ ਕਰਾਂ ?' ਹਾਈਜੈਕਰ ਬਾਬੇ ਦਾ ਜਵਾਬ ਸੀ, 'ਤੂੰ ਦੱਸ ! ਮੈਂ ਤੇਰੇ ਲਈ ਕੀ ਕਰਾਂ ?'

ਉਹ ਦਲ ਖਾਲਸਾ ਦਾ ਸੀ, ਦਲ ਖਾਲਸਾ ਦਾ ਹੈ ਤੇ ਦਲ ਖਾਲਸਾ ਦਾ ਹੀ ਰਹੇਗਾ। ਦੁਨੀਆਂ ਦੀ ਕੋਈ ਤਾਕਤ ਉਹਦੇ ਨਾਂ ਨਾਲੋਂ ਦਲ ਖਾਲਸਾ ਨਹੀ ਲਾਹ ਸਕਦੀ। ਇਹ ਉਹਦੀ ਕਮਾਈ ਹੈ। ਉਹਨੂੰ ਕੌਮ ਦਾ ਰੱਜਵਾਂ ਮਾਣ-ਸਤਿਕਾਰ ਮਿਲਦਾ ਹੈ।ਉਹ ਮੁਹੱਬਤਾਂ ਦਾ ਵਗਦਾ ਦਰਿਆ ਹੈ।ਪਾਕਿਸਤਾਨ ਦੀ ਜੇਲ ਹੋਵੇ ਜਾਂ ਗੁਰੂਘਰ ਉਹ ਸੇਵਾ ਭਾਵਨਾ ਤਹਿਤ ਸਭ ਦੀ ਨਜ਼ਰ ਵਿਚ ਆ ਜਾਂਦਾ ਰਿਹਾ। ਕੈਨੇਡਾ ਵਿਚ ਮਨੁੱਖੀ ਹੱਕਾਂ ਲਈ ਸਰਗਰਮ ਸੰਸਥਾਵਾਂ ਨਾਲ ਵਿਚਰਦਾ ਰਿਹਾ।ਅੱਜ ਵੀ ਵੈਨਕੂਵਰ ਦੇ ਲੋਕ ਉਹਨੂੰ 'ਕੈਂਡੀ ਬਾਬਾ' ਕਹਿਕੇ ਚੇਤੇ ਕਰਦੇ ਹਨ।

ਉਹ ਦਲੇਰ, ਪੰਗੇਬਾਜ਼, ਅਣਖ ਵਾਲਾ ਤੇ ਹਰ ਵੇਲੇ ਸਿਰ ਉਚਾ ਚੁੱਕ ਕੇ ਜਿਉਣ ਵਾਲਾ ਬੰਦਾ, ਹਰ ਪਲ ਸਾਨੂੰ ਚੇਤੇ ਕਰਵਾਉਂਦਾ ਹੈ ਕਿ 'ਸਿੱਖ ਜਾਂ ਬਾਗੀ ਹੁੰਦਾ ਹੈ ਜਾਂ ਬਾਦਸ਼ਾਹ, ਇਸਤੋਂ ਵਿਚ ਵਿਚਾਲੇ ਕੋਈ ਸਥਿਤੀ ਸਿੱਖ ਨੂੰ ਮਨਜੂਰ ਨਹੀ ਹੋ ਸਕਦੀ'

ਪਹਿਲੇ ਦਿਨ ਤੋਂ ਉਹ ਭਾਈ ਗਜਿੰਦਰ ਸਿੰਘ ਦਾ ਸਭ ਤੋਂ ਪਿਆਰਾ ਸਾਥੀ ਰਿਹਾ ਹੈ। ਉਹਦੀ ਮੁਕੰਮਲ ਵਫਾਦਾਰੀ ਸ. ਗਜਿੰਦਰ ਸਿੰਘ ਪ੍ਰਤੀ ਹੈ।ਧਰਤੀ ਦੇ ਜਿਸ ਵੀ ਥਾਂ ਤੇ ਹੋਵੇ ਉਹਨੇ ਹਰ ਵੇਲੇ ਇਹੀ ਸੋਚਣਾ ਹੈ ਕਿ ਜੇ ਭਾਈ ਗਜਿੰਦਰ ਸਿੰਘ ਨੂੰ ਇਹ ਗੱਲ ਪਤਾ ਲੱਗੇ ਤਾਂ ਉਹ ਕੀ ਮਹਿਸੂਸ ਕਰਨਗੇ। ਭਾਈ ਗਜਿੰਦਰ ਸਿੰਘ ਦਾ ਨਾਂ ਨਹੀ ਲਵੇਗਾ, ਕਹੇਗਾ, 'ਭਾਈ ਸਾਹਿਬ'।ਅਸੀਂ ਸਮਝ ਜਾਂਦੇ ਆਂ ਕਿ 'ਜਥੇਦਾਰ ਸਾਹਿਬ' ਦੀ ਗੱਲ ਕਰ ਰਿਹਾ ਹੈ।

ਬਾਕੀ ਸਫ਼ਾ 30 'ਤੇ

# ਜ਼ਿੰਦਗੀ ਨੂੰ ਜੀਵੀਏ ਤੇ ਰੱਜ ਕੇ ਮਾਣੀਏ

**ਪ੍ਰੋਫੈਸਰ ਅਛਰੂ ਸਿੰਘ**

ਕੋਈ ਮਨੁੱਖ ਆਪਣੀ ਛੋਟੀ ਜਿਹੀ ਉਮਰ ਵਿਚ ਵੀ ਕੋਈ ਅਜਿਹਾ ਕਾਰਨਾਮਾ ਕਰ ਸਕਦਾ ਹੈ, ਜਿਸ ਨੂੰ ਰਹਿੰਦੀ ਦੁਨੀਆ ਤੱਕ ਯਾਦ ਕੀਤਾ ਜਾਂਦਾ ਹੈ ਅਤੇ ਕੋਈ ਮਨੁੱਖ ਆਪਣੀ ਉਮਰ ਦੇ ਉਸ ਪੜਾਅ 'ਤੇ ਪਹੁੰਚ ਕੇ ਵੀ ਕੋਈ ਸ਼ਾਨਾ-ਮੱਤੀਆਂ ਅਤੇ ਸਦਾ ਯਾਦ ਰਹਿਣ ਵਾਲੀਆਂ ਪੈੜਾਂ ਛੱਡ ਸਕਦਾ ਹੈ, ਜਦ ਬਹੁਗਿਣਤੀ ਲੋਕ ਜਾਂ ਤਾਂ ਦੁਨੀਆ ਛੱਡ ਚੁੱਕੇ ਹੁੰਦੇ ਹਨ ਜਾਂ ਫਿਰ ਛੱਡਣ ਦੀ ਤਿਆਰੀ ਕਰ ਰਹੇ ਹੁੰਦੇ ਹਨ।ਜਵਾਨੀ ਅਤੇ ਬੁਢਾਪੇ ਦਾ ਅੰਤਰ ਕਰਦਿਆਂ ਅਕਸਰ ਕਿਹਾ ਜਾਂਦਾ ਹੈ ਕਿ ਜਵਾਨੀ ਵਿਚ ਮਨੁੱਖ ਅੰਦਰ ਸ਼ਕਤੀ ਹੁੰਦੀ ਹੈ, ਜੋਸ਼ ਹੁੰਦਾ ਹੈ, ਉਤਸ਼ਾਹ ਹੁੰਦਾ ਹੈ, ਉਸ ਦਾ ਮਨ ਵਧੇਰੇ ਚੰਚਲ, ਕਲਪਨਾ-ਸ਼ਕਤੀ ਵਧੇਰੇ ਉਪਜਾਊ ਅਤੇ ਸਰੀਰ ਵਧੇਰੇ ਸੁਡੌਲ ਹੁੰਦਾ ਹੈ, ਉਸ ਵਿਚ ਵਧੇਰੇ ਹਿੰਮਤ, ਹੌਸਲਾ ਅਤੇ ਦ੍ਰਿੜਤਾ ਹੁੰਦੀ ਹੈ ਅਤੇ ਉਹ ਆਸਾਂ-ਉਮੰਗਾਂ ਅਤੇ ਅਰਮਾਨਾਂ ਸਹਾਰੇ ਜਿਉਂਦਾ ਹੈ। ਇਸ ਦੇ ਉਲਟ, ਬੁਢਾਪੇ ਨੂੰ ਬਲਹੀਣਤਾ, ਉਤਸ਼ਾਹਹੀਣਤਾ, ਨਿਰਾਸ਼ਤਾ, ਲਾਚਾਰੀ ਅਤੇ ਬੇਉਮੀਦੀ ਦਾ ਹੀ ਦੂਜਾ ਰੂਪ ਸਮਝਿਆ ਜਾਂਦਾ ਹੈ। ਪਰ ਇਹ ਸੋਚ ਠੀਕ ਨਹੀਂ ਜਾਪਦੀ ਕਿਉਂਕਿ ਜਵਾਨੀ ਅਤੇ ਬੁਢਾਪੇ ਦਾ ਸਬੰਧ ਵਿਅਕਤੀ ਦੀ ਉਮਰ ਨਾਲ ਨਹੀਂ ਸਗੋਂ ਉਸ ਦੀ ਸੋਚ ਨਾਲ ਹੁੰਦਾ ਹੈ। ਉਮਰ ਭਾਵੇਂ ਕੋਈ ਵੀ ਹੋਵੇ, ਜੇਕਰ ਸਾਡੀ ਸੋਚ ਬੁੱਢੀ ਹੈ ਤਾਂ ਅਸੀਂ ਬੁੱਢੇ ਸਮਝੇ ਜਾਵਾਂਗੇ ਅਤੇ ਜੇਕਰ ਸਾਡੀ ਸੋਚ ਜਵਾਨਾਂ ਵਾਲੀ ਹੈ ਤਾਂ ਅਸੀਂ ਉਮਰ ਦੇ ਅੰਤਲੇ ਦਿਨਾਂ ਵਿਚ ਵੀ ਜਵਾਨ ਸਮਝੇ ਜਾਵਾਂਗੇ। ਜਵਾਨੀ ਅਤੇ ਬੁਢਾਪੇ ਬਾਰੇ ਆਪਣੇ ਵਿਚਾਰ ਦਿੰਦਿਆਂ ਪ੍ਰਸਿੱਧ ਅਮਰੀਕਨ ਲੇਖਕ ਸੈਮੂਅਲ ਉਲਮਾਨ (1840–1924) ਨੇ ਲਿਖਿਆ ਹੈ: 'ਜਵਾਨੀ ਕੋਈ ਉਮਰ ਦਾ ਸਮਾਂ ਨਹੀਂ ਹੁੰਦੀ, ਇਹ ਤਾਂ ਮਨ ਦੀ ਇਕ ਅਵਸਥਾ ਦਾ ਨਾਂ ਹੈ। ਇਹ ਗੁਲਾਬੀ ਗੱਲਾਂ, ਲਾਲ-ਸੂਹੇ ਬੁੱਲਾਂ ਅਤੇ ਲਚਕੀਲੇ ਗੋਡਿਆਂ ਦਾ ਨਾਂ ਨਹੀਂ, ਇਹ ਤਾਂ ਇੱਛਾ-ਸ਼ਕਤੀ, ਕਲਪਨਾ, ਜਜ਼ਬਾਤ ਤੇ ਜੀਵਨ ਦੇ ਡੂੰਘੇ ਚਸ਼ਮਿਆਂ ਦੀ ਸ਼ਕਤੀ ਅਤੇ ਤਾਜ਼ਗੀ ਦਾ ਨਾਂਅ ਹੈ। ਜਵਾਨੀ ਦਾ ਭਾਵ ਹੁੰਦਾ ਹੈ, ਡਰ ਉੱਪਰ ਹੌਸਲੇ ਦੀ ਜਿੱਤ ਅਤੇ ਆਰਾਮ-ਪ੍ਰਸਤੀ ਉੱਪਰ ਸਾਹਸੀ ਕਾਰਨਾਮਿਆਂ ਦਾ ਭਾਰੀ ਹੋਣਾ। ਇਹ ਸਭ ਕੁਝ ਇਕ ਸੱਠ ਸਾਲ ਦੇ ਵਿਅਕਤੀ ਅੰਦਰ ਇਕ ਵੀਹ ਸਾਲ ਦੇ ਲੜਕੇ ਨਾਲੋਂ ਵਧੇਰੇ ਦੇਖਣ ਨੂੰ ਮਿਲ ਸਕਦੇ ਹਨ। ਕੋਈ ਵੀ ਸਾਲਾਂ ਦੀ ਗਿਣਤੀ ਵਧਣ ਨਾਲ ਬੁੱਢਾ ਨਹੀਂ ਹੁੰਦਾ; ਬੁੱਢੇ ਅਸੀਂ ਉਸ ਸਮੇਂ ਹੁੰਦੇ ਹਾਂ ਜਦ ਅਸੀਂ ਆਪਣੇ ਆਦਰਸ਼ ਤਿਆਗ ਦਿੰਦੇ ਹਾਂ। ਚਿੰਤਾ, ਡਰ ਅਤੇ ਆਪਣੇ-ਆਪ ਉੱਪਰ ਬੇ-ਵਿਸ਼ਵਾਸੀ ਸਾਡੇ ਦਿਲ ਨੂੰ ਝੁਕਾ ਦਿੰਦੀ ਹੈ ਅਤੇ ਸਾਡੀ ਰੂਹ ਨੂੰ ਮਿੱਟੀ ਵਿਚ ਮਿਲਾ ਦਿੰਦੀ ਹੈ। ਮਨੁੱਖ ਭਾਵੇਂ ਸੱਠ ਸਾਲ ਦਾ ਹੋਵੇ ਜਾਂ 16 ਸਾਲ ਦਾ ਹੋਵੇ, ਉਸ ਦੇ ਦਿਲ ਵਿਚ ਕੁਝ ਅਦਭੁੱਤ ਦੇਖਣ ਦੀ, ਕੁਝ ਅਦਭੁਤ ਜਾਣਨ ਦੀ, ਕੁਝ ਅਦਭੁੱਤ ਕਰਨ ਦੀ ਅਤੇ ਜੀਵਨ ਦੀ ਖੇਡ ਦਾ ਅਨੰਦ ਮਾਣਨ ਦੀ ਬੱਚਿਆਂ ਵਰਗੀ ਭੁੱਖ ਹੁੰਦੀ ਹੈ। ਤੁਹਾਡੇ, ਮੇਰੇ ਅਤੇ ਸਭ ਦੇ ਦਿਲਾਂ ਦੇ ਧੁਰ ਅੰਦਰ ਇਕ ਬੇਤਾਰ ਯੰਤਰ ਹੁੰਦਾ ਹੈ। ਜਦ ਤਕ ਇਹ ਯੰਤਰ ਰੱਬ ਅਤੇ ਮਨੁੱਖਾਂ ਤੋਂ ਸੁੰਦਰਤਾ, ਆਸ, ਖ਼ੁਸ਼ੀ, ਹੌਸਲਾ ਅਤੇ ਸ਼ਕਤੀ ਦੇ ਸੰਦੇਸ਼ ਪ੍ਰਾਪਤ ਕਰਦਾ ਰਹੇਗਾ, ਤਦ ਤੱਕ ਅਸੀਂ ਜਵਾਨ ਰਹਾਂਗੇ। ਸਾਡੀਆਂ ਆਤਮਾਵਾਂ ਸਨਕ ਅਤੇ ਨਿਰਾਸ਼ਾਵਾਦ ਦੀ ਬਰਫ਼ ਥੱਲੇ ਦਬ ਗਈਆਂ ਤਾਂ ਭਾਵੇਂ ਸਾਡੀ ਉਮਰ 20 ਸਾਲ ਦੀ ਹੀ ਕਿਉਂ ਨਾ ਹੋਵੇ, ਅਸੀਂ ਬੁੱਢੇ ਹੋ ਜਾਵਾਂਗੇ। ਜਦ ਤਕ ਸਾਡੇ ਏਰੀਅਲ ਏਨੇ ਕੁ ਉੱਚੇ ਹਨ ਕਿ ਉਹ ਆਸ਼ਾਵਾਦ ਦੀਆਂ ਤਰੰਗਾਂ ਨੂੰ ਆਪਣੇ ਕਲਾਵੇ ਵਿਚ ਲੈ ਸਕਦੇ ਹੋਣ ਤਾਂ ਅਸੀਂ ਉਮੀਦ ਕਰ ਸਕਦੇ ਹਾਂ ਕਿ ਅਸੀਂ 80 ਸਾਲ ਦੇ ਹੋ ਕੇ ਵੀ ਜਵਾਨੀ ਵਿਚ ਹੀ ਇਸ ਸੰਸਾਰ ਤੋਂ ਵਿਦਾ ਹੋਵਾਂਗੇ।'

ਵਿਸ਼ਵ ਇਤਿਹਾਸ 'ਤੇ ਸਰਸਰੀ ਜਿਹੀ ਨਜ਼ਰ ਮਾਰਨ ਨਾਲ ਹੀ ਸਾਨੂੰ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਨਾ ਤਾਂ ਮਹਾਨਤਾ ਦੀ ਪੌੜੀ 'ਤੇ ਚੜਨਾ ਸ਼ੁਰੂ ਕਰਨ ਦੀ ਕੋਈ ਉਮਰ ਹੁੰਦੀ ਹੈ, ਨਾ ਇਸ ਦੇ ਸਿਖ਼ਰਲੇ ਟੰਬੇ 'ਤੇ ਪਹੁੰਚਣ ਦੀ ਕੋਈ ਉਮਰ ਹੁੰਦੀ ਹੈ ਅਤੇ ਨਾ ਹੀ ਸੱਚ-ਮੁੱਚ ਮਹਾਨ ਕਹਾਉਣ ਲਈ ਉਸ ਮਹਾਨਤਾ ਦੀ ਚੋਟੀ 'ਤੇ ਬੈਠੇ ਰਹਿਣ ਦੀ ਕੋਈ ਸਮਾਂ ਸੀਮਾ ਹੈ। ਈਸਾਈ ਧਰਮ ਦੇ ਬਾਨੀ ਈਸਾ ਮਸੀਹ ਦੀ ਉਮਰ ਉਸ ਸਮੇਂ ਲਗਭਗ 30 ਸਾਲ ਸੀ ਜਦ ਉਸ ਨੇ ਫ਼ਿਲਸਤੀਨ ਵਿਚ ਇਹ ਪ੍ਰਚਾਰ ਕਰਨਾ ਸ਼ੁਰੂ ਕੀਤਾ ਕਿ ਉਹ ਪ੍ਰਮਾਤਮਾ ਦਾ ਪੁੱਤਰ ਅਤੇ ਲੋਕਾਂ ਦਾ ਉਹ ਮਸੀਹਾ ਹੈ, ਜਿਸ ਦਾ ਯਹੂਦੀ ਲੋਕ ਲੰਮੇ ਸਮੇਂ ਤੋਂ ਇੰਤਜ਼ਾਰ ਕਰ ਰਹੇ ਹਨ ਅਤੇ






ਜਿਸ ਦਾ 'ਪੁਰਾਣੇ ਅਹਿਦਨਾਮੇ' (ਓਲਡ ਟੈਸਟਾਮੈਂਟ) ਵਿਚ ਜ਼ਿਕਰ ਕੀਤਾ ਗਿਆ ਹੈ। ਉਸ ਸਮੇਂ ਫ਼ਿਲਸਤੀਨ ਰੋਮਨ ਸਾਮਰਾਜ ਦੇ ਅਧੀਨ ਸੀ ਅਤੇ ਰੋਮਨ ਗਵਰਨਰ ਨੇ ਉਸ ਨੂੰ ਤਿੰਨ ਸਾਲ ਬਾਅਦ ਹੀ ਗ੍ਰਿਫ਼ਤਾਰ ਕਰਵਾ ਕੇ ਸੂਲੀ 'ਤੇ ਚੜਾ ਦਿੱਤਾ। ਉਸ ਸਮੇਂ ਈਸਾ ਦੀ ਉਮਰ ਕੇਵਲ 33 ਸਾਲ ਸੀ। ਇਸ ਤਰਾਂ ਕੇਵਲ ਤਿੰਨ ਸਾਲ ਦੇ ਨਿਗੂਣੇ ਜਿਹੇ ਸਮੇਂ ਵਿਚ ਉਸ ਨੇ ਇਕ ਅਜਿਹੇ ਧਰਮ ਦੀ ਸਥਾਪਨਾ ਕਰ ਦਿੱਤੀ, ਜਿਸ ਨੂੰ ਮੰਨਣ ਵਾਲੇ ਅੱਜ ਦੁਨੀਆ ਦੇ ਲਗਭਗ ਹਰ ਹਿੱਸੇ ਵਿਚ ਮਿਲ ਸਕਦੇ ਹਨ।

ਧਰਮ ਦੇ ਖ਼ੇਤਰ ਵਿਚੋਂ ਕੁਝ ਹੋਰ ਉਦਾਹਰਨਾਂ ਦੇਖੋ। ਜੈਨ ਧਰਮ ਦੇ ਮੋਢੀ ਭਗਵਾਨ ਮਹਾਵੀਰ ਤੀਹ ਸਾਲ ਦੀ ਉਮਰ ਵਿਚ ਆਪਣੀ ਰਿਆਸਤ, ਆਪਣਾ ਪਰਿਵਾਰ ਅਤੇ ਆਪਣਾ ਧਨ-ਮਾਲ ਤਿਆਗ ਕੇ ਇਕ ਸੰਨਿਆਸੀ ਵਾਂਗ ਜੰਗਲਾਂ ਵਿਚ ਘੁੰਮਣ ਲੱਗੇ। ਇਸ ਸਮੇਂ ਦੌਰਾਨ ਉਨਾਂ ਨੇ ਘੋਰ ਤਪੱਸਿਆ ਅਤੇ ਧਿਆਨ ਯੋਗ ਕੀਤਾ ਤੇ ਇਹ ਸਿਲਸਿਲਾ ਬਾਰਾਂ ਸਾਲ ਤੋਂ ਵੀ ਵੱਧ ਸਮੇਂ ਲਈ ਚਲਦਾ ਰਿਹਾ। ਆਖ਼ਰਕਾਰ ਉਨਾਂ ਨੂੰ ਗਿਆਨ ਦੀ ਪ੍ਰਾਪਤੀ ਹੋਈ, ਜੋ ਉਹ ਅਗਲੇ ਤੀਹ ਸਾਲਾਂ ਤੱਕ ਦੁਨੀਆ ਨੂੰ ਵੰਡਦੇ ਰਹੇ। ਇਸ ਤਰਾਂ ਹੀ ਮਹਾਤਮਾ ਬੁੱਧ ਕੇਵਲ 29 ਸਾਲ ਦੀ ਉਮਰ ਵਿਚ ਘਰ-ਬਾਰ ਤਿਆਗ ਕੇ ਬਾਹਰ ਜੰਗਲਾਂ ਵਿਚ ਚਲੇ ਗਏ। ਉਨਾਂ ਨੂੰ 6 ਸਾਲ ਬਾਅਦ ਗਿਆਨ ਪ੍ਰਾਪਤੀ ਹੋਈ ਅਤੇ ਉਹ ਪੂਰੇ ਬਤਾਲੀ ਸਾਲ ਮਾਨਵਤਾ ਨੂੰ ਸੱਚ ਦਾ ਉਪਦੇਸ਼ ਦਿੰਦੇ ਰਹੇ। ਇਸਲਾਮ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਨੇ 40 ਸਾਲ ਦੀ ਉਮਰ ਵਿਚ ਪ੍ਰਗਟ ਕੀਤਾ ਕਿ ਉਨਾਂ ਨੂੰ ਹਿਰਾ ਪਹਾੜ ਦੀ ਇਕ ਗੁਫ਼ਾ ਵਿਚ ਫ਼ਰਿਸ਼ਤਾ ਜ਼ਿਬਰਾਈਲ ਮਿਲਿਆ ਹੈ, ਜਿਸ ਨੇ ਉਨਾਂ ਨੂੰ ਖ਼ੁਦਾ ਦਾ ਪੈਗ਼ਾਮ ਦਿੱਤਾ ਹੈ। ਇਸ ਸਮੇਂ ਤੋਂ ਉਹ ਪੈਗ਼ੰਬਰ ਵਜੋਂ ਪ੍ਰਸਿੱਧ ਹੋਣ ਲੱਗੇ ਅਤੇ ਉਨਾਂ ਨੇ ਇਸਲਾਮ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਜਦ ਆਪ ਦਾ ਦਿਹਾਂਤ ਹੋਇਆ ਤਾਂ ਉਸ ਸਮੇਂ ਉਨਾਂ ਦੀ ਉਮਰ ਲਗਭਗ ਇਕਾਹਠ ਸਾਲ ਸੀ।

ਕੁਝ ਵਿਲੱਖਣ ਉਦਾਹਰਨਾਂ, ਜੋ ਇਹ ਸਿੱਧ ਕਰਦੀਆਂ ਹਨ ਕਿ ਮਹਾਨਤਾ ਦੀ ਪੌੜੀ ਚੜਨ ਲਈ ਕੋਈ ਵਿਸ਼ੇਸ਼ ਉਮਰ ਨਿਸ਼ਚਿਤ ਨਹੀਂ, ਸਿੱਖ ਧਰਮ ਵਿਚ ਵੀ ਮਿਲਦੀਆਂ ਹਨ। ਸਿੱਖਾਂ ਦੇ ਤੀਜੇ ਗੁਰੂ, ਗੁਰੂ ਅਮਰਦਾਸ ਜੀ ਜਦ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਲੜ ਲੱਗੇ ਤਾਂ ਉਸ ਸਮੇਂ ਉਨਾਂ ਦੀ ਉਮਰ 60 ਸਾਲ ਤੋਂ ਵੀ ਉੱਪਰ ਸੀ।

ਬਾਕੀ ਸਫ਼ਾ 31 'ਤੇ

## ਪੰਜਾਬ ਪਾਕਿਸਤਾਨ

# ਮੇਰਾ ਨਾਨਕਾ ਪਿੰਡ ਅਤੇ ਮੇਰੇ ਨਾਨਾ ਜੀ

ਡਾ. ਗਜ਼ਨਫ਼ਰ
923003000063

ਇਨਸਾਨ ਸਮਾਜਿਕ ਪੱਖੋਂ ਆਪਣੇ ਟੱਬਰ ਨਾਲ਼ ਸ਼ਨਾਖ਼ਤ ਬਣਾਉਂਦਾ ਹੈ। ਰਿਸ਼ਤੇ ਇਨਸਾਨ ਦੀ ਹਰ ਭੀੜ-ਸੌੜ ਵਿੱਚ ਉਸਦੀ ਮਦਦ ਕਰਨ ਦੇ ਨਾਲ਼ ਪਿਆਰ ਦੇਣ ਵਾਲ਼ੀ ਥਾਂ ਹੁੰਦੇ ਨੇ।ਪਰ ਕੁੱਝ ਰਿਸ਼ਤੇ ਅਜਿਹੇ ਹੁੰਦੇ ਨੇ ਜਿਨਾਂ ਨਾਲ਼ ਪ੍ਰੀਤ ਦੀ ਹੱਦ ਈ ਕੋਈ ਨਹੀਂ ਹੁੰਦੀ। ਉਨਾਂ ਅੰਗਾਂ ਸਾਕਾਂ ਵਿਚੋਂ ਇੱਕ ਰਿਸ਼ਤਾ ਨਾਨਕਿਆਂ ਦਾ ਹੁੰਦਾ ਹੈ। ਨਾਨਕਿਆਂ ਵਿੱਚ ਵੀ ਸਭ ਤੋਂ ਬਹੁਤਾ ਪਿਆਰ ਨਾਨਾ ਨਾਨੀ ਨਾਲ ਹੁੰਦਾ ਹੈ। ਉਂਜ ਆਖਿਆ ਵੀ ਜਾਂਦਾ ਹੈ ਪਈ ਨਾਨਕੇ ਨਾਨਾ ਨਾਨੀ ਤੀਕਰ ਈ ਹੁੰਦੇ ਨੇ। ਨਾਨਕੇ ਪਿੰਡ ਦੀਆਂ ਗਲ਼ੀਆਂ ਇਨਸਾਨ ਨੂੰ ਸਾਰੀ ਹਯਾਤੀ ਨਹੀਂ ਭੁੱਲਦੀਆਂ। ਜੇ ਬੰਦਾ ਇਹ ਆਖੇ ਪਈ ਨਾਨਕੇ ਪਿੰਡ ਵਿੱਚ ਮੁਹੱਬਤਾਂ, ਸ਼ਫ਼ਕਤਾਂ ਅਤੇ ਪਿਆਰ ਦਾ ਸਮੁੰਦਰ ਵਗਦਾ ਹੈ ਤਾਂ ਗ਼ਲਤ ਨਹੀਂ ਹੋਵੇਗਾ।

ਮੇਰੇ ਨਾਨਕੇ ਪਿੰਡ ਦਾ ਨਾਂ ਚੌਹਟਾ ਅਜ਼ਮਤ ਹੈ। ਜੋ ਮੇਰੀ ਜਨਮ ਭੂਮੀ ਵੀ ਹੈ। ਬਚਪਨ ਅੰਦਰ ਅਸੀਂ ਜਦੋਂ ਆਪਣੇ ਨਾਨਕੇ ਪਿੰਡ ਜਾਣਾ ਹੁੰਦਾ ਸੀ ਤਾਂ ਸਾਨੂੰ ਜਾਣ ਤੋਂ ਇਕ ਦਿਨ ਪਹਿਲਾਂ ਰਾਤ ਨੂੰ ਨਾਨਕੇ ਪਿੰਡ ਜਾਣ ਦੇ ਚਾਅ ਵਿਚ ਨੀਂਦਰ ਨਹੀਂ ਸੀ ਆਉਂਦੀ ਹੁੰਦੀ। ਸਾਰੀ ਰਾਤ ਜਾਗਦਿਆਂ ਅੱਖਾਂ ਵਿਚ ਨਾਨਕੇ ਪਿੰਡ ਜਾਣ ਦੇ ਸੁਫ਼ਨੇ ਸਜਾਉਂਦਿਆਂ ਲੰਘ ਜਾਂਦੀ। ਵੱਡੇ ਵੇਲ਼ੇ ਉੱਗਣ ਵਾਲ਼ੇ ਸੂਰਜ ਦੀ ਧੁੱਪ ਦੇ ਨਾਲ਼ ਖ਼ੁਸ਼ੀਆਂ ਤੇ ਚਾਅ ਵੀ ਵਿਹੜੇ ਪੈਰ ਪਾਉਂਦੇ। ਇਸ ਖ਼ੁਸ਼ੀ ਨੂੰ ਜੇ ਮਹਿਸੂਸ ਕਰੀਏ ਤਾਂ ਅੱਜ ਵੀ ਉਸ ਨੂੰ ਅੱਖਰਾਂ ਦਾ ਬਾਣਾ ਨਹੀਂ ਪਵਾਇਆ ਜਾ ਸਕਦਾ। ਦਾਦਕੇ ਪਿੰਡੋਂ ਆਪਣੀ ਗੱਡੀ ਉਪਰ ਬੈਠ ਕੇ ਜਦੋਂ ਨਾਨਕਿਆਂ ਵੱਲ ਨਿਕਲਣਾ ਤਾਂ ਇਸ ਤਰਾਂ ਲੱਗਣਾ ਜਿਸ ਤਰਾਂ ਕੈਦ ਵਿੱਚੋਂ ਕੈਦੀ ਲੰਮੀ ਸਜ਼ਾ ਭੋਗ ਕੇ ਨਿਕਲਿਆ ਹੋਵੇ। ਮੇਰਾ ਨਾਨਕਾ ਪਿੰਡ ਦਾਦਕਿਆਂ ਕੋਲ਼ੋਂ ਚਾਰ ਸੌ ਕਿਲੋਮੀਟਰ ਦੇ ਪੰਧ 'ਤੇ ਸੀ। ਚਾਰ ਸੌ ਕਿਲੋਮੀਟਰ ਦਾ ਪੈਂਡਾ ਮਿੰਟ ਵਿਚ ਪੂਰਾ ਹੋ ਜਾਏ, ਦਿਲ ਦੀ ਖ਼ਵਾਹਿਸ਼ ਹੁੰਦੀ ਸੀ। ਨਾਨਕੇ ਪਿੰਡ ਨਾ ਕਿਸੇ ਨੇ ਦਬਕਾ ਮਾਰਨਾ, ਨਾ ਕਿਸੇ ਨੇ ਕੋਈ ਪਾਬੰਦੀ ਲਗਾਣੀ। ਏਸ ਕਾਰਨ ਮੇਰੇ ਨਾਨਾ ਜੀ ਸੱਯਦ ਆਰਿਫ਼ ਹੁਸੈਨ ਬੁਖ਼ਾਰੀ ਜੋ ਕਿ ਹਾਫ਼ਿਜ਼ਾਬਾਦ ਤੋਂ ਪੰਜਾਬ ਅਸੰਬਲੀ ਦੇ ਤਿੰਨ ਵਾਰ ਮੈਂਬਰ ਬਣੇ ਤੇ ਨੈਸ਼ਨਲ ਅਸੰਬਲੀ ਪਾਕਿਸਤਾਨ ਦੇ ਇਕ ਵਾਰ ਮੈਂਬਰ ਬਣੇ ਸਨ, ਆਖਦੇ ਹੁੰਦੇ ਸਨ ਪਈ ਨਾਨਕਿਆਂ 'ਤੇ ਆ ਕੇ ਸ਼ੇਰ ਪਿੰਜਰੇ ਵਿਚੋਂ ਬਾਹਰ ਆ ਜਾਂਦੇ ਨੇ। ਕੁੱਝ ਪੰਜਾਬ ਦੇ ਪਿੰਡਾਂ ਵਿਚ ਇਹ ਗੱਲ ਸਾਨੂੰ ਮਿਲਦੀ ਏ ਪਈ ਸਾਰਾ ਨਾਨਕਾ ਪਿੰਡ ਹੀ ਮਾਮੇ-ਮਾਸੀਆਂ ਵਾਕਣ ਹੁੰਦਾ ਏ। ਨਾਨਾ ਜੀ ਅੰਤਾਂ ਦੇ ਪਿਆਰ ਕਰਨ ਵਾਲ਼ੇ ਇਨਸਾਨ ਸਨ। ਅਸੰਬਲੀ ਦਾ ਇਜਲਾਸ ਹੋਣਾ ਤਾਂ ਨਾਲ਼ ਲਾਹੌਰ ਲੈ ਜਾਣਾ, ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨਾਲ਼ ਮੁਲਾਕਾਤ ਹੋਣੀ ਤੇ ਤਾਂ ਨਾਲ਼ ਲੈ ਜਾਣਾ। ਮੁੱਖ ਮੰਤਰੀ ਪੰਜਾਬ ਸ਼ਹਿਬਾਜ਼ ਸ਼ਰੀਫ਼ ਨਾਲ਼ ਤਾਂ ਖ਼ੋਰੇ ਕਿੰਨੀ ਵਾਰ ਉਨਾਂ ਨੇ ਮੁਲਾਕਾਤ ਕਰਾਈ। ਕਿਉਂ ਜੋ ਤਾਲੀਮ (ਸਿੱਖਿਆ) ਦੇ ਮੰਤਰੀ ਹੋਣ ਕਾਰਨ ਨਾਨਾ ਜੀ ਉਸ ਦੀ ਕੈਬਨਿਟ ਦੇ ਮੈਂਬਰ ਸਨ। ਨਾਨਕੇ ਘਰ ਨਾਨਾ ਜੀ ਦੀ ਲਾਇਬ੍ਰੇਰੀ ਅੱਜ ਵੀ ਮੌਜੂਦ ਹੈ। ਨਿੱਕਿਆਂ ਹੁੰਦਿਆਂ ਨਾਨਾ ਜੀ ਨੇ ਕਿਤਾਬਾਂ ਪੜਨੀਆਂ ਤੇ ਮੈਂ ਉਨਾਂ ਦੇ ਕੋਲ਼ ਖੇਡਦਿਆਂ ਰਹਿਣਾ। ਨਾਨਾ ਜੀ ਹੋਰਾਂ ਨੇ ਅੰਤਾਂ ਦਾ ਪਿਆਰ ਦਿੱਤਾ। ਉਨਾਂ ਦੀ ਮੁਹੱਬਤ ਨੂੰ ਲਫ਼ਜ਼ਾਂ ਰਾਹੀਂ ਬਿਆਨ ਕਰਨਾ ਬਹੁਤ ਔਖਾ ਕੰਮ ਏ। ਨਾਨਾ ਜੀ ਚੜਦੇ ਪੰਜਾਬ ਫ਼ਤਿਹਗੜ ਸਾਹਿਬ ਵੀ ਗਏ ਸੀ। ਮਾਤਾ ਗੁਜਰੀ ਕਾਲਜ ਫਤਿਹਗੜ ਸਾਹਿਬ ਵੱਲੋਂ ਉਨਾਂ ਨੂੰ ਸ਼ੀਲਡ ਵੀ ਦਿੱਤੀ ਗਈ ਸੀ ਜੋ ਅੱਜ ਵੀ ਮੇਰੀ ਲਾਇਬ੍ਰੇਰੀ ਵਿਚ ਮੌਜੂਦ ਹੈ।

ਨਾਨਾ ਜੀ ਇਲਮ, ਦੋਸਤ ਤੇ ਕਿਤਾਬਾਂ ਨਾਲ਼ ਪਿਆਰ ਕਰਨ ਵਾਲ਼ੇ ਇਨਸਾਨ ਸਨ। ਉਹ ਇਕ ਸੂਫ਼ੀ ਇਨਸਾਨ ਸਨ। ਮੈਂ ਸਾਰੀ ਹਯਾਤੀ ਉਨਾਂ ਨੂੰ ਕਦੇ ਕੌੜ ਨਹੀਂ ਸੀ ਵੇਖਿਆ। ਨਾਨਕੇ ਪਿੰਡ ਦੀ ਸਭ ਤੋਂ ਖ਼ਾਸ ਯਾਦ ਨਾਨਾ ਨਾਨੀ ਜੀ ਦਾ ਪਿਆਰ ਹੁੰਦਾ ਹੈ ਜੋ ਇਨਸਾਨ ਨੂੰ ਕਦੇ ਨਹੀਂ ਭੁੱਲਦਾ। ਨਾਨੀ ਅੰਮਾਂ ਦੇ ਹੱਥ ਦੇ ਬਣੇ ਪਰਾਂਠੇ ਕਿਸੇ ਫ਼ਾਈਵ ਸਟਾਰ ਹੋਟਲ ਦੇ ਵਧੀਆ ਖਾਣੇ ਨਾਲ਼ੋਂ ਕਿਤੇ ਸਵਾਦੀ ਹੁੰਦੇ ਸਨ। ਮੈਂ ਉਨਾਂ ਬਾਰੇ ਦੋ ਕਿਤਾਬਾਂ 'ਮੇਰੇ ਨਾਨਾ ਜੀ' ਅਤੇ 'ਮੁਹੱਬਤੋਂ ਜਬ ਸ਼ੁਮਾਰ ਕੈ'



ਲਿਖੀਆਂ ਨੇ। ਜਿਨਾਂ ਵਿੱਚ ਮੈਂ ਉਨਾਂ ਨਾਲ਼ ਜੁੜੀਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਨੇ। ਮੈਟ੍ਰਿਕ ਵਿਚ ਮੈਂ ਸਕੂਲ ਦੇ ਰਸਾਲੇ ਵਿਚ ਇੱਕ ਕਹਾਣੀ ਲਿਖੀ ਜੋ ਨਾਨਾ ਜੀ ਨੂੰ ਦਿਖਾਈ ਤਾਂ ਉਹ ਬਹੁਤ ਖ਼ੁਸ਼ ਹੋਏ, ਅੰਤਾਂ ਦੇ ਖ਼ੁਸ਼ । ਮੈਨੂੰ ਨਾਲ਼ ਲਹੌਰ ਲੈ ਗਏ, ਪੰਜਾਬ ਅਸੰਬਲੀ ਦਾ ਇਜਲਾਸ ਜਾਰੀ ਸੀ, ਮੈਂ ਉੱਪਰ ਗੈਸਟ ਗੈਲਰੀ ਵਿਚ ਬੈਠਾ ਅਸੈਂਬਲੀ ਦਾ ਸੈਸ਼ਨ ਵੇਖ ਰਿਹਾ ਸਾਂ ਪਈ ਨਾਨਾ ਜੀ ਮੇਰੀ ਕਹਾਣੀ ਦੀ ਫ਼ੋਟੋ ਕਾਪੀਆਂ ਕਰਾ ਕੇ ਆਪਣੇ ਨਾਲ਼ ਦੇ ਮੈਂਬਰਾਂ ਨੂੰ ਦੇ ਰਹੇ ਸਨ, ਪਈ ਮੇਰੇ ਦੋਹਤਰੇ ਨੇ ਕਹਾਣੀ ਲਿਖੀ ਏ। ਉਨਾਂ ਨੇ ਮੈਨੂੰ ਇੰਨਾ ਹੌਸਲਾ ਦਿੱਤਾ ਪਈ ਮੈਂ ਅੱਜ ਤੀਕਰ ਕਹਾਣੀਆਂ ਲਿਖੀ ਜਾ ਰਿਹਾਂ। ਮੈਂ ਤਿੰਨ ਪੰਜਾਬੀ ਨਾਵਲ ਅਤੇ ਚਾਰ ਸੌ ਤੋਂ ਵੱਧ ਨਿੱਕੀਆਂ ਪੰਜਾਬੀ ਕਹਾਣੀਆਂ ਲਿਖ ਚੁੱਕਿਆਂ। ਏਸ ਸਭ ਦਾ ਕਾਰਨ ਮੇਰੇ ਨਾਨਾ ਜੀ ਦਾ ਮੈਨੂੰ ਦਿੱਤਾ ਹੌਸਲਾ ਅਤੇ ਉਨਾਂ ਦੀ ਦਿੱਤੀ ਸ਼ਾਬਾਸ਼ ਹੈ।

ਨਾਨਾ ਜੀ ਅਤੇ ਨਾਨੀ ਜੀ ਦਾ ਰਿਸ਼ਤਾ ਜੱਗ ਦਾ ਸਭ ਤੋਂ ਖ਼ੂਬਸੂਰਤ ਰਿਸ਼ਤਾ ਹੁੰਦਾ ਏ। ਨਾਨਾ ਜੀ ਪੰਜਾਬੀ ਬੋਲੀ ਨਾਲ਼ ਬੜਾ ਪ੍ਰੇਮ ਕਰਦੇ ਸਨ। ਆਪ ਜੀ ਨੂੰ ਹੀਰ ਵਾਰਿਸ ਸ਼ਾਹ ਦੇ ਚੋਖੇ ਮਿਸਰੇ ਮੂੰਹ ਜ਼ੁਬਾਨੀ ਯਾਦ ਸਨ। ਪੰਜਾਬ ਅਸੰਬਲੀ ਵਿੱਚ ਤਕਰੀਰ ਕਰਦਿਆਂ ਇੱਕ ਵਾਰ ਆਪ ਜੀ ਨੇ ਆਪਣੀ ਤਕਰੀਰ ਦਾ ਮੁੱਢ ਅੰਮ੍ਰਿਤਾ ਪ੍ਰੀਤਮ ਦੇ ਇਸ ਮਸ਼ਹੂਰ ਸ਼ੇਅਰ 'ਅੱਜ ਆਖਾਂ ਵਾਰਿਸ ਸ਼ਾਹ ਨੂੰ, ਕਿਤੋਂ ਕਬਰਾਂ ਵਿੱਚੋਂ ਬੋਲ' ਨਾਲ਼ ਬੰਨਿਆ। ਨਾਨਾ ਜੀ ਬਹੁਤ ਵਧੀਆ ਬੁਲਾਰੇ ਸਨ। ਇਹੀ ਵਜਾ ਹੈ ਕਿ ਅੱਜ ਵੀ ਪੰਜਾਬ ਅਸੈਂਬਲੀ ਲਾਹੌਰ ਵਿਚ ਆਪ ਜੀ ਦੀ ਤਸਵੀਰ ਗੈਲਰੀ ਵਿੱਚ ਟੰਗੀ ਹੋਈ ਹੈ। ਆਪ ਜੀ ਦਾ ਪੰਜਾਬੀ ਨਾਲ਼ ਪਿਆਰ ਇਸ ਹੱਦ ਤੀਕਰ ਸੀ ਕਿ ਆਪ ਜੀ ਦੀ ਲਾਇਬ੍ਰੇਰੀ ਵਿੱਚ ਪੰਜਾਬੀ ਦੀਆਂ ਢੇਰ ਸਾਰੀਆਂ ਕਿਤਾਬਾਂ ਅੱਜ ਵੀ ਮੌਜੂਦ ਹਨ। ਨਾਨਾ ਜੀ ਹਮੇਸ਼ਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਗੱਲ ਕਰਦੇ ਸਨ। ਜਦੋਂ ਬੈਠਦੇ, ਚੜਦੇ ਪੰਜਾਬ ਦੇ ਪੰਜਾਬੀਆਂ ਦੀ ਸੇਵਾਦਾਰੀ ਦੀ ਗੱਲ ਕਰਦੇ, ਕਿਸ ਤਰਾਂ ਚੜਦੇ ਪੰਜਾਬ ਦੇ ਲੋਕਾਂ ਨੇ ਮੁਹੱਬਤਾਂ ਅਤੇ ਪਿਆਰ ਦਿੱਤਾ, ਕਿਸ ਤਰਾਂ ਉਨਾਂ ਨੂੰ ਤਹਿ ਦਿਲੋਂ ਜੀ ਆਇਆਂ ਨੂੰ ਆਖਿਆ ਸੀ। ਉਹ ਅਕਸਰ ਫਤਹਿਗੜ ਸਾਹਿਬ ਕਾਲਜ ਵਾਲੀ ਤਕਰੀਬ ਨੂੰ ਯਾਦ ਕਰਦੇ ਸੀ ਜਿੱਥੇ ਉਨਾਂ ਨੂੰ ਇੱਜ਼ਤ ਅਤੇ ਇਹਤਰਾਮ ਨਾਲ਼ ਐਵਾਰਡ ਦਿੱਤਾ ਗਿਆ ਸੀ। ਨਾਨਾ ਜੀ ਹਮੇਸ਼ਾ ਚਿੱਟੇ ਰੰਗ ਦਾ ਲਿਬਾਸ ਪਾਉਂਦੇ ਸੀ। ਲੱਕਦੀ (ਧੋਤੀ) ਬੰਨਦੇ ਸੀ ਤੇ ਪੈਰਾਂ ਵਿਚ ਖੁੱਸਾ ਪਾਉਂਦੇ ਸਨ।ਇੱਕ ਵਾਰ ਲੰਦਨ ਗਏ, ਉਥੇ ਇੱਕ ਅੰਗਰੇਜ਼ ਬੱਚੇ ਨੇ ਆਪ ਜੀ ਦਾ ਖੁੱਸਾ ਦੇਖਿਆ ਤੇ ਆਪਣੇ ਬਾਪ ਨੂੰ ਪੁੱਛਿਆ, 'ਕੀ ਐਹ ਅਲਾਦੀਨ ਨੇ ?' ਉਸ ਅੰਗਰੇਜ਼ ਨੇ ਆਪਣੇ ਬੱਚੇ ਨੂੰ ਜੁਆਬ ਦਿੱਤਾ, 'ਨਹੀਂ ਇਹ ਅਲਾਦੀਨ ਨਹੀਂ ਬਲਕਿ ਅਲਾਦੀਨ ਦੇ ਦੇਸ਼ ਵਿਚੋਂ ਆਏ ਨੇ।'

# ਦੇਸ਼ ਵਿਚ ਫੈਲ ਰਹੀ ਹਫੜਾ-ਦਫੜੀ ਦਾ ਯੋਗ ਹੱਲ



- ਗੁਰਬਚਨ ਸਿੰਘ ਦੇਸ ਪੰਜਾਬ
9815698451

ਕੋਰੋਨਾ ਵਾਇਰਸ ਦੀ ਮਹਾਂਮਾਰੀ ਨਾਲ ਨਿਪਟਣ ਵੇਲੇ ਆਮ ਲੋਕਾਂ ਅਤੇ ਗਰੀਬਾਂ ਪ੍ਰਤੀ ਵਿਖਾਈ ਗਈ ਸਿਰੇ ਦੀ ਦਇਆਹੀਣਤਾ ਤੇ ਅਲਗਰਜੀ ਕਾਰਨ ਮੋਦੀ ਭਗਤ ਅਰੁਣ ਪੁਰੀ ਅਤੇ ਸ਼ੇਖਰ ਗੁਪਤਾ ਹੁਣ ਮੋਦੀ ਰਾਜ ਨੂੰ ਇਕ ਫੇਲ ਜਾਂ ਲੜਖੜਾ ਰਿਹਾ ਰਾਜ ਕਰਾਰ ਦੇ ਰਹੇ ਹਨ। ਸੁਆਲ ਪੈਦਾ ਹੁੰਦਾ ਹੈ ਕੀ ਨਰੇਂਦਰ ਮੋਦੀ ਅਤੇ ਅਮਿਤ ਸ਼ਾਹ ਵਰਗੇ ਸਨਕੀ ਮਨੁਖ ਕਿਸੇ ਗੈਬੀ ਸ਼ਕਤੀ ਨਾਲ ਇਸ ਦੇਸ ਦੀ ਰਾਜਸਤਾ ਉਤੇ ਕਾਬਜ ਹੋ ਗਏ ਹਨ? ਜਦੋਂ ਕਿ ਸਚਾਈ ਇਹ ਹੈ ਕਿ ਬਕਾਇਦਾ ਇਕ ਸੋਚੀ ਸਮਝੀ ਯੋਜਨਾ ਤਹਿਤ ਅਤੇ ਸਾਮਰਾਜੀ ਸ਼ਕਤੀਆਂ ਦੀ ਸਹਿਮਤੀ ਨਾਲ, ਉਨਾਂ ਨੂੰ ਇਨਾਂ ਅਹੁਦਿਆਂ ਲਈ ਸ਼ਿੰਗਾਰਿਆ ਗਿਆ ਅਤੇ ਫਿਰ ਆਰ ਐਸ ਐਸ ਤੇ ਭਾਜਪਾ ਦੀ ਇਕ ਵੱਡੀ ਧਿਰ ਦੇ ਮੋਢਿਆਂ ਉਤੇ ਚੜਾ ਕੇ, ਉਨਾਂ ਨੂੰ ਇਨਾਂ ਅਹੁਦਿਆਂ ਉਤੇ ਬਿਠਾਇਆ ਗਿਆ। ਜਿਹੜਾ ਉਚ ਜਾਤੀ ਮਨੂਵਾਦੀ ਜਜ਼ਬਾ ਇੰਦਰਾਂ ਗਾਂਧੀ ਨੇ 1980ਵਿਆਂ ਵਿਚ ਸਿਖ 'ਅਤਿਵਾਦ' ਜਾਂ ਖਾਲਿਸਤਾਨ ਵਿਰੁਧ ਭੜਕਾਇਆ ਸੀ, ਉਸ ਨੂੰ ਬਾਬਰੀ ਮਸਜਿਦ ਦੀ ਥਾਂ ਰਾਮ ਮੰਦਿਰ ਦੀ ਉਸਾਰੀ ਦੇ ਨਾਹਰੇ ਹੇਠ ਮੁਸਲਮਾਨ ਅਤੇ ਪਾਕਿਸਤਾਨ ਵਿਰੋਧੀ ਰੂਪ ਦੇ ਕੇ ਹੋਰ ਵਡੀ ਪਧਰ ਉਤੇ ਫੈਲਾਇਆ ਗਿਆ। ਲਗਪਗ ਸਾਰੇ ਮੀਡੀਏ ਨੂੰ ਖਰੀਦ ਕੇ ਅਤੇ ਅਰਬਾਂ ਖਰਬਾਂ ਰੁਪਏ ਖਰਚ ਕੇ ਕੀਤੇ ਗਏ ਧੂੰਆਂਧਾਰ ਪ੍ਰਚਾਰ ਦੇ ਸ਼ੋਰਸ਼ਰਾਬੇ ਹੇਠ 2014 ਅਤੇ 2019 ਦੀਆਂ ਪਾਰਲੀਮੈਂਟ ਚੋਣਾਂ ਜਿੱਤੀਆਂ ਗਈਆਂ। ਦੇਸ਼ ਨੂੰ ਕਾਂਗਰਸ ਮੁਕਤ ਕਰਨ ਦਾ ਨਾਹਰਾ ਲਾ ਕੇ ਚੀਨ ਦੀ ਮਿਸਾਲ ਦੇਂਦਿਆਂ ਇਕ ਪਾਰਟੀ ਰਾਜ ਮੜਨ ਦੇ ਯਤਨ ਕੀਤੇ ਗਏ। ਵਲਭ ਭਾਈ ਪਟੇਲ ਨੂੰ ਦੇਸ਼ ਦਾ ਅਸਲੀ ਆਗੂ ਕਰਾਰ ਦੇ ਕੇ ਜਵਾਹਰ ਲਾਲ ਨਹਿਰੂ ਦੇ ਧਰਮ ਨਿਰਪੱਖ ਵਿਰਸੇ ਉਤੇ ਖੁਲ ਕੇ ਸਿਧਾਂਤਕ ਹਮਲਾ ਕੀਤਾ ਗਿਆ। ਬਕਾਇਦਾ ਗਿਣੀ-ਮਿਥੀ ਯੋਜਨਾ ਤਹਿਤ ਭਾਰਤ ਨੂੰ ਇਕ ਕੌਮ ਇਕ ਭਾਸ਼ਾ (ਹਿੰਦੀ), ਇਕ ਦੇਸ਼ ਇਕ ਮੰਡੀ, ਇਕ ਦੇਸ਼ ਇਕ ਟੈਕਸ ਪ੍ਰਣਾਲੀ (ਜੀ ਐਸ ਟੀ), ਇਕ ਦੇਸ ਇਕ ਰਾਸ਼ਨ ਕਾਰਡ, ਇਕ ਦੇਸ਼ ਇਕ ਚੋਣ, ਇਕ ਦੇਸ ਇਕ ਪਛਾਣ (ਆਧਾਰ ਕਾਰਡ) ਦੇ ਨਾਹਰਿਆਂ ਹੇਠ ਸਾਰੇ ਦੇਸ਼ ਨੂੰ ਇਕ ਇਕਾਈ ਵਜੋਂ ਕੇਂਦਰਿਤ ਕਰਨ ਦੇ ਸੁਚੇਤ ਯਤਨ ਕੀਤੇ ਗਏ।

ਤੇ ਇਸ ਤਰਾਂ ਮਨੂਵਾਦੀ ਉਚ ਜਾਤੀ ਸੰਕਲਪ ਨੂੰ ਆਧਾਰ ਬਣਾ ਕੇ ਆਰ ਐਸ ਐਸ ਦੇ ਕਰੀਬ ਇਕ ਸਦੀ ਪੁਰਾਣੇ ਨਿਸ਼ਾਨੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਵਡਾ ਹੰਭਲਾ ਮਾਰਿਆ ਗਿਆ। ਮਹਾਨ ਬ੍ਰਾਹਮਣੀ ਸਭਿਅਤਾ ਦਾ ਘੁਮੰਡ ਇਸ ਹੱਦ ਤੱਕ ਸਿਰ ਚੜ ਕੇ ਬੋਲਿਆ ਕਿ 5 ਅਗਸਤ



2019 ਨੂੰ ਅਮਿਤ ਸ਼ਾਹ ਨੇ ਜੰਮੂ ਕਸ਼ਮੀਰ ਦੀ ਧਾਰਾ 370 ਖਤਮ ਕਰਨ ਦਾ ਐਲਾਨ ਕਰਦਿਆਂ ਪਾਰਲੀਮੈਂਟ ਵਿਚ ਚੀਨ ਕੋਲੋਂ ਅਕਸਾਈ ਚਿੰਨ ਅਤੇ ਪਾਕਿਸਤਾਨ ਕੋਲੋ ਆਜਾਦ ਕਸ਼ਮੀਰ ਦੇ ਇਲਾਕੇ ਜਬਰੀ ਖੋਹ ਕੇ ਦੇਸ਼ ਨਾਲ ਮਿਲਾਉਣ ਦੀ ਫੜ ਦੇ ਮਾਰੀ। ਇਸੇ ਸਾਮਰਾਜੀ ਯੋਜਨਾ ਤਹਿਤ ਦੇਸ ਦੀ ਖੇਤੀਬਾੜੀ ਨੂੰ ਕਾਰਪੋਰੇਟ ਸੈਕਟਰ ਦੇ ਹਵਾਲੇ ਕਰਨ ਲਈ ਰਾਜ ਸਭਾ ਵਿਚ ਧਕੇ ਨਾਲ ਤਿੰਨ ਨਵੇਂ ਖੇਤੀ ਕਾਨੂੰਨ ਪਾਸ ਕੀਤੇ ਗਏ। ਇਥੇ ਮੋਦੀ ਜੁੰਡਲੀ ਦੂਹਰੀ ਗਲਤੀ ਕਰ ਗਈ। ਇਕ ਤਾਂ ਅਮਿਤ ਸ਼ਾਹ ਦੀ ਮਾਰੀ ਫੜ ਕਾਰਨ ਚੀਨ ਪਾਕਿਸਤਾਨ ਨਾਲ ਯੁਧਨੀਤਕ ਸਮਝੌਤਾ ਕਰਕੇ ਲੱਦਾਖ ਦੀਆਂ ਸਰਹੱਦਾਂ ਉਤੇ ਆ ਬੈਠਾ ਅਤੇ ਦੂਜਾ ਪਿਛਲੇ ਕਈ ਦਹਾਕਿਆਂ ਤੋਂ ਆਪਣੇ ਸਵੈਮਾਨ ਲਈ ਜਦੋ-ਜਹਿਦ ਕਰ ਰਹੀ ਪੰਜਾਬ ਦੀ ਸਿੱਖ ਕਿਸਾਨੀ ਨੇ ਇਨਾਂ ਕਾਨੂੰਨਾਂ ਨੂੰ ਆਪਣੇ ਬੁਨਿਆਦੀ ਹਕਾਂ ਉਤੇ ਵਡਾ ਹਮਲਾ ਸਮਝ ਕੇ ਇਨਾਂ ਦਾ ਡਟਵਾਂ ਵਿਰੋਧ ਆਰੰਭ ਕਰ ਦਿੱਤਾ। ਅਜਬ ਗੱਲ ਇਹ ਹੋਈ ਕਿ ਇਸ ਅੰਦੋਲਨ ਦੀ ਅਗਵਾਈ ਉਨਾਂ ਸਿੱਖ ਅਤੇ ਕਮਿਊਨਿਸਟ ਆਗੂਆਂ ਦੇ ਹੱਥ ਵਿਚ ਆ ਗਈ, ਜਿਹੜੇ 'ਰਾਜੀਵ-ਲੌਂਗੋਵਾਲ' ਸਮਝੌਤੇ ਤੋਂ ਬਾਅਦ ਲੌਂਗੋਵਾਲ ਦੇ ਹੋਏ ਹਸ਼ਰ ਪ੍ਰਤੀ ਸੁਚੇਤ ਸਨ। ਲੱਦਾਖ ਦੀ ਸਰਹੱਦ ਉਤੇ ਚੀਨੀ ਫੌਜ ਦੀ ਮੌਜੂਦਗੀ ਅਤੇ ਸਿੱਖ ਕਿਸਾਨੀ ਦੇ ਸਿਦਕ, ਸਬਰ ਅਤੇ ਦ੍ਰਿੜਤਾ ਨੇ ਮੋਦੀ ਰਾਜ ਦੇ ਇਸ ਹਿੰਦੂਤਵੀ ਫਾਸ਼ੀਵਾਦ ਨੂੰ ਐਸਾ ਮੋੜਾ ਦਿੱਤਾ ਕਿ ਹੁਣ ਇਸ ਦੀਆਂ ਰਾਜਸੀ ਜੜਾਂ ਪੁਟੇ ਜਾਣ ਦੇ ਆਸਾਰ ਬਣ ਗਏ ਹਨ। ਮਹਾਨ ਹਿੰਦੂ ਸਭਿਅਤਾ ਦੇ ਇਨਾਂ ਦਾਅਵੇਦਾਰਾਂ ਦੀ ਆਮ ਗਰੀਬ ਲੋਕਾਂ ਪ੍ਰਤੀ ਦਇਆਹੀਣ ਮਾਨਸਿਕਤਾ ਦਾ ਪ੍ਰਗਟਾਵਾ ਇਨਾਂ ਦੇ ਕੋਰੋਨਾ ਵਾਇਰਸ ਦੀ ਮਹਾਂਮਾਰੀ ਨੂੰ ਨਜਿੱਠਣ ਸਮੇਂ ਹੋ ਗਿਆ ਅਤੇ ਇਨਾਂ ਦੀ ਵਹਿਸ਼ੀ ਮਾਨਸਿਕਤਾ ਦੀ ਬਾਕੀ ਰਹਿੰਦੀ ਖੂੰਹਦੀ ਕਸਰ ਲੱਖਾਂ ਲੋਕਾਂ ਦੀਆਂ ਲਾਸ਼ਾਂ ਉਤੇ ਅਰਬਾਂ ਰੁਪਏ ਖਰਚ ਕੇ ਬਣਾਈ ਜਾਣ ਵਾਲੀ ਨਵੀਂ ਪਾਰਲੀਮੈਂਟ ਇਮਾਰਤ ਦੀ ਜਿੱਦ ਨੇ ਪੂਰੀ ਕਰ ਦਿੱਤੀ।

ਪੱਛਮੀ ਬੰਗਾਲ ਅੰਦਰ ਮਮਤਾ ਬੈਨਰਜੀ, ਤਾਮਿਲਨਾਡੂ ਵਿਚ ਡੀ ਐਮ ਕੇ ਅਤੇ ਕੇਰਲਾ ਵਿਚ ਸਾਂਝੇ ਮੋਰਚੇ ਦੀ ਹੋਈ ਜਿੱਤ ਨੂੰ ਸੂਬਿਆਂ ਦੀ ਖੁਦਮੁਖਤਿਆਰੀ ਦੇ ਵੱਡੇ ਪ੍ਰਸੰਗ ਵਿਚ ਸਪੱਸ਼ਟ ਕਰਦਿਆਂ ਹੋਇਆਂ, ਦੇਸ਼ ਨੂੰ ਖਰੀਆ ਫੈਡਰਲ ਲੀਹਾਂ ਉਤੇ ਢਾਲਣ ਲਈ ਇਕ ਗੰਭੀਰ ਰਾਜਸੀ ਮੁਹਿੰਮ ਵਿਢਣ ਦੀ ਲੋੜ ਹੈ। ਪੰਜਾਬ ਅੰਦਰ ਹੋ ਰਹੀ ਨਵੀਂ ਰਾਜਸੀ ਸਫਬੰਦੀ ਇਸ ਆਧਾਰ ਉਤੇ ਹੀ ਹੋਣੀ ਚਾਹੀਦੀ ਹੈ, ਜਿਹੜੀ ਅਨੰਦਪੁਰ ਦੇ ਮਤੇ ਨੂੰ ਲਾਗੂ ਕਰਵਾਉਣ ਲਈ ਲੜੇ ਗਏ ਧਰਮ ਯੁਧ ਮੋਰਚੇ ਤੋਂ ਅਗਾਂਹ ਵਧ ਕੇ ਪੰਜਾਬ ਦੇ ਸਰਬਪਖੀ ਵਿਕਾਸ ਨੂੰ ਕੁਦਰਤ ਅਤੇ ਮਨੁਖਪੱਖੀ ਲੀਹਾਂ ਉਤੇ ਢਾਲ ਸਕੇ। ਇਸੇ ਵਿਚ ਹੀ ਦੇਸ਼ ਦਾ ਭਲਾ ਹੈ। ਇਸੇ ਵਿਚ ਹੀ ਮਨੁਖਤਾ ਦਾ ਭਲਾ ਹੈ। ਇਸੇ ਵਿਚ ਹੀ ਸਰਬਤ ਦਾ ਭਲਾ ਹੈ।

# ਓਪਰੇਸ਼ਨ ਭਿੰਡਰਾਂਵਾਲੇ: ਖਾਲਿਸਤਾਨ

**ਲੜੀਵਾਰ-1**



**ਗੁਰਬਚਨ ਸਿੰਘ ਦੇਸ ਪੰਜਾਬ**

**9815698451**

'ਭਾਰਤ ਸਰਕਾਰ ਦੇ ਕੈਬਨਿਟ ਸਕੱਤਰੇਤ ਦੀ ਬਾਹਰੀ ਖੁਫੀਆ ਏਜੰਸੀ ਰਾਅ ਦੇ ਸਟੇਸ਼ਨ ਮੁਖੀ ਵਜੋਂ ਗੰਗਟੋਕ, ਸਿਕਮ ਵਿਚ ਮੇਰੇ ਢਾਈ ਸਾਲ ਬੜੇ ਸਰਗਰਮੀ ਭਰਪੂਰ ਰਹੇ। ਮੈਂ ਉਥੇ ਅਗਸਤ 1973 ਤੋਂ ਫਰਵਰੀ 1976 ਤਕ ਰਿਹਾ। ਤਿੱਬਤ ਅਤੇ ਚੀਨ ਦੀ ਸੀਮਾ ਦੇ ਆਰ-ਪਾਰ ਦੀ ਖੁਫੀਆ ਜਾਣਕਾਰੀ ਇਕਠੀ ਕਰਨ ਤੋਂ ਬਿਨਾਂ ਸਾਨੂੰ ਇਕ ਬੜੇ ਉਚ ਪਧਰੀ ਅਤੇ ਮੀਲ ਪਥਰ ਗਡਣ ਵਾਲੇ ਓਪਰੇਸ਼ਨ ਨੂੰ ਸਿਰੇ ਲਾਉਣ ਦੀ ਜਿੰਮੇਵਾਰੀ ਸੌਂਪੀ ਗਈ ਸੀ। ਇਹ ਓਪਰੇਸ਼ਨ ਸਿਕਮ ਨੂੰ ਭਾਰਤ ਵਿਚ ਸ਼ਾਮਿਲ ਕਰਨਾ ਸੀ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆਂ ਵਿਸ਼ੇਸ਼ ਹਦਾਇਤਾਂ ਨਾਲ ਇਹ ਓਪਰੇਸ਼ਨ ਰਾਅ ਦੇ ਬਾਨੀ ਮੁਖੀ ਆਰ ਐਨ ਕਾਓ ਨੂੰ ਸੌਂਪਿਆ ਗਿਆ ਸੀ। ਹੇਠਲੇ ਪੱਧਰ ਉਤੇ ਵਿਸ਼ੇਸ਼ ਤੌਰ 'ਤੇ ਕਾਇਮ ਕੀਤੇ ਗਏ ਤਿੰਨ ਮੈਂਬਰੀ ਉਚ ਖੁਫੀਆ ਸੈਲ ਨੇ ਇਸ ਓਪਰੇਸ਼ਨ ਨੂੰ ਅਮਲ ਵਿਚ ਲਿਆਉਣਾ ਸੀ। ਮੈਂ ਇਸ ਸੈਲ ਦਾ ਮੁਖੀ ਸਾਂ। ਇਸ ਓਪਰੇਸ਼ਨ ਦੇ ਕਪਟਪੁਣੇ ਦਾ ਅੰਦਾਜਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਇਸ ਓਪਰੇਸ਼ਨ ਦੇ ਮੁਖ ਨਿਸ਼ਾਨੇ ਸਾਬਕਾ ਚੋਗਿਆਲ ਜਿਸ ਨੂੰ ਮੈਂ ਤਿਬਤ ਅਤੇ ਚੀਨ ਨਾਲ ਸਬੰਧਤ ਮਸਲਿਆਂ ਦੀ ਜਾਣਕਾਰੀ ਦੇਣ ਲਈ ਥੋੜੇ ਥੋੜੇ ਸਮੇਂ ਬਾਅਦ ਲਗਾਤਾਰ ਮਿਲਦਾ ਰਹਿੰਦਾ ਸਾਂ, ਇਹ ਨਹੀਂ ਸੀ ਜਾਣਦਾ ਕਿ ਮੇਰਾ ਇਸ ਓਪਰੇਸ਼ਨ ਨਾਲ ਕੋਈ ਸਬੰਧ ਹੈ। ਅਖੀਰ ਤੱਕ ਉਹ ਅਤੇ ਉਸ ਦਾ ਪਰਿਵਾਰ ਆਪਣੀਆਂ ਮੁਸ਼ਕਿਲਾਂ ਲਈ ਆਈ. ਬੀ. (ਇੰਟੈਲੀਜੈਂਸ ਬਿਓਰੋ) ਉਤੇ ਦੋਸ਼ ਲਾਉਂਦੇ ਰਹੇ। ਇਸ ਓਪਰੇਸ਼ਨ ਦੇ ਸਿਟੇ ਵਜੋਂ ਮਈ 1975 ਵਿਚ ਸੰਵਿਧਾਨ ਦੀ 36ਵੀਂ ਸੋਧ ਨਾਲ ਸਿਕਮ ਭਾਰਤੀ ਯੂਨੀਅਨ ਦਾ 21ਵਾਂ ਸੂਬਾ ਬਣ ਗਿਆ।'

ਸ.ਜੀ.ਬੀ.ਐਸ. ਸਿੱਧੂ ਨੇ ਆਪਣੀ ਕਿਤਾਬ 'ਦ ਖਾਲਿਸਤਾਨ ਸਾਜਿਸ਼' ਦੀ ਭੂਮਿਕਾ ਦੇ ਮੁਢ ਵਿਚ ਇਹ ਜਾਣਕਾਰੀ ਦਿਤੀ



ਹੈ। ਇਹ ਇਸ ਗੱਲ ਦਾ ਸਬੂਤ ਹੈ ਕਿ ਸ. ਸਿੱਧੂ ਦੀ ਰਾਅ ਵਿਚ ਬੜੀ ਅਹਿਮ ਪੁਜੀਸ਼ਨ ਸੀ। ਰਾਅ ਭਾਰਤ ਸਰਕਾਰ ਦੀ ਸਭ ਤੋਂ ਉਚਤਮ ਖੁਫੀਆ ਏਜੰਸੀ ਹੈ। ਉਹ ਰਾਅ ਵਿਚੋਂ ਵਿਸ਼ੇਸ਼ ਸਕਤਰ ਦੇ ਤੌਰ ਉਤੇ ਰਿਟਾਇਰ ਹੋਏ ਹਨ। ਉਨਾਂ ਦੇ ਕਹਿਣ ਮੁਤਾਬਿਕ ਜੇ ਉਹ ਸਿੱਖ ਨਾ ਹੁੰਦੇ ਤਾਂ ਉਹ ਰਾਅ ਦੇ ਮੁਖੀ ਵਜੋਂ ਰਿਟਾਇਰ ਹੁੰਦੇ। ਉਨਾਂ ਵਲੋਂ ਦਿੱਤੀ ਗਈ ਇਹ ਸਾਰੀ ਜਾਣਕਾਰੀ ਫਰਸਟ ਹੈਂਡ ਇਨਫਰਮੇਸ਼ਨ ਹੈ। ਭਾਵ ਇਹ ਸਾਰੀ ਜਾਣਕਾਰੀ ਦਸਤਾਵੇਜੀ ਅਹਿਮੀਅਤ ਰਖਦੀ ਹੈ। ਇਸ ਲਈ ਇਸ ਜਾਣਕਾਰੀ ਉਤੇ ਯਕੀਨ ਨਾ ਕਰਨ ਦਾ ਕੋਈ ਵਾਜਿਬ ਕਾਰਨ ਨਹੀਂ ਬਣਦਾ। ਸ. ਸਿੱਧੂ ਕੇਂਦਰ ਵਿਚ ਕਈ ਸਾਲ ਵਖ ਵਖ ਮਹਿਕਮਿਆਂ ਦੇ ਕੈਬਨਿਟ ਮੰਤਰੀ ਵਜੋਂ ਨਿਯੁਕਤ ਰਹੇ ਸ. ਸਵਰਨ ਸਿੰਘ ਦੇ ਜਵਾਈ ਹਨ। ਕਿਤਾਬ ਦੇ ਅੰਤਿਮ ਕਾਂਡ ਵਿਚ ਉਹ ਹੇਠ ਲਿਖੀ ਜਾਣਕਾਰੀ ਦੇਂਦੇ ਹਨ।

'ਇਹ ਕਿਤਾਬ ਲਿਖਣ ਵੇਲੇ ਓਪਰੇਸ਼ਨ ਭਿੰਡਰਾਂਵਾਲੇ-ਖਾਲਿਸਤਾਨ (ਓਪ-੧) ਨੂੰ 42 ਸਾਲ ਬੀਤ ਗਏ ਹਨ। ਇਹ ਇੰਦਰਾ ਗਾਂਧੀ ਦੇ ਅਸ਼ੀਰਵਾਦ ਨਾਲ 1978 ਵਿਚ ਸੰਜੇ ਗਾਂਧੀ ਵਲੋਂ ਵਿਉਂਤਿਆ ਗਿਆ ਸੀ ਅਤੇ 2 ਸਾਲ ਬਾਅਦ ਇਸ ਓਪਰੇਸ਼ਨ ਦਾ ਘੇਰਾ ਸੂਬਾ ਪੱਧਰ ਤੋਂ ਵਧਾ ਕੇ ਦੇਸ਼ ਪੱਧਰ ਤੱਕ (ਓਪ-੨) ਫੈਲਾਅ ਦਿੱਤਾ ਗਿਆ। ਇਸ ਦਾ ਇਕੋ ਇਕ ਮੰਤਵ ਕਾਂਗਰਸ ਨੂੰ ਜਨਵਰੀ 1985 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਜਿਤਾਉਣਾ ਸੀ। ਬਦਕਿਸਮਤੀ ਨਾਲ ਭਾਰਤ ਲਗਾਤਾਰ ਉਨਾਂ ਤਾਕਤਾਂ ਨਾਲ ਜੂਝ ਰਿਹਾ ਹੈ, ਜਿਹੜੀਆਂ ਕੁਝ ਸੰਵਿਧਾਨ ਬਾਹਰੇ ਮੁਠੀ ਭਰ ਤਾਕਤਵਰ ਨੌਜਵਾਨਾਂ ਅਤੇ ਉਨਾਂ ਦੇ ਦੋਸਤਾਂ ਦੀ ਗਲਤ ਮਾਅਰਕੇਬਾਜੀ ਵਜੋਂ ਗਤੀਸ਼ੀਲ ਹੋਈਆ ਹਨ। ਇਸ ਸਮੇਂ ਦੌਰਾਨ ਵਿਰਾਟ ਪੱਧਰ ਉਤੇ ਪੈਦਾ ਕੀਤੀ ਗਈ ਧਾਰਮਿਕ ਵੰਡ ਦਾ ਅੰਤ ਇਕ ਬੁਰੀ ਤਰਾਂ ਵਿਉਂਤੇ, ਬੜੀ ਭੈੜੀ ਤਰਾਂ ਯੋਜਨਾਬਧ ਕੀਤੇ ਅਤੇ ਬੜੇ ਭਿਆਨਕ ਢੰਗ ਨਾਲ ਅਮਲ ਵਿਚ ਲਿਆਂਦੇ ਗਏ ਓਪਰੇਸ਼ਨ ਬਲਿਊ ਸਟਾਰ ਨਾਲ ਹੋਇਆ। ਇੰਦਰਾ ਗਾਂਧੀ ਦੀ ਹਤਿਆ ਤੋਂ ਬਾਅਦ ਦਿੱਲੀ ਅਤੇ ਭਾਰਤ ਦੇ ਕੁਝ ਹੋਰਨਾਂ ਸ਼ਹਿਰਾਂ ਵਿਚ ਸਿੱਖਾਂ ਦੀ ਨਸਲਕੁਸ਼ੀ ਬੜੇ ਯੋਜਨਾਬੱਧ ਢੰਗ ਨਾਲ ਕੀਤੀ ਗਈ ਅਤੇ ਬੜੀ ਬਾਰੀਕਬੀਨੀ ਨਾਲ ਅਮਲ ਵਿਚ ਲਿਆਂਦੀ ਗਈ। ਇਸ ਨਾਲ ਪੰਜਾਬ ਦੇ ਨੌਜਵਾਨਾਂ ਵਿਚ ਜੋ ਰੋਸ ਅਤੇ ਗੁਸਾ ਪੈਦਾ ਹੋਇਆ ਉਸੇ ਦਾ ਨਤੀਜਾ ਇਕ ਦਹਾਕੇ ਦੇ ਭਿਆਨਕ ਦੌਰ ਦੇ ਰੂਪ ਵਿਚ ਸੂਬੇ ਨੇ ਵੇਖਿਆ। ਸੂਬੇ ਵਿਚ ਅਮਨ ਹੋਣ ਤੋਂ ਪਹਿਲਾਂ ਰੋਹ ਵਿਚ ਆਏ ਹਜ਼ਾਰਾਂ ਸਿੱਖ ਨੌਜਵਾਨ ਖਾੜਕੂ ਰਾਹ ਉਤੇ ਚਲ ਕੇ ਆਪਣੀਆਂ ਜਾਨਾਂ ਗੁਆ ਗਏ, ਜਿਨਾਂ ਵਿਚੋਂ ਕੁਝ ਗਿਣਤੀ ਵਿਚ ਆਏ ਪਰ ਬਹੁਤੇ (ਲਾਵਾਰਿਸ ਲਾਸ਼ਾਂ ਦੇ ਰੂਪ ਵਿਚ) ਅਜੇ ਵੀ ਲਾਪਤਾ ਹਨ।'

'ਜਦੋਂ ਕਿ ਸਿੱਖ ਨਵੰਬਰ 1984 ਅਤੇ ਪੰਜਾਬ ਵਿਚ ਓਪਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿਚ ਵਾਪਰੇ ਬੜੇ ਭਿਆਨਕ ਜੁਰਮਾਂ ਦਾ ਇਨਸਾਫ ਉਡੀਕ ਰਹੇ ਹਨ, ਪਰ ਗੋਂਗਲੂਆਂ ਤੋਂ ਮਿਟੀ ਝਾੜਨ ਵਾਂਗ 13 ਕਮਿਸ਼ਨਾਂ, ਕਮੇਟੀਆਂ ਅਤੇ ਵਿਸ਼ੇਸ਼ ਜਾਂਚ ਟੀਮਾਂ ਬਣਾਉਣ ਤੋਂ ਬਗੈਰ ਕੁਝ ਨਹੀਂ ਕੀਤਾ ਗਿਆ। ਦਰਅਸਲ ਕਿਸੇ ਨੇ ਵੀ ਅਸਲ ਮਸਲਿਆਂ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਜਿਵੇਂ ਕਿ ਕਮੇਟੀਆਂ ਅਤੇ ਕਮਿਸ਼ਨਾਂ ਦਾ ਬਣਨਾ ਹੀ ਮਸਲੇ ਦੇ ਹਲ ਹੈ। ਬੜੇ ਧਿਆਨ ਨਾਲ ਓਪਰੇਸ਼ਨ-1 ਨੂੰ ਅਮਲ ਵਿਚ ਲਿਆਉਣ ਦੌਰਾਨ ਪੰਜਾਬ ਅੰਦਰ 15 ਸਾਲ ਕੀ ਕੁਝ ਵਾਪਰਿਆ ਨੂੰ ਜਾਣਬੁਝ ਕੇ ਫਜ਼ੂਲ ਮਸਲਾ ਸਮਝ ਕੇ ਪਿਛੋਕੜ ਵਿਚ ਧੱਕ ਦਿਤਾ ਗਿਆ ਹੈ।'

ਦਰਅਸਲ ਪੰਜਾਬ ਅੰਦਰ ਓਪਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿਚ ਵਾਪਰੇ ਸਾਰੇ ਘਟਨਾਕਰਮ ਨੂੰ ਸਮਝਣ ਲਈ ਸ. ਸਿੱਧੂ ਦੀ ਇਹ ਜਾਣਕਾਰੀ ਬੜੀ ਮਹਤਵਪੂਰਨ ਹੈ। ਇਹ ਜਾਣਕਾਰੀ ਸੰਤ ਭਿੰਡਰਾਂਵਾਲੇ ਦੇ ਵਰਤਾਰੇ ਨੂੰ ਸਮਝਣ ਵਿਚ ਬਹੁਤ ਸਹਾਈ ਹੋ ਸਕਦੀ ਹੈ। ਸੰਤ ਭਿੰਡਰਾਂਵਾਲੇ ਦੀ ਸ਼ਖਸੀਅਤ ਨੂੰ ਬਦਨਾਮ ਕਰਨ ਲਈ ਭਾਰਤੀ ਏਜੰਸੀਆਂ ਨੇ ਜਿਹੜੀ ਕੂੜ ਦੀ ਕੰਧ ਖੜੀ ਕੀਤੀ ਸੀ, ਇਸ ਜਾਣਕਾਰੀ ਨੇ ਉਸ ਨੂੰ ਢਹਿਢੇਰੀ ਕਰ ਦਿਤਾ ਹੈ।

---

# ਜਦੋਂ ਸ਼੍ਰੋਮਣੀ ਕਮੇਟੀ ਨੇ ਕੀਤੀ ਸੀ ਇੰਦਰਾ ਗਾਂਧੀ ਦੀ ਤਾਰੀਫ਼



**ਪਾਲ ਸਿੰਘ ਨੌਲੀ :** ਇਤਿਹਾਸ ਦੇ ਵਰਕੇ ਫੋਲਦਿਆਂ ਬਹੁਤ ਸਾਰੀਆਂ ਦਿਲਚਸਪ ਤੇ ਹੈਰਾਨ ਕਰਨ ਵਾਲੀਆਂ ਘਟਨਾਵਾਂ ਸਾਹਮਣੇ ਆਉਦੀਆਂ ਹਨ। ਅਪਰੇਸ਼ਨ ਬਲੂ ਸਟਾਰ ਤੋਂ ਬਾਅਦ ਬਹੁਤ ਸਾਰੇ ਸਿੱਖਾਂ ਨੇ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਹਮੇਸ਼ਾ ਹੀ ਨਫ਼ਰਤ ਦੀਆਂ ਨਿਗਾਹਾ ਨਾਲ ਦੇਖਿਆ।

ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਵੀ ਸਿੱਖ ਕੌਮ ਨੇ ਬਲੂ ਸਟਾਰ ਲਈ ਉਨਾਂ ਨੂੰ ਮਾਫ਼ ਨਹੀਂ ਸੀ ਕੀਤਾ ਪਰ ਕਦੇ ਸਮਾਂ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬੀ ਸੂਬਾ ਬਣਾਏ ਜਾਣ 'ਤੇ ਮਤਾ ਪਾਸ ਕਰਕੇ ਕਾਂਗਰਸ ਵਰਕਿੰਗ ਕਮੇਟੀ ਦੇ ਫੈਸਲੇ ਦੀ ਸ਼ਲਾਘਾ ਕੀਤੀ ਸੀ ਅਤੇ ਇੰਦਰਾ ਗਾਂਧੀ ਦਾ ਧੰਨਵਾਦ ਕੀਤਾ ਸੀ।

'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 50 ਸਾਲਾ ਇਤਿਹਾਸ' ਨਾਂ ਦੀ ਕਿਤਾਬ ਵਿੱਚ ਪੰਨਾ ਨੰਬਰ 367 ਉੱਤੇ ਇਹ ਮਤਾ ਦਰਜ ਹੈ।ਇਹ ਕਿਤਾਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਇਤਿਹਾਸ ਰਿਸਰਚ ਬੋਰਡ ਨੇ ਬਲੂ ਸਟਾਰ ਤੋਂ ਦੋ ਸਾਲ ਪਹਿਲਾਂ ਹੀ ਮਾਰਚ 1982 ਵਿਚ ਪ੍ਰਕਾਸ਼ਿਤ ਕੀਤੀ ਸੀ।ਪੰਜਾਬੀ ਸੂਬੇ ਨੂੰ ਬਣਾਉਣ ਬਾਰੇ ਚੱਲ ਰਹੇ ਅੰਦੋਲਨ ਦੌਰਾਨ ਸ਼੍ਰੋਮਣੀ ਕਮੇਟੀ ਨੇ 20 ਮਾਰਚ 1966 ਨੂੰ ਆਪਣੇ ਹੋਏ ਜਨਰਲ ਬਜਟ ਸਮਾਗਮ ਵਿਚ 'ਪੰਜਾਬੀ ਸੂਬਾ-ਅੰਦੋਲਨ ਦੇ ਮੋਢੀਆਂ ਬਾਰੇ ਪ੍ਰਸ਼ੰਸਾ ਦਾ ਮਤਾ' ਅਤੇ 'ਕਾਂਗਰਸ ਵਰਕਿੰਗ ਕਮੇਟੀ ਦੇ ਫੈਸਲੇ ਦੀ ਸ਼ਲਾਘਾ ਤੇ ਇੰਦਰਾ ਗਾਂਧੀ ਦਾ ਧੰਨਵਾਦ ਮਤਾ' ਵੀ ਪਾਸ ਕੀਤਾ ਸੀ ।

ਸ਼੍ਰੋਮਣੀ ਕਮੇਟੀ ਦਾ ਇਹ ਬਜਟ ਇਜਲਾਸ ਉਸ ਵੇਲੇ ਦੇ ਪ੍ਰਧਾਨ ਸੰਤ ਚੰਨਣ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ ਸੀ ਜਿਸ ਵਿਚ ਕੁੱਲ 188 ਮੈਂਬਰ ਮੌਜੂਦ ਸਨ।

ਗਿਆਨੀ ਹਰਿਚਰਨ ਸਿੰਘ ਜੀ ਹੁਡਿਆਰਾ, ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬੀ ਸੂਬੇ ਦੀ ਖੁਸ਼ੀ ਵਿੱਚ ਹੇਠ ਲਿਖਿਆ ਮਤਾ ਪੇਸ਼ ਕੀਤਾ ਗਿਆ:

'ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਸਮਾਗਮ ਸਰਬ ਹਿੰਦ ਕਾਂਗਰਸ ਵਰਕਿੰਗ ਕਮੇਟੀ ਦੇ ਉਸ ਫ਼ੈਸਲੇ ਦੀ, ਜਿਸ ਰਾਹੀਂ ਉਸ ਨੇ ਵਰਤਮਾਨ ਪੰਜਾਬ ਪ੍ਰਦੇਸ਼ ਵਿਚੋਂ ਪੰਜਾਬੀ ਸੂਬੇ ਦੇ ਬਣਾਏ ਜਾਣ ਦੀ ਹੱਕੀ ਤੇ ਵਿਧਾਨਕ ਮੰਗ ਪ੍ਰਵਾਨ ਕਰਨ ਦੀ ਸਿਫਾਰਿਸ਼ ਕੀਤੀ ਹੈ, ਹਾਰਦਿਕ ਪ੍ਰਸ਼ੰਸਾ ਕਰਦਾ ਹੈ।'

ਇਸ ਦੇ ਨਾਲ ਹੀ ਇਹ ਇਜਲਾਸ ਸ੍ਰੀ ਕਾਮਰਾਜ ਜੀ ਪ੍ਰਧਾਨ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਤੇ ਸ੍ਰੀਮਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਵੀ ਹਾਰਦਿਕ ਵਧਾਈ ਦੇਂਦਾ ਹੈ, ਜਿਨਾਂ ਨੇ ਪੂਰੀ ਸਿਆਣਪ, ਦੀਰਘ ਦ੍ਰਿਸ਼ਟੀ ਅਤੇ ਦ੍ਰਿੜਤਾ ਨਾਲ ਇਸ ਮਾਮਲੇ ਨੂੰ ਸਫਲਤਾ ਪੂਰਵਕ ਨਜਿੱਠਣ ਵਿਚ ਅਗਵਾਈ ਦਿੱਤੀ ਹੈ।

ਅੱਜ ਦਾ ਇਹ ਸਮਾਗਮ ਸ. ਹੁਕਮ ਸਿੰਘ ਜੀ ਚੇਅਰਮੈਨ ਅਤੇ ਮੈਂਬਰ ਸਾਹਿਬਾਨ ਪਾਰਲੀਮੈਂਟਰੀ ਕਮੇਟੀ, ਜਿਨਾਂ ਨੇ ਬੜੀ ਦ੍ਰਿੜਤਾ, ਪੁਣ-ਛਾਣ ਅਤੇ ਸੰਤੁਲਨਾਤਮਕ ਦ੍ਰਿਸ਼ਟੀ ਨਾਲ ਘੋਖ ਕੇ ਪੰਜਾਬ ਦੀ ਬੋਲੀ ਦੇ ਅਧਾਰ 'ਤੇ ਨਵੀਂ ਸਿਰਜਣਾ ਕਰਨ

**ਬਾਕੀ ਸਫ਼ਾ 31 'ਤੇ**

---

# 1984 ਦੇ ਸਾਕਾ ਨੀਲਾ ਤਾਰਾ ਕਾਰਵਾਈ ਦੀ ਗਵਾਹ ਬੀਬੀ ਪ੍ਰੀਤਮ ਕੌਰ

1984 ਦੇ ਸਾਕਾ ਨੀਲਾ ਤਾਰਾ ਕਾਰਵਾਈ ਦੀ ਬੀਬੀ ਪ੍ਰੀਤਮ ਕੌਰ ਅਜਿਹੀ ਗਵਾਹ ਹੈ, ਜਿਸ ਨੇ ਇਸ ਕਾਰਵਾਈ ਸਮੇਂ ਦਰਦਮਈ ਘਟਨਾਵਾਂ ਨੂੰ ਆਪਣੀਆਂ ਅੱਖਾਂ ਨਾਲ ਸਿਰਫ਼ ਵੇਖਿਆ ਹੀ ਨਹੀਂ ਸੀ, ਸਗੋਂ ਹੱਡੀਂ ਵੀ ਹੰਢਾਇਆ ਸੀ। ਉਸ ਨੂੰ ਇਸ ਕਾਰਵਾਈ ਦੌਰਾਨ ਫ਼ੌਜ਼ ਨੇ ਗੰਭੀਰ ਜ਼ਖ਼ਮੀ ਹੋਣ ਸਮੇਂ ਮੋਰਚੇ ਤੋਂ ੫ ਜੂਨ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਇਸ ਤੋਂ ਕੁਝ ਘੰਟੇ ਪਹਿਲਾਂ ਉਸ ਦਾ 17 ਦਿਨਾਂ ਦਾ ਬੇਟਾ ਮਨਪ੍ਰੀਤ ਸਿੰਘ, ਜੋ ਦੁੱਧ ਚੁੰਘ ਰਿਹਾ ਸੀ, ਫੌਜ ਦੀ ਗੋਲੀ ਦਾ ਸ਼ਿਕਾਰ ਹੋ ਗਿਆ। ਬੱਚੇ ਨੂੰ ਚੀਰਦੀ ਹੋਈ ਗੋਲੀ ਬੀਬੀ ਦੀ ਛਾਤੀ 'ਚੋਂ ਆਰ-ਪਾਰ ਹੋ ਗਈ। ਇਸ ਦਰਮਿਆਨ ਹੀ ਪਤੀ (ਰਛਪਾਲ ਸਿੰਘ, ਪੀ ਏ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ) ਫ਼ੌਜ ਦੀ ਇੱਕ ਹੋਰ ਗੋਲੀ ਉਸ ਦੀ ਪੁੜਪੜੀ ਵਿਚ ਲੱਗਣ ਕਾਰਨ ਉਹ ਉਥੇ ਹੀ ਢਹਿ ਢੇਰੀ ਹੋ ਗਿਆ ਸੀ।

ਅੱਜ ਤੋਂ 37 ਸਾਲ ਪਹਿਲਾਂ ਵਾਪਰੇ ਇਸ ਸਾਕੇ ਨੂੰ ਬੀਬੀ ਪ੍ਰੀਤਮ ਕੌਰ ਹੁਣ ਵੀ ਕੱਲ ਵਾਪਰੀ ਘਟਨਾ ਵਾਂਗ ਬਿਆਨ ਕਰਦੀ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵੱਡੇ ਭਰਾ ਕੈਪਟਨ ਹਰਚਰਨ ਸਿੰਘ ਅਤੇ ਭੈਣ ਦਲਜੀਤ ਕੌਰ ਜਦੋਂ ਸੰਤਾਂ ਦੀ ਲਾਸ਼ ਪਛਾਨਣ ਗਏ ਸਨ ਤਾਂ ਬੀਬੀ ਪ੍ਰੀਤਮ ਕੌਰ ਵੀ ਉਨਾਂ ਦੇ ਨਾਲ ਸਨ ਪਰ ਸੰਤਾਂ ਦੇ ਜ਼ਿੰਦਾ ਹੋਣ ਵਰਗੇ ਭਰਮ ਪਾਲ ਰਹੇ ਲੋਕਾਂ 'ਤੇ ਉਨਾਂ ਨੂੰ ਸਖ਼ਤ ਗਿਲਾ ਹੈ। ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਫ਼ੌਜੀ ਹਮਲੇ ਦਾ ਹਾਲ ਬਿਆਨਦਿਆਂ ਉਨਾਂ ਦੱਸਿਆ ਕਿ 19 ਮਈ 1984 ਨੂੰ ਬੇਟੇ ਮਨਪ੍ਰੀਤ ਸਿੰਘ ਦਾ ਜਨਮ ਹੋਇਆ ਤਾਂ ਦੋਵੇਂ ਪਰਿਵਾਰਾਂ ਦੇ ਕਰੀਬੀ ਰਿਸ਼ਤੇਦਾਰ ਪਹਿਲੀ ਜੂਨ ਨੂੰ ਬੱਚੇ ਨੂੰ ਦੇਖਣ ਆਏ ਸਨ, ਪਰ ਉਦੋਂ ਸ੍ਰੀ ਦਰਬਾਰ ਸਾਹਿਬ ਅਤੇ ਆਸ-ਪਾਸ ਦੀ ਸਥਿਤੀ ਤਣਾਅਪੂਰਨ ਸੀ। ਉਸ ਦੇ ਪਤੀ ਰਛਪਾਲ ਸਿੰਘ ਨੂੰ ਸ਼ਾਇਦ ਇਸ ਅਣਹੋਣੀ ਦਾ ਪਹਿਲਾਂ ਹੀ ਤੌਖਲਾ ਹੋਣ 'ਤੇ ਰਿਸ਼ਤੇਦਾਰਾਂ ਨੂੰ ਪਹਿਲਾਂ ਹੀ ਵਾਪਸ ਭੇਜ ਦਿੱਤਾ ਸੀ। ਅਗਲੇ ਦਿਨ ਹੀ ਸੁਰੱਖਿਆ ਦਸਤਿਆਂ ਨੇ ਘੇਰਾ ਹੋਰ ਤੰਗ ਕਰ ਦਿੱਤਾ।



ਬੀਬੀ ਅਨੁਸਾਰ 4 ਜੂਨ ਨੂੰ 4.30 ਵਜੇ ਫ਼ੌਜ ਵੱਲੋਂ ਗੋਲੀਬਾਰੀ ਸ਼ੁਰੂ ਕਰਨ 'ਤੇ ਉਸਦੇ ਪਤੀ ਰਛਪਾਲ ਸਿੰਘ ਥਮਲਿਆਂ ਕੋਲੋਂ ਦੀ ਬਚਦੇ ਹੋਏ ਸੰਤਾਂ ਕੋਲ ਗਏ ਅਤੇ ਅਗਲੇਰੀ ਰਣਨੀਤੀ ਪੁੱਛੀ। ਉਸ ਨੇ ਦੱਸਿਆ ਕਿ ਕਮਰੇ ਤੋਂ ਉਤਰਦਿਆਂ ਹੀ ਸਿੰਘਾਂ ਨੇ ਮੋਰਚਾ ਸੰਭਾਲਿਆ ਸੀ। ਜਦੋਂ ਕਿ ਛੱਤ 'ਤੇ ਹਜ਼ੂਰ ਸਾਹਿਬ ਵਾਲੇ ਸਿੰਘ ਅਤੇ ਸੱਜੇ ਪਾਸੇ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵੱਲ ਅਕਾਲ ਫ਼ੈਡਰੇਸ਼ਨ ਦੇ ਸਿੰਘਾਂ ਨੇ ਮੋਰਚਿਆਂ ਵਿਚ ਪੁਜ਼ੀਸ਼ਨਾਂ ਲੈ ਰੱਖੀਆਂ ਸਨ। ਬੀਬੀ ਪ੍ਰੀਤਮ ਕੌਰ ਨੇ ਦੱਸਿਆ ਕਿ ਇਸੇ ਦਿਨ ਸਾਢੇ ਬਾਰਾਂ ਵਜੇ ਦੇ ਕਰੀਬ ਫ਼ੌਜ ਨੇ ਤੋਪ ਦੇ ਗੋਲਿਆਂ ਨਾਲ ਪਾਣੀ ਦੀ ਟੈਂਕੀ ਵਿਚ ਮਘੋਰੇ ਕਰ ਦਿੱਤੇ ਅਤੇ ਪਾਣੀ ਦੀ ਸਪਲਾਈ ਕੱਟ ਦਿੱਤੀ। ਉਸ ਦੇ ਪਤੀ ਨੇ ਉਸ ਨੂੰ ਬੱਚੇ ਸਮੇਤ ਹੇਠਾਂ ਇੱਕ ਕਮਰੇ ਵਿਚ ਭੇਜ ਦਿੱਤਾ, ਜਿੱਥੇ ਗੋਲੀ ਸਿੱਕਾ ਰੱਖਿਆ ਹੋਇਆ ਸੀ ਅਤੇ ਛੋਲਿਆਂ ਅਤੇ ਗੁੜ ਦੀਆਂ ਬੋਰੀਆਂ ਵੀ ਰੱਖੀਆਂ ਸਨ। ਕਮਰੇ ਦੇ ਰੌਸ਼ਨਦਾਨ ਦੀ ਜਾਲੀ ਫਾੜ ਕੇ ਉਸ ਦੇ ਪਤੀ ਨੇ ਐਲ ਐਮ ਜੀ (ਲਾਈਟ ਮਸ਼ੀਨ ਗੰਨ) ਫਿੱਟ ਕਰ ਰੱਖੀ ਸੀ ਜਦੋਂ ਕਿ ਸੰਤਾਂ ਨੇ ਉਸ ਨੂੰ ਤਿੰਨ ਮੋਰਚਿਆਂ ਤੱਕ ਸਾਜੋ ਸਾਮਾਨ ਸਮੇਤ ਗੋਲੀ ਸਿੱਕਾ ਪੁੱਜਦਾ ਕਰਨ ਦੀ ਡਿਊਟੀ ਵੀ ਲਗਾਈ ਸੀ। ਫ਼ੌਜ ਨੇ ਸ੍ਰੀ ਦਰਬਾਰ ਸਾਹਿਬ ਦੀ ਬਿਜਲੀ, ਪਾਣੀ ਅਤੇ ਟੈਲੀਫੋਨ ਵਰਗੀਆਂ ਸੇਵਾਵਾਂ ਨੂੰ ਪੂਰੀ ਤਰਾਂ ਠੱਪ ਕਰ ਦਿੱਤਾ ਸੀ। ਉਨਾਂ ਦੱਸਿਆ ਕਿ 5 ਜੂਨ ਨੂੰ ਬਾਬਾ ਦੀਪ ਸਿੰਘ ਪਰਿਕਰਮਾ ਕੋਲੋਂ ਦੀ ਟੈਂਕ ਦਾਖ਼ਲ ਹੋਇਆ, ਪਰ ਪਰਿਕਰਮਾ ਤੋਂ ਅੱਗੇ ਨਾ ਜਾ ਸਕਿਆ। ਪਤੀ ਨਾਲ ਆਖ਼ਰੀ ਪਲ਼ਾਂ ਸਬੰਧੀ ਪੁੱਛੇ ਜਾਣ 'ਤੇ ਉਨਾਂ ਕਿਹਾ ਕਿ 5 ਜੂਨ ਦੀ ਰਾਤ ਨੂੰ 12.15 ਵਜੇ ਦੇ ਕਰੀਬ ਰਛਪਾਲ ਸਿੰਘ ਕੀਰਤਨ ਸੋਹਿਲਾ ਪੜ ਰਹੇ ਸਨ ਅਤੇ ਉਹ ਬੱਚੇ ਨੂੰ ਦੁੱਧ ਚੁੰਘਾ ਰਹੀ ਸੀ ਜਦੋਂ ਕਿ ਬਾਹਰ ਗੋਲੀਆਂ ਦਾ ਮੀਂਹ ਵਰ ਰਿਹਾ ਸੀ। ਟੈਂਕਾਂ ਦੇ ਤਾਬੜਤੋੜ ਗੋਲਿਆਂ ਨੇ ਕਾਲੀ ਬੋਲੀ ਰਾਤ ਨੂੰ ਚਾਨਣ ਵਿੱਚ ਬਦਲ ਦਿੱਤਾ ਸੀ। ਇਸ ਦੌਰਾਨ ਫ਼ੌਜ ਦੀ ਇੱਕ ਗੋਲੀ ਉਸ ਦੇ ਸਰੀਰ 'ਚ ਲੰਘਦੀ ਹੋਈ ਉਸ ਦੀ ਛਾਤੀ ਨੂੰ ਚੀਰ ਗਈ।

ਇਸ ਮਗਰੋਂ ਮਨਪ੍ਰੀਤ ਦੀ ਮੌਤ ਹੋ ਗਈ ਅਤੇ ਸੇਵਾਦਾਰ ਕੁਲਵੰਤ ਸਿੰਘ ਨੇ ਬੱਚੇ ਦੀ ਲਾਸ਼ ਚੁੱਕ ਕੇ ਛੋਲਿਆਂ ਦੀ ਬੋਰੀ 'ਤੇ ਰੱਖ ਦਿੱਤੀ। ਇਸ ਮਗਰੋਂ ਫੌਜ ਨੇ ਬੀਬੀ ਪ੍ਰੀਤਮ ਕੌਰ ਨੂੰ ਗ੍ਰਿਫਤਾਰ ਕਰ ਲਿਆ। ਬੀਬੀ ਨੇ ਦੱਸਿਆ ਕਿ ਫ਼ੌਜ ਬਹੁਤ ਹੀ ਜ਼ਾਲਮਾਨਾ ਢੰਗ ਨਾਲ ਵਿਹਾਰ ਕਰ ਰਹੀ ਸੀ। ਇਸ ਮਗਰੋਂ 6 ਜੂਨ ਚੜ ਚੁੱਕੀ ਸੀ । ਸਿੰਘਾਂ ਕੋਲ ਟੈਂਕਾਂ ਦੇ ਮੁਕਾਬਲੇ ਲਈ ਹਥਿਆਰ ਨਹੀਂ ਸਨ, ਬਾਵਜੂਦ ਮੁਕਾਬਲਾ ਗਹਿਗਚ ਚੱਲ ਰਿਹਾ ਸੀ।

# ਮਿਹਰ ਸਿੰਘ ਕਲੋਨੀ ਦਾ ਹਵਾਈ ਹੀਰੋ



**ਡਾ. ਹਰਸ਼ਿੰਦਰ ਕੌਰ, ਐਮ. ਡੀ.**

ਜਿਹੜਾ ਵੀ ਜਣਾ ਪਟਿਆਲੇ ਦੁਖ ਨਿਵਾਰਨ ਗੁਰਦੁਆਰੇ ਗਿਆ ਹੋਵੇਗਾ, ਉਨ੍ਹਾਂ ਵਿੱਚੋਂ ਸ਼ਾਇਦ ਇੱਕ ਫੀਸਦੀ ਤੋਂ ਵੀ ਘੱਟ ਨੂੰ ਪਤਾ ਹੋਵੇਗਾ ਕਿ ਉਸ ਥਾਂ ਤੋਂ 200 ਮੀਟਰ ਦੂਰ ਮਿਹਰ ਸਿੰਘ ਕਲੋਨੀ ਹੈ, ਜਿੱਥੇ ਇੱਕ ਘਰ ਵਿਚ ਜਾਂਬਾਜ਼ ਬੱਬਰ ਸ਼ੇਰ ਰਹਿੰਦਾ ਸੀ ਜਿਸ ਨੇ ਇੱਕ ਨਹੀਂ, ਦੋ ਨਹੀਂ, ਅਨੇਕ ਰਿਕਾਰਡ ਤੋੜ ਕੇ ਆਪਣਾ ਨਾਂ ਇਤਿਹਾਸ ਵਿਚ ਅਮਰ ਕਰ ਲਿਆ ਹੋਇਆ ਹੈ।

ਮੋਟੀਆਂ ਅੱਖਾਂ, ਦਗ-ਦਗ ਕਰਦਾ ਚਿਹਰਾ ਤੇ ਚੌੜੀ ਛਾਤੀ ਵਾਲੇ ਮਿਹਰ ਸਿੰਘ ਉੱਤੇ ਰਬ ਦੀ ਅਪਾਰ ਕ੍ਰਿਪਾ ਸੀ। ਜਿਸ ਤਰੀਕੇ ਉਹ ਹਰ ਕਿਸੇ ਦੇ ਦਿਲ ਵਿਚ ਥਾਂ ਬਣਾ ਲੈਂਦਾ ਸੀ ਤੇ ਔਖੇ ਤੋਂ ਔਖੇ ਕੰਮ ਨੂੰ ਆਸਾਨੀ ਨਾਲ ਕਰ ਲੈਂਦਾ ਸੀ, ਸਾਰੇ ਸਾਥੀ ਉਸ ਨੂੰ ਪਿਆਰ ਤੇ ਸਤਿਕਾਰ ਨਾਲ 'ਮਿਹਰ ਬਾਬਾ' ਕਹਿ ਕੇ ਬੁਲਾਉਂਦੇ ਸਨ। ਭਾਰਤੀ ਏਅਰ ਫੋਰਸ ਦਾ 'ਬਾਬਾ ਬੋਹੜ' ਜਾਣਿਆ ਜਾਂਦਾ ਮਿਹਰ ਸਿੰਘ 20 ਮਾਰਚ 1915 ਨੂੰ ਫੈਸਲਾਬਾਦ ਪਾਕਿਸਤਾਨ ਵਿਚ ਸ੍ਰ. ਤਰਲੋਕ ਸਿੰਘ ਜੀ ਦੇ ਘਰ ਪੈਦਾ ਹੋਇਆ ਸੀ। ਵਿਸ਼ਵ ਜੰਗ ਦੂਜੀ ਅਤੇ ਹਿੰਦ ਪਾਕ ਜੰਗ (1947-48) ਵਿਚ ਜੌਹਰ ਵਿਖਾਉਣ ਵਾਲਾ ਮਿਹਰ ਸਿੰਘ ਉੱਚ ਕੋਟੀ ਦਾ ਲਿਖਾਰੀ ਵੀ ਸੀ।

ਜੰਗੀ ਪਾਇਲਟ ਮਿਹਰ ਬਾਬਾ ਨੇ 1936 ਤੋਂ 1948 ਤੱਕ ਸੇਨਾ ਵਿਚ ਸੇਵਾ ਨਿਭਾਈ।

ਭਾਰਤ ਸਰਕਾਰ ਵੱਲੋਂ ਉਸ ਨੂੰ 'ਉੱਤਮ ਹਵਾਈ ਸਿੱਖ' ਜਾਂ 'ਉੱਡਣਾ ਸਿੱਖ' ਵਜੋਂ ਕਹਿ ਕੇ ਸਨਮਾਨਿਆ ਜਾਂਦਾ ਰਿਹਾ। ਭਾਰਤ ਸਰਕਾਰ ਦੇ ਰਿਕਾਰਡ ਵਿਚ ਇਹ ਵੀ ਦਰਜ ਹੈ ਕਿ ਹਵਾਈ ਕਲਾਬਾਜ਼ੀਆਂ ਦੇ ਨਾਲ-ਨਾਲ ਹਵਾਈ ਜਹਾਜ਼ ਨੂੰ ਉਡਾਉਂਦਿਆਂ ਮਿਹਰ ਸਿੰਘ ਉਸੇ ਦਾ ਹੀ ਇੱਕ ਹਿੱਸਾ ਯਾਨੀ ਮਸ਼ੀਨ ਦਾ ਹੀ ਪੁਰਜ਼ਾ ਬਣ ਜਾਂਦਾ ਸੀ ਤੇ ਅਜਿਹੀਆਂ ਔਖੀਆਂ ਉਡਾਣਾਂ ਭਰਦਾ ਸੀ ਕਿ ਬਾਕੀ ਜਣੇ ਦੰਦਾਂ ਥੱਲੇ ਉਂਗਲਾਂ ਦਬਾ ਲੈਂਦੇ ਸਨ।

ਉਸ ਸਮੇਂ ਦੇ ਇੱਕੋ-ਇੱਕ ਮਹਾਨ ਹਵਾਈ ਯੋਧੇ ਵਜੋਂ ਜਾਣੇ ਜਾਂਦੇ ਮਿਹਰ ਸਿੰਘ ਬਾਰੇ ਜਨਰਲ ਵਿਲੀਅਮ ਸਲਿਮ ਦੇ ਵਿਚਾਰ ਸਨ-'ਸਕੁਐਡਰਨ ਲੀਡਰ ਮਿਹਰ ਸਿੰਘ ਤੋਂ ਮੈਨੂੰ ਬਹੁਤ ਆਸਾਂ ਹਨ। ਉਸ ਦੇ ਕੰਮ ਕਰਨ ਦੀ ਲਗਨ, ਵਿਹਾਰ ਤੇ ਲੀਡਰਸ਼ਿਪ ਦੀ ਬੇਮਿਸਾਲ ਜੁਗਤ ਨੇ ਮੈਨੂੰ ਏਨਾ ਪ੍ਰਭਾਵਿਤ ਕੀਤਾ ਹੈ ਕਿ ਮੈਂ ਇਹ ਮੰਨਦਾ ਹਾਂ, ਉਸ ਦੇ ਨਾਲ ਕੰਮ ਕਰਨ ਵਾਲੇ ਗਰੁੱਪ ਦੇ ਲੋਕ ਬਹੁਤ ਖੁਸ਼ਕਿਸਮਤ ਹਨ।'

ਕਮਾਲ ਦੀ ਗੱਲ ਇਹ ਹੈ ਕਿ ਇਸ ਹਵਾਈ ਜੋਧੇ ਨੇ ਅਣਖ ਤੇ ਗ਼ੈਰਤ ਨਾਲ ਨੌਕਰੀ ਕਰਦਿਆਂ ਜੋ ਇੱਜ਼ਤ ਕਮਾਈ, ਉਸ ਦਾ ਹਾਲੇ ਤੱਕ ਕੋਈ ਸਾਨੀ ਨਹੀਂ ਬਣ ਸਕਿਆ। ਭਾਰਤੀ ਹਵਾਈ ਫੌਜ ਦਾ ਇੱਕੋ ਇੱਕ ਸਰਵ ਉੱਚ ਸੇਵਾ ਸਨਮਾਨ ਮਾਰਚ 1944 ਵਿਚ ਕਾਰਜਕਾਰੀ ਲੀਡਰ ਮਿਹਰ ਸਿੰਘ ਨੂੰ ਹੀ ਦਿੱਤਾ ਗਿਆ ਸੀ।

ਸੰਨ 1933 ਵਿਚ ਕਰਾਚੀ ਵਿਚ ਕਾਇਮ ਹੋਈ ਸਕੁਐਡਰਨ ਵਿਚ 1936 ਵਿਚ ਇੱਕੋ ਇੱਕ ਭਾਰਤੀ ਸਕੁਐਡਰਨ ਲੀਡਰ ਬਤੌਰ ਪਾਇਲਟ ਸ਼ਾਮਲ ਹੋਣ ਵਾਲਾ ਮਿਹਰ ਸਿੰਘ ਹੀ ਸੀ। ਉਸ ਸਮੇਂ ਦੇ ਸਭ ਤੋਂ ਵੱਡੇ ਅਫਸਰ ਐੱਚ.ਐੱਮ. ਗਰੇਵ, ਏਅਰ ਵਾਈਸ ਮਾਰਸ਼ਲ ਵੱਲੋਂ, ਰਾਇਲ ਏਅਰ ਫੋਰਸ ਕਾਲਜ ਵਿਚ ਮਿਹਰ ਸਿੰਘ ਬਾਰੇ ਲਿਖਿਆ-ਅੰਗਰੇਜ਼ ਕੈਡਿਟਾਂ ਨਾਲ ਮੁਕਾਬਲਾ ਕਰਨਾ ਕੋਈ ਖਾਲਾ ਜੀ ਦਾ ਘਰ ਨਹੀਂ ਹੁੰਦਾ। ਜਿਸ ਕਿਸਮ ਦਾ ਸਿਰੜੀ, ਮਿਹਨਤੀ, ਸਿਦਕੀ ਅਤੇ ਜਾਂਬਾਜ਼ ਹਵਾਬਾਜ਼ ਮਿਹਰ ਸਿੰਘ ਹੈ, ਉਸ ਦਾ ਵਾਕਈ ਕੋਈ ਮੁਕਾਬਲਾ ਨਹੀਂ! ਬਾਕਮਾਲ ਹੌਸਲਾ! ਜਿੱਥੇ ਉਹ ਆਪਣੇ ਪੇਸ਼ੇ ਵਿਚ ਉੱਚ ਚੋਟੀ ਦਾ ਪਾਇਲਟ ਮੰਨਿਆ ਗਿਆ ਹੈ, ਉੱਥੇ ਹਾਕੀ ਦੇ ਖਿਡਾਰੀ ਵਜੋਂ ਵੀ ਉਸ ਦਾ ਕੋਈ ਸਾਨੀ ਨਹੀਂ। ਸਭ ਤੋਂ ਉੱਤਮ ਗੱਲ ਇਹ ਹੈ ਕਿ ਉਸ ਵਰਗਾ ਖ਼ੁਸ਼ ਦਿਲ ਤੇ ਹਰਮਨ ਪਿਆਰਾ ਕੋਈ ਹੋਰ ਹੈ ਹੀ ਨਹੀਂ। ਉਹ ਸਚਮੁੱਚ ਇੱਕ ਵਧੀਆ ਧਾਰਮਿਕ ਮਨੁੱਖ ਤੇ ਬੇਮਿਸਾਲ ਖਿਡਾਰੀ ਹੈ!

ਮਿਹਰ ਸਿੰਘ ਨੂੰ ਬਚਪਨ ਤੋਂ ਹੀ ਮਾਪਿਆਂ ਤੋਂ ਸਿੱਖੀ ਦੀ ਦਾਤ ਮਿਲੀ ਹੋਈ ਸੀ। ਇਸੇ ਲਈ ਮਿਹਰ ਸਿੰਘ ਸਰਬਤ ਦਾ ਭਲਾ ਮੰਗਦਿਆਂ ਹੀ ਵੱਡਾ ਹੋਇਆ ਸੀ। ਭਾਵੇਂ ਬੀ.ਐਸ.ਸੀ. ਪੜਦਿਆਂ ਹੀ ਉਸ ਨੂੰ ਅੰਗਰੇਜ਼ੀ ਭਾਰਤੀ ਏਅਰ ਫੋਰਸ ਵਿਚ ਕਮਿਸ਼ਨ ਮਿਲ ਗਿਆ ਸੀ ਤੇ ਦੁਨੀਆ ਦੇ ਚੋਟੀ ਦੇ ਹਵਾਈ ਸੇਨਾ ਟ੍ਰੇਨਿੰਗ ਸਕੂਲ ਕਰਾਨਵੈਲ, ਰਾਇਲ ਏਅਰ ਫੋਰਸ ਕਾਲਜ ਵਿਚ ਟ੍ਰੇਨਿੰਗ ਕਰਨ ਦਾ ਮੌਕਾ ਮਿਲਿਆ, ਪਰ ਫਿਰ ਵੀ ਉਹ ਸਿੱਖੀ ਸਿਦਕ ਨਾਲ ਭਰਪੂਰ ਨਿਮਰਤਾ ਤੇ ਨਿਡਰਤਾ ਦਾ ਅਜਬ ਸੁਮੇਲ ਸੀ।

ਟ੍ਰੇਨਿੰਗ ਦੌਰਾਨ ਇੱਕ ਵੀ ਅਜਿਹਾ ਅਧਿਕਾਰੀ ਨਹੀਂ ਸੀ, ਜਿਸ ਨੇ ਮਿਹਰ ਸਿੰਘ ਦੀ ਦਲੇਰੀ ਅਤੇ ਹੌਸਲੇ ਦੀ ਤਾਰੀਫ਼ ਨਾ ਕੀਤੀ ਹੋਵੇ। ਅੱਜ ਤੱਕ ਦੇ ਰਿਕਾਰਡ ਵਿਚ ਅਜਿਹਾ ਕਦੇ ਨਹੀਂ ਹੋਇਆ ਕਿ ਕਿਸੇ ਵੀ ਅਫ਼ਸਰ ਨੂੰ ਆਪਣੇ ਕੈਡਟ ਤੋਂ ਕਦੇ ਸ਼ਿਕਾਇਤ ਨਾ ਹੋਈ ਹੋਵੇ। ਪਰ ਮਿਹਰ ਸਿੰਘ ਦੇ ਵਿਹਾਰ ਤੇ ਸਖ਼ਤ ਮਿਹਨਤੀ ਸੁਭਾਅ ਨੇ ਹਰ ਕਿਸੇ ਨੂੰ ਕੀਲ ਲਿਆ ਸੀ।

ਸੰਨ 1937 ਵਿਚ ਜਦੋਂ ਕਬਾਇਲੀਆਂ ਨੇ ਮਿਹਰ ਸਿੰਘ ਦੇ ਹਵਾਈ ਜਹਾਜ਼ ਉੱਤੇ ਹੱਲਾ ਬੋਲਿਆ ਤੇ ਜਹਾਜ਼ ਨੂੰ ਅੱਗ ਲੱਗ ਗਈ ਤਾਂ ਮਿਹਰ ਸਿੰਘ ਨੇ ਜਿਸ ਦਲੇਰਾਨਾ ਢੰਗ ਨਾਲ ਵਾਪੀਤੀ ਵਿਖੇ ਕਰੈਸ਼ ਲੈਂਡਿੰਗ ਕਰਦਿਆਂ ਪਹਾੜੀ ਇਲਾਕੇ ਵਿਚ ਜਹਾਜ਼ ਉਤਾਰਿਆ, ਅਫਸਰਾਂ ਨੂੰ ਯਕੀਨ ਹੀ ਨਹੀਂ ਸੀ ਕਿ ਉਹ ਜ਼ਿੰਦਾ ਬਚ ਸਕਦਾ ਸੀ।

ਉਸ ਸੂਰਮੇ ਨੇ ਆਪਣੀ ਬੰਦੂਕ ਨਾਲ ਲੈ ਕੇ, ਪਹਾੜੀ ਗੁਫ਼ਾ ਵਿਚ ਲੁਕ ਕੇ ਨਾ ਸਿਰਫ਼ ਕਬਾਇਲੀਆਂ ਦਾ ਸਾਹਮਣਾ ਕੀਤਾ, ਬਲਕਿ ਬਿਨਾਂ ਨਕਸ਼ੇ ਦੇ, ਪੈਦਲ ਤੁਰ ਕੇ ਪਹਾੜੀ ਰਾਹ ਵਿੱਚੋਂ ਵਾਪਸ ਆਪਣੇ ਇਲਾਕੇ ਵਿਚ ਪਹੁੰਚ ਕੇ ਵਿਖਾ ਦਿੱਤਾ।

ਜਨਰਲ ਵਿਲਿਅਮ ਸਲਿਮ ਲਈ ਇਹ ਕਰਾਮਾਤ ਤੋਂ ਘੱਟ ਨਹੀਂ ਸੀ। ਇਸੇ ਲਈ ਮਜਬੂਰ ਹੋ ਕੇ ਉਸ ਨੂੰ ਲਿਖਣਾ ਪਿਆ, 'ਨੌਜਵਾਨ ਸਿੱਖ ਸਕੁਐਡਰਨ ਲੀਡਰ ਮਿਹਰ ਸਿੰਘ ਨੂੰ ਹਵਾਈ ਭਾਰਤੀ ਫੌਜ ਦੀਆਂ ਅੱਖਾਂ' ਦਾ ਖ਼ਿਤਾਬ ਮਿਲਣਾ ਚਾਹੀਦਾ ਹੈ! ਇਹ ਪਾਇਲਟ ਕਿੱਥੇ ਹੈ, ਇਹ ਤਾਂ ਜਹਾਜ਼ ਦਾ ਹੀ ਇੱਕ ਪੁਰਜ਼ਾ ਬਣ ਕੇ ਜੰਗ ਲੜਦਾ ਹੈ। ਇਸ ਦੇ ਅਧੀਨ ਕੰਮ ਕਰਦੀ ਪੂਰੀ ਯੂਨਿਟ ਹੀ ਬਹੁਤ ਖ਼ੁਸ਼, ਅਸਰਦਾਰ ਤੇ ਮਿਸਾਲੀ ਬਣ ਜਾਂਦੀ ਹੈ।'

ਹਵਾਈ ਸੈਨਾ ਦੇ ਪਹਿਲੇ 6 ਚੋਟੀ ਦੇ ਚੁਣੇ ਅਫ਼ਸਰਾਂ ਵਿੱਚੋਂ ਇੱਕ ਮਿਹਰ ਸਿੰਘ ਸੀ। ਮਿਹਰ ਸਿੰਘ ਅਧੀਨ ਕੰਮ ਕਰਦੀ 6 ਸਕੁਐਡਰਨ ਇੰਡੀਅਨ ਏਅਰ ਫੋਰਸ ਤੇ ਹਾਕਰ ਹਰੀਕੇਨ ਹਵਾਈ ਜਹਾਜ਼ ਨੂੰ ਵਾਕਈ ਉਸ ਸਮੇਂ 'ਫੌਜ ਦੀਆਂ ਅੱਖਾਂ' ਹੀ ਮੰਨ ਲਿਆ ਗਿਆ ਸੀ। ਉਸ ਸਮੇਂ ਵੀ ਕਮਾਂਡਰ, ਜਨਰਲ ਵਿਲੀਅਮ ਸਲਿਮ ਹੀ ਸੀ।

ਗੱਲ ਹਿੰਦ ਪਾਕ ਜੰਗ, 1947-48 ਦੀ ਕਰੀਏ ਤਾਂ ਮਿਹਰ ਸਿੰਘ ਨੇ ਜੋ ਕਮਾਲ ਵਿਖਾਇਆ, ਪੂਰੇ ਹਿੰਦੁਸਤਾਨ ਨੂੰ ਉਸ ਉੱਤੇ ਨਾਜ਼ ਹੋ ਗਿਆ।

26 ਅਕਤੂਬਰ 1947 ਨੂੰ ਸਿੱਖ ਰੈਜਮੈਂਟ ਯੂਨਿਟ ਨੂੰ ਸ੍ਰੀਨਗਰ ਪਹੁੰਚਾਉਣਾ ਸੀ। ਇਸ ਦਾ ਮੁਖੀ ਲੈਫ. ਕਰਨਲ ਦੀਵਾਨ ਰਣਜੀਤ ਰਾਏ ਸੀ। ਪੂਰੀ ਦੀ ਪੂਰੀ ਬ੍ਰਿਗੇਡ ਨੂੰ ਉੱਥੇ ਹਵਾਈ ਜਹਾਜ਼ ਰਾਹੀਂ ਪਹੁੰਚਾਉਣ ਦੀ ਜ਼ਿੰਮੇਵਾਰੀ ਮਿਹਰ ਸਿੰਘ ਨੂੰ ਦਿੱਤੀ ਗਈ। ਇਸ ਤਰਾਂ ਮਿਹਰ ਸਿੰਘ ਪਹਿਲਾ ਪਾਇਲਟ ਬਣ ਗਿਆ ਜਿਸ ਨੇ ਉੱਥੇ 5 ਦਿਨਾਂ ਵਿਚ ਸਾਰਾ ਕੰਮ ਮੁਕੰਮਲ ਕਰ ਦਿੱਤਾ।

ਲਾਰਡ ਮਾਊਂਟਬੈਟਨ ਨੂੰ ਉਸ ਸਮੇਂ ਮਜਬੂਰ ਹੋ ਕੇ ਕਹਿਣਾ ਪਿਆ ਕਿ ਉਸ ਨੇ ਪੂਰੀ ਉਮਰ ਅਜਿਹਾ ਜਾਂਬਾਜ਼ ਹਵਾਈ ਸਿੱਖ ਨਹੀਂ ਵੇਖਿਆ ਜਿਸ ਨੇ ਏਨੀ ਫੁਰਤੀ ਨਾਲ ਕੰਮ ਨਬੇੜਿਆ ਹੋਵੇ। ਉਸ ਤੋਂ ਬਾਅਦ ਮਿਹਰ ਸਿੰਘ ਨੇ ਹਵਾਈ ਪੁਲ ਤਿਆਰ ਕੀਤਾ ਤੇ ਪਹਿਲਾ ਹਵਾਈ ਜਹਾਜ਼ ਪੁੰਛ ਏਅਰਪੋਰਟ ਉੱਤੇ ਉਤਾਰਿਆ। ਇਹ ਹੁਣ ਤੱਕ ਦੀ ਸਭ ਤੋਂ ਔਖੀ ਉਡਾਣ ਮੰਨੀ ਜਾ ਚੁੱਕੀ ਹੈ ਜਿਸ ਦੇ ਤਿੰਨ ਪਾਸੇ ਦਰਿਆ ਤੇ ਚੌਥੇ ਪਾਸੇ ਤਿੱਖੀ ਢਲਾਣ ਸੀ।

ਉਸ ਜਹਾਜ਼ ਵਿਚ, ਜਿਸ ਵਿਚ ਸਿਰਫ਼ ਇਕ ਟਨ ਭਾਰ ਚੁੱਕਿਆ ਜਾ ਸਕਦਾ ਸੀ, ਮਿਹਰ ਸਿੰਘ ਨੇ ਤਿੰਨ ਟਨ ਭਾਰ ਲੱਦ ਕੇ, ਬਿਨਾਂ ਕਿਸੇ 'ਲੈਂਡਿੰਗ ਏਡ' ਦੇ, ਬਿਨਾਂ ਸਹਾਇਕ ਦੇ, ਰਾਤ ਨੂੰ ਤੇਲ ਦੇ ਦੀਵਿਆਂ ਦੇ ਸਹਾਰੇ ਉਸ ਔਖੀ ਥਾਂ ਉੱਤੇ ਜਹਾਜ਼ ਉਤਾਰ ਦਿੱਤਾ।

ਚੁਫ਼ੇਰੇ ਇਸ ਬਹਾਦਰੀ ਦੇ ਕਾਰਨਾਮੇ ਦੀ ਰੱਜ ਕੇ ਚਰਚਾ ਵੀ ਹੋਈ ਤੇ ਬੱਲੇ ਬੱਲੇ ਵੀ। ਲੇਹ ਲੱਦਾਖ ਵਿਖੇ ਜਹਾਜ਼ ਉਤਾਰਨ ਦਾ ਢੰਗ ਵੀ ਮਿਹਰ ਸਿੰਘ ਨੇ ਪਹਿਲੀ ਉਡਾਣ ਭਰ ਕੇ ਸਭ ਨੂੰ ਸਿਖਾਇਆ।

ਉਸ ਦੀ ਹਿੰਮਤ ਤੇ ਉੱਡਣ ਕਲਾ ਨੂੰ ਪ੍ਰਤੱਖ ਵੇਖਣ ਲਈ ਮੇਜਰ ਜਨਰਲ ਕੇ.ਐੱਸ ਥਿਮਈਆ ਨੇ ਆਪ ਮਿਹਰ ਸਿੰਘ ਦੇ ਨਾਲ ਬਹਿ ਕੇ ਹਿਮਾਲਿਆ ਦਾ ਦੌਰਾ ਕੀਤਾ ਤੇ 24,000 ਫੁੱਟ ਉੱਚੀ ਉਡਾਣ ਦੇ ਰਾਹੀਂ ਜੋਜ਼ੀਲਾ ਪਾਸ ਵੇਖ ਅਸ਼ ਅਸ਼ ਕਰ ਉੱਠੇ। ਅਤਿ ਤਾਂ ਉਦੋਂ ਹੋਈ ਜਦੋਂ ਬਿਨਾਂ ਨਕਸ਼ੇ ਦੇ, ਬਿਨਾਂ ਬਰਫ਼ ਪਿਘਲਾਉਣ ਵਾਲੇ ਜੰਤਰਾਂ ਦੇ ਅਤੇ ਬਿਨਾਂ ਕੈਬਿਨ ਅੰਦਰਲਾ ਦਬਾਓ ਘਟਾਇਆਂ, 11,540 ਫੁੱਟ ਉੱਤੇ ਇੰਡਸ ਦਰਿਆ ਦੇ ਨਾਲ ਨਿਰੋਲ ਰੇਤਲੀ ਪੱਟੀ ਉੱਤੇ ਹਵਾਈ ਜਹਾਜ਼ ਉਤਾਰ ਕੇ ਵਿਖਾ ਦਿੱਤਾ।

ਇਸ ਤਰਾਂ ਦੀ ਕਲਾ ਸਿਰਫ਼ ਕੋਈ ਕ੍ਰਾਂਤੀਕਾਰੀ ਯੋਧਾ ਹੀ ਵਿਖਾ ਸਕਦਾ ਸੀ। ਇਸੇ ਲਈ ਹਾਲੇ ਤੱਕ ਮਿਹਰ ਸਿੰਘ ਦਾ ਕੋਈ ਸਾਨੀ ਨਹੀਂ ਬਣ ਸਕਿਆ।

ਸਰਵ-ਉੱਚ ਸੇਵਾ ਸਨਮਾਨ, ਜੋ ਮਾਰਚ 1944 ਨੂੰ ਮਿਹਰ ਸਿੰਘ ਨੂੰ ਦਿੱਤਾ ਗਿਆ, ਉਹ ਹਾਲੇ ਤੱਕ ਸਿਰਫ਼ ਉਸੇ ਦੇ ਹਿੱਸੇ ਆਇਆ ਹੈ। ਹੋਰ ਕਿਸੇ ਭਾਰਤੀ ਹਵਾਬਾਜ਼ ਨੂੰ ਇਹ ਨਹੀਂ ਦਿੱਤਾ ਗਿਆ। ਉਸ ਨੂੰ ਦਿੱਤੇ ਸਨਮਾਨ ਪੱਤਰ ਵਿਚ ਲਿਖਿਆ ਸੀ :- 'ਇਸ ਅਫਸਰ ਨੇ ਅਣਗਿਣਤ ਔਖੇ ਅਪਰੇਸ਼ਨਾਂ ਨੂੰ ਸਫਲਤਾ-ਪੂਰਵਕ ਨੇਪਰੇ ਚੜਾਇਆ ਹੈ। ਜਿਸ ਕਲਾ, ਹਿੰਮਤ, ਦ੍ਰਿੜਤਾ, ਉਤਸਾਹ ਤੇ ਬਹਾਦਰੀ ਦਾ ਪ੍ਰਗਟਾਵਾ ਮਿਹਰ ਸਿੰਘ ਨੇ ਕੀਤਾ, ਉਸ ਨੇ ਇਸ ਨੂੰ ਹੁਣ ਤੱਕ ਦਾ ਸਭ ਤੋਂ ਵਧੀਆ ਲੀਡਰ ਸਾਬਤ ਕਰ ਦਿੱਤਾ ਹੈ। ਇਸ ਜੁਝਾਰੂ ਅਫ਼ਸਰ ਨੇ ਸਭ ਤੋਂ ਵਡਮੁੱਲੀ ਸੇਵਾ ਕਰ ਕੇ ਆਪਣਾ ਤੇ ਦੇਸ਼ ਦਾ ਨਾਂ ਉੱਚਾ ਕਰ ਦਿੱਤਾ ਹੈ।'

26 ਜਨਵਰੀ 1950 ਨੂੰ ਏਅਰ ਕਮਾਂਡਰ ਮਿਹਰ ਸਿੰਘ ਨੂੰ ਭਾਰਤੀ ਹਥਿਆਰਬੰਦ ਸੇਨਾ ਵਿਚ ਵਿਲੱਖਣ ਪਛਾਣ ਕਾਇਮ ਕਰਨ ਸਦਕਾ ਦੂਜੇ ਸਭ ਤੋਂ ਵੱਡੇ ਤਮਗੇ- 'ਮਹਾਵੀਰ ਚੱਕਰ' ਦੇ ਕੇ ਸਨਮਾਨਿਤ ਕੀਤਾ ਗਿਆ।

ਉਸ ਸਨਮਾਨ ਪੱਤਰ ਵਿਚ ਲਿਖਿਆ ਗਿਆ :- 'ਜੰਮੂ ਕਸ਼ਮੀਰ ਵਿਚ ਏਅਰ ਕਮਾਂਡਰ ਮਿਹਰ ਸਿੰਘ ਨੇ ਲਾਮਿਸਾਲ ਬਹਾਦਰੀ ਵਿਖਾਉਂਦਿਆਂ, ਖ਼ਤਰਿਆਂ ਨਾਲ ਜੂਝਦਿਆਂ, ਦ੍ਰਿੜਤਾ-ਪੂਰਵਕ ਅਗਵਾਈ ਕਰਦਿਆਂ ਜੋ ਪੂਰੀ ਸੈਨਾ ਲਈ ਮਿਸਾਲ ਕਾਇਮ ਕੀਤੀ ਹੈ, ਉਸ ਦਾ ਕੋਈ ਸਾਨੀ ਨਹੀਂ। ਪੁੰਛ ਤੇ ਲੇਹ ਵਿਖੇ ਹਵਾਈ ਜਹਾਜ਼ ਉਡਾਉਣ ਵਾਲਾ ਤੇ ਐਮਰਜੈਂਸੀ ਲੈਂਡਿੰਗ ਕਰਨ ਵਾਲਾ ਪਹਿਲਾ ਪਾਇਲਟ ਮਿਹਰ ਸਿੰਘ ਹੈ ਜਿਸ ਨੇ ਇਹ ਵੇਖਦਿਆਂ ਕਿ ਜਾਨ ਨੂੰ ਖ਼ਤਰਾ ਹੈ, ਆਪਣੇ ਜੂਨੀਅਰ ਪਾਇਲਟਾਂ ਦੀ ਜਾਨ ਖ਼ਤਰੇ ਵਿਚ ਪਾਉਣ ਦੀ ਥਾਂ ਆਪ ਗੰਭੀਰ ਖ਼ਤਰਾ ਸਹੇੜਿਆ। ਉਸ ਨੇ ਆਪਣੀ ਜਾਨ ਹਥੇਲੀ ਉੱਤੇ ਧਰ, ਆਪਣੀ ਡਿਊਟੀ ਦਾ ਹਿੱਸਾ ਨਾ ਹੁੰਦਿਆਂ ਹੋਇਆਂ ਵੀ ਇਹ ਕਾਰਜ ਨੇਪਰੇ ਚਾੜ ਕੇ ਆਪਣੇ ਸਾਥੀਆਂ ਤੇ ਹੇਠਲਿਆਂ ਵਿਚ ਵਿਸ਼ਵਾਸ ਤੇ ਜੋਸ਼ ਪੈਦਾ ਕਰ ਦਿੱਤਾ।'

ਏਨੀ ਪ੍ਰਤਿਭਾ ਤੇ ਪ੍ਰਸ਼ੰਸਾ ਹੋਰਨਾਂ ਤੋਂ ਕਿੱਥੇ ਜਰੀ ਜਾਂਦੀ ਹੈ। ਏਸੇ ਲਈ ਮਿਹਰ ਸਿੰਘ ਤੋਂ ਉੱਚੇ ਅਹੁਦੇ ਉੱਤੇ ਬੈਠਿਆਂ ਨੂੰ ਸਾੜਾ ਲੱਗਣ ਲੱਗ ਪਿਆ। ਜਦੋਂ ਕਿਸੇ ਪਾਸਿਓਂ ਅੜਿੱਕੇ ਨਾ ਆਇਆ ਤਾਂ ਫਿਰਕੂ ਭਾਵਨਾਵਾਂ ਉਜਾਗਰ ਕਰ ਕੇ ਫੌਜ ਦੀ ਨਿੱਕੀ ਮੋਟੀ ਖ਼ਰੀਦ ਵਿਚ ਹੇਰ ਫੇਰ ਦਾ ਇਲਜ਼ਾਮ ਲਾਉਣ ਦੀ ਕੋਸ਼ਿਸ਼ ਕੀਤੀ, ਪਰ ਨਾਕਾਮ ਰਹੇ। ਫਿਰ ਫੌਜ ਵਿਚ ਨਿਯਮਾਂ ਤੋਂ ਉਲਟ ਬਦਲੀਆਂ ਕਰਨ ਦਾ ਇਲਜ਼ਾਮ ਲਾਇਆ ਜੋ ਸਿੱਧ ਨਾ ਹੋ ਸਕਿਆ। ਉਸ ਤੋਂ ਬਾਅਦ ਫੌਜ ਵਿਚਲਾ 'ਡਸਿਪਲਿਨ' ਅਤੇ ਮਜ਼ਬੂਤੀ ਕਾਇਮ ਨਾ ਰੱਖ ਸਕਣ ਬਾਰੇ ਗੱਲ ਚੁੱਕੀ ਤਾਂ ਮਿਹਰ ਸਿੰਘ ਨੇ ਇਸ ਕਲੇਸ਼ ਵਿਚ ਸੀਨੀਅਰ ਅਫ਼ਸਰਾਂ ਨਾਲ ਉਲਝਣ ਨਾਲੋਂ ਅਸਤੀਫ਼ਾ ਦੇਣਾ ਬਿਹਤਰ ਸਮਝਿਆ।

ਮਿਹਰ ਸਿੰਘ ਦੀ ਜ਼ਿੰਦਗੀ ਦਾ ਇਹ ਸਭ ਤੋਂ ਔਖਾ ਨਿਰਣਾ ਸੀ। ਜਾਨ ਜੋਖ਼ਮ ਵਿਚ ਪਾਉਣ ਵਾਲਾ ਤੇ ਬਿਨਾਂ ਸੋਚੇ ਸਮਝੇ ਅੱਗ ਵਿਚ ਕੁੱਦ ਜਾਣ ਵਾਲਾ ਮਿਹਰ ਸਿੰਘ ਆਪਣੀ ਅਣਖ ਬਰਕਰਾਰ ਰੱਖਣ ਵਾਸਤੇ ਦਿਲ ਉੱਤੇ ਪੱਥਰ ਰੱਖ ਕੇ ਹਵਾਈ ਫੌਜ ਨੂੰ ਅਲਵਿਦਾ ਕਹਿ ਗਿਆ। ਸਾਥੀਆਂ ਦਾ ਮਨੋਬਲ ਉੱਚਾ ਚੁੱਕਣ ਵਾਲਾ, ਹਵਾਈ ਫੌਜ ਨੂੰ ਮਾਣ ਸਨਮਾਨ ਦਵਾਉਣ ਵਾਲਾ ਤੇ ਉੱਤਮ ਗੁਣਾਂ ਨਾਲ ਭਰਪੂਰ, ਸੂਰਮਿਆਂ ਦਾ ਸੂਰਮਾ, ਮੌਤ ਨੂੰ ਮਖੌਲਾਂ ਕਰਨ ਵਾਲਾ ਮਿਹਰ ਸਿੰਘ ਆਪਣੀ ਪ੍ਰਤਿਸ਼ਠਾ ਅਤੇ ਈਮਾਨਦਾਰੀ ਨੂੰ ਦਾਗ਼ੀ ਹੋਣ ਤੋਂ ਬਚਾਉਣ ਲਈ ਅਸਤੀਫ਼ਾ ਦੇਣ ਉੱਤੇ ਮਜਬੂਰ ਹੋ ਗਿਆ।

ਏਨੇ ਪ੍ਰਤਿਸ਼ਠਿਤ ਹਵਾਈ ਸਿੱਖ ਨੂੰ ਝਟਪਟ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਨੇ ਆਪਣੇ ਨਾਲ ਬਤੌਰ ਨਿਜੀ ਐਡਵਾਈਜ਼ਰ ਰੱਖ ਲਿਆ।

ਏਅਰ ਮਾਰਸ਼ਲ ਅਸਗਰ ਖ਼ਾਨ, ਹਿੰਦ-ਪਾਕ ਵੰਡ ਤੋਂ ਪਹਿਲਾਂ ਮਿਹਰ ਸਿੰਘ ਦੇ ਅਧੀਨ ਹੀ ਕੰਮ ਸਿੱਖਦੇ ਰਹੇ ਸਨ। ਵੰਡ ਤੋਂ ਬਾਅਦ ਉਹ ਪਾਕਿਸਤਾਨ ਏਅਰ ਫੋਰਸ ਦੇ ਚੀਫ਼ ਆਫ ਏਅਰ ਸਟਾਫ਼ ਬਣੇ। ਉਨ੍ਹਾਂ ਲਿਖਿਆ- 'ਸਿਵਾਏ ਮਿਹਰ ਸਿੰਘ ਜੀ ਦੇ, ਇੱਕ ਵੀ ਅਜਿਹਾ ਕੋਈ ਹੋਰ ਜਾਂਬਾਜ਼ ਸਕੁਐਡਰਨ ਲੀਡਰ ਨਹੀਂ ਸੀ ਜਿਸ ਨੂੰ ਵੱਡੇ-ਛੋਟੇ, ਸਭ ਨਾਲ ਇੱਜ਼ਤ ਨਾਲ ਪੇਸ਼ ਆਉਣ ਦਾ ਵੱਲ ਆਉਂਦਾ ਹੋਵੇ। ਹਰ ਕਿਸੇ ਨੂੰ ਮੁਹੱਬਤ ਕਰਦਿਆਂ, ਮਿਸਾਲੀ ਦਲੇਰੀ ਵਿਖਾ ਕੇ ਪ੍ਰੇਰਣਾ, ਹਿੰਮਤ, ਵਿਸ਼ਵਾਸ ਤੇ ਭਰੋਸੇ ਨਾਲ ਲਬਾਲਬ ਕਰਨ ਵਾਲੀ ਸ਼ਖਸੀਅਤ ਸਨ ਮਿਹਰ ਸਿੰਘ।'

ਪਰਮ ਵਸ਼ਿਸ਼ਟ-ਸ੍ਰੇਸ਼ਠ ਸਿੱਖ ਏਅਰ ਕਮਾਂਡਰ ਮਿਹਰ ਸਿੰਘ ਨੇ ਮਹਾਰਾਜਾ ਪਟਿਆਲਾ ਨਾਲ ਰਹਿ ਕੇ ਸ਼ਾਨਦਾਰ ਸੇਵਾ ਨਿਭਾਈ। ਮਿਹਰ ਸਿੰਘ ਦੇ ਨਾਲ ਤੇ ਮਾਤਹਿਤ ਕੰਮ ਕਰਦੇ ਅਫ਼ਸਰ ਅਤੇ ਉਨ੍ਹਾਂ ਦੇ ਬੱਚਿਆਂ ਦੇ ਬੱਚੇ ਵੀ ਅੱਜ ਤਾਈਂ ਮਿਹਰ ਸਿੰਘ ਵਰਗੀ ਸ਼ਖ਼ਸੀਅਤ ਨੂੰ ਨਹੀਂ ਭੁਲਾ ਸਕੇ।

ਮਿਹਰ ਸਿੰਘ ਬਾਰੇ ਇਹ ਲਿਖਿਆ ਮਿਲਦਾ ਹੈ ਕਿ 16 ਮਾਰਚ ਸੰਨ 1952 ਨੂੰ ਰਾਤ ਵੇਲੇ ਜੰਮੂ ਤੋਂ ਦਿੱਲੀ ਵੱਲ ਹਵਾਈ ਜਹਾਜ਼ ਉਡਾਉਂਦਿਆਂ ਰਾਹ ਵਿਚ ਤਗੜੇ ਤੂਫ਼ਾਨ ਦਾ ਸਾਹਮਣਾ ਕਰਦਿਆਂ ਮਿਹਰ ਸਿੰਘ ਨੂੰ ਰੱਬ ਨੇ ਸਾਡੇ ਕੋਲੋਂ ਖੋਹ ਲਿਆ।

ਪ੍ਰਭਾਵਸ਼ਾਲੀ, ਪ੍ਰਤਿਭਾਵਾਨ ਤੇ ਮਾਣਮੱਤੀ ਸ਼ਖ਼ਸੀਅਤ, ਜਿਸ ਨੇ ਮਹਿਜ਼ 12 ਸਾਲਾਂ ਦੀ ਫੌਜੀ ਨੌਕਰੀ ਵਿਚ ਏਨੇ ਸਨਮਾਨ ਜਿੱਤੇ ਕਿ ਕੋਈ ਉਸ ਦੀ ਹਾਲੇ ਤੱਕ ਬਰਾਬਰੀ ਨਹੀਂ ਕਰ ਸਕਿਆ, ਦੀ ਯਾਦ ਨੂੰ ਸਦੀਵੀ ਬਣਾਉਣ ਲਈ ਏਅਰ ਕਮਾਂਡਰ ਮਿਹਰ ਸਿੰਘ ਦੇ ਨਾਂ ਉੱਤੇ ਭਾਰਤੀ ਹਵਾਈ ਸੈਨਾ ਨੇ ਐਵਾਰਡ ਰੱਖ ਦਿੱਤਾ ਹੈ।

ਸੰਨ 2018 ਵਿਚ 'ਮਿਹਰ ਬਾਬਾ ਐਵਾਰਡ' ਜਾਰੀ ਕੀਤਾ ਗਿਆ, ਜਿਹੜਾ ਹਰ ਸਾਲ ਉਸ ਵਿਦਵਾਨ ਫੌਜੀ ਨੂੰ ਦਿੱਤਾ ਜਾਂਦਾ ਹੈ ਜਿਸ ਨੇ ਡਰੋਨ ਬਣਾਉਣ ਦੀ ਕਲਾ ਵਿਚ ਅਣਕਿਆਸੀ ਮੁਹਾਰਤ ਹਾਸਲ ਕੀਤੀ ਹੋਵੇ।

ਭਾਰਤੀ ਹਵਾਈ ਫੌਜ ਨੇ ਤਾਂ ਮਿਹਰ ਸਿੰਘ ਦੀ ਅਦੁੱਤੀ ਬਹਾਦਰੀ ਨੂੰ ਅਮਰ ਕਰ ਦਿੱਤਾ। ਸਵਾਲ ਇਹ ਉੱਠਦਾ ਹੈ ਕਿ ਆਖ਼ਰ ਕਦੋਂ ਤੱਕ ਸਾਡੇ ਦੇ ਭਰੇ ਕੁੱਝ ਲੋਕ ਭਾਰਤ ਦੀ ਹਿੱਕ ਉੱਤੇ, ਮੈਦਾਨ-ਏ-ਜੰਗ ਵਿਚ ਜੂਝਣ ਵਾਲੇ ਜੁਝਾਰੂ ਜੋਧਿਆਂ ਦੇ ਮਾਣ ਸਨਮਾਨ ਉੱਤੇ ਵੱਟਾ ਲਾ ਕੇ ਇਤਿਹਾਸ ਨੂੰ ਤਰੋੜ ਮਰੋੜ ਕੇ ਪੇਸ਼ ਕਰਦੇ ਰਹਿਣਗੇ?

ਸਵਾਲ ਤਾਂ ਇਹ ਵੀ ਹੈ ਕਿ ਅਸੀਂ ਮਿਹਰ ਸਿੰਘ ਵਰਗੇ ਹੀਰੇ ਦੀ ਲਿਸ਼ਕ ਫਿੱਕੀ ਤਾਂ ਨਹੀਂ ਪਾ ਦਿੱਤੀ? ਕੀ ਅਸੀਂ ਮਿਹਰ ਸਿੰਘ ਕਲੋਨੀ ਵੱਲ ਕਦੇ ਗੇੜਾ ਮਾਰਿਆ? ਕੀ ਅਸੀਂ ਜਾਂਬਾਜ਼ ਬੱਬਰ ਸ਼ੇਰ ਬਾਰੇ ਆਪਣੀ ਕੌਮ ਨਾਲ ਪਲ ਸਾਂਝੇ ਕੀਤੇ? ਕੀ ਉਸ ਦੀ ਯਾਦ ਤਾਜ਼ਾ ਰੱਖਣ ਲਈ ਕੋਈ ਉਪਰਾਲਾ ਕੀਤਾ? ਕੀ ਹਮੇਸ਼ਾ ਹੀ ਜਦੋਂ ਕੋਈ ਸਿੱਖ ਵਿਲੱਖਣ ਹਿੰਮਤ ਵਿਖਾਉਣ ਸਦਕਾ ਉਚੇਰੀ ਪਦਵੀ ਹਾਸਲ ਕਰੇਗਾ, ਤਾਂ ਹਰ ਵਾਰ ਫਿਰਕੂ ਭਾਵਨਾਵਾਂ ਦਾ ਹੀ ਸ਼ਿਕਾਰ ਹੁੰਦਾ ਰਹੇਗਾ? ਆਓ ਮਨਾਂ ਵਿਚਲੇ ਪਾੜ ਮਿਟਾ ਕੇ, ਇਕਜੁੱਟ ਹੋ ਕੇ, ਕੌਮ ਦੀ ਚੜਦੀ ਕਲਾ ਵਿਚ ਆਪੋ ਆਪਣਾ ਯੋਗਦਾਨ ਪਾਈਏ ਅਤੇ ਆਪਣੇ ਮਾਣਮੱਤੇ ਪਿਛੋਕੜ ਵਿਚਲੇ 'ਹੀਰੋ' ਹਮੇਸ਼ਾ ਯਾਦ ਰੱਖੀਏ!

# ਮਲੇਰਕੋਟਲਾ ਦਾ ਨਵਾਬ ਸ਼ੇਰ ਮੁਹੰਮਦ ਖ਼ਾਂ

**ਅਲੀ ਰਾਜਪੁਰਾ**

ਨਵਾਬ ਸ਼ੇਰ ਮੁਹੰਮਦ ਖ਼ਾਂ ਦਾ ਜਨਮ ਪਿਤਾ ਨਵਾਬ ਫਿਰੋਜ਼ ਖਾਨ ਦੇ ਘਰ 1640 ਈ. ਵਿਚ ਹੋਇਆ। ਨਵਾਬ ਸ਼ੇਰ ਖ਼ਾਨ ਦਾ ਪਿਛੋਕੜ ਇਤਿਹਾਸਕ ਤੌਰ 'ਤੇ ਉੱਘੀ ਸ਼ਖ਼ਸੀਅਤ ਹਜ਼ਰਤ ਸ਼ੇਖ਼ ਸਦਰ-ਉਦ-ਦੀਨ 'ਸਦਰ-ਏ-ਜਹਾਂ' (ਰਹਿ) ਨਾਲ ਜੁੜਦਾ ਹੈ ਜਿਨਾਂ ਨੂੰ ਮਲੇਰਕੋਟਲਾ ਰਿਆਸਤ ਦੇ ਮੋਢੀ ਵਜੋਂ ਜਾਣਿਆ ਜਾਂਦਾ ਹੈ। ਪਿਤਾ ਨਵਾਬ ਫਿਰੋਜ਼ ਖ਼ਾਨ ਦੀ ਮੌਤ ਪਿੱਛੋਂ ਨਵਾਬ ਸ਼ੇਰ ਮੁਹੰਮਦ ਖ਼ਾਂ 1672 ਈ. ਵਿਚ ਰਿਆਸਤ ਦਾ ਸ਼ਾਸਕ ਬਣਿਆ। ਇਤਿਹਾਸਕ ਤੱਥਾਂ ਅਨੁਸਾਰ ਸ਼ੇਰ ਖ਼ਾਨ ਦੇ ਛੋਟੇ ਭਰਾ ਨੇ ਆਪਣੇ ਭਰਾ ਪ੍ਰਤੀ ਮੁਹੱਬਤ ਦਾ ਸਬੂਤ ਦਿੰਦਿਆਂ ਆਪਣੇ ਹਿੱਸੇ ਦੀ ਜਗੀਰ ਲਈ ਕੋਈ ਮੰਗ ਨਾ ਰੱਖੀ। ਉਸ ਸਮੇਂ ਦੌਰਾਨ ਔਰੰਗਜ਼ੇਬ ਪ੍ਰਤੀ ਸਾਰੇ ਪਾਸੇ ਬਾਗ਼ੀ ਸੁਰਾਂ ਉੱਠ ਰਹੀਆਂ ਸਨ। ਸ਼ੇਰ ਮੁਹੰਮਦ ਖ਼ਾਂ ਨੇ ਆਪਣੇ ਰਿਆਸਤੀ ਫ਼ਾਇਦਿਆਂ ਨੂੰ ਦੇਖਦਿਆਂ ਬਾਦਸ਼ਾਹ ਔਰੰਗਜ਼ੇਬ ਨੂੰ ਮਦਦ ਦੇਣ ਦੀ ਪਹਿਲ ਕੀਤੀ। ਜਿਸ ਦੀ ਸ਼ੇਰ ਮੁਹੰਮਦ ਖ਼ਾਂ ਨੇ ਆਪ ਅਗਵਾਈ ਕੀਤੀ ਸੀ। ਜਿਸ ਮਦਦ ਬਦਲੇ ਔਰੰਗਜ਼ੇਬ ਨੇ ਸ਼ੇਰ ਮੁਹੰਮਦ ਖ਼ਾਨ ਨੂੰ 70 ਪਿੰਡਾਂ ਦੀ ਜਗੀਰ ਦੀ ਮਾਲਕੀ ਇਨਾਮ ਵਜੋਂ ਦਿੱਤੀ। ਇਨਾਂ ਪਿੰਡਾਂ ਵਿੱਚੋਂ ਹੀ ਇਕ ਪਿੰਡ 'ਜਬਾਲ' (ਹਬੀਬਵਾਲ) ਵਿਚ ਇਕ ਆਪਣੇ ਨਾਂ ਦਾ ਸ਼ਾਹੀ ਕਿਲਾ ਬਣਵਾਇਆ।'

ਥੋੜੇ ਸਮੇਂ ਮਗਰੋਂ ਹੀ ਬਦਾਯੂੰ ਦੇ ਅਲੀ ਮੁਹੰਮਦ ਰੁਹੇਲਾ ਦੇ ਵਿਦਰੋਹ ਦੀ ਖ਼ਬਰ ਆਣ ਲੱਗੀ। ਜਿਸ ਨੇ ਅੱਤ ਮਚਾਈ ਹੋਈ ਸੀ ਜਿਹੜਾ ਭੋਲ਼ੇ, ਨਿਹੱਥੇ ਲੋਕਾਂ ਨੂੰ ਲੁੱਟਦਾ ਸੀ। ਇਸ ਤੋਂ ਪਹਿਲਾਂ ਕਿ ਕੋਈ ਸਮੱਸਿਆ ਜਨਮ ਲਵੇ ਉਸ ਤੋਂ ਪਹਿਲਾਂ ਮੁਗ਼ਲ ਬਾਦਸ਼ਾਹ ਨੇ ਇਸ ਬਗ਼ਾਵਤ ਨੂੰ ਕੁਚਲਣ ਦਾ ਹੁਕਮ ਦਿੱਤਾ। ਮੁਗ਼ਲ ਸਰਕਾਰ ਵੱਲੋਂ ਨਵਾਬ ਖ਼ਾਂ ਨੂੰ ਆਪਣੀ ਫੌਜ ਸਮੇਤ ਬਦਾਯੂੰ ਵੱਲ ਮਾਰਚ ਕਰਨ ਲਈ ਕਿਹਾ ਤਾਂ ਜੋ ਰੁਹੇਲ ਅਲੀ ਮੁਹੰਮਦ ਦੇ ਵਿਦਰੋਹ ਨੂੰ ਨੱਥ ਪਾਈ ਜਾ ਸਕੇ। ਇਸ ਯੁੱਧ ਦੀ ਅਗਵਾਈ ਵੀ ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਕੀਤੀ। ਨਵਾਬ ਖ਼ਾਂ ਨੇ ਅਲੀ ਮੁਹੰਮਦ ਰੁਹੇਲੇ ਨੂੰ ਤੇ ਉਸ ਦੇ ਸਾਥੀਆਂ ਨੂੰ ਬੰਦੀ ਬਣਾ ਕੇ ਦਿੱਲੀ ਲਿਆਂਦਾ ਗਿਆ। ਔਰੰਗਜ਼ੇਬ ਨੇ ਇਸ ਕਾਮਯਾਬੀ ਤੋਂ ਖ਼ੁਸ਼ ਹੋ ਕੇ ਇਨਾਮ ਵਜੋਂ ਮਲੇਰਕੋਟਲਾ ਦੀ ਰਿਆਸਤ 'ਚ ਚੋਖਾ ਵਾਧਾ ਕੀਤਾ ਜਿਸ ਵਿਚ ਮਾਛੀਵਾੜਾ, ਈਸੜੂ, ਰਾਣੂ, ਜਰਗ, ਪਾਇਲ, ਰੋਪੜ ਅਤੇ ਬਨੂੜ ਸ਼ਾਮਲ ਕੀਤੇ ਗਏ ਤੇ ਸਨਮਾਨ ਚਿੰਨ ਤਲਵਾਰ ਵਜੋਂ ਇਕ ਘੋੜਾ ਅਤੇ 'ਸ਼ੇਰ ਬਹਾਦਰ' ਦਾ ਖ਼ਿਤਾਬ ਦਿੱਤਾ ਤੇ ਸਰਹਿੰਦ ਦਾ ਡਿਪਟੀ ਚਲਕਦਾਰ ਵੀ ਨਿਯੁਕਤ ਕੀਤਾ ਗਿਆ।ਔਰੰਗਜ਼ੇਬ ਸ਼ੇਰ ਮੁਹੰਮਦ ਖ਼ਾਂ ਦੀ ਕਾਬਲੀਅਤ ਤੋਂ ਜਾਣੂੰ ਸੀ ਇਸ ਲਈ ਉਸ ਨੇ ਦੁਬਾਰਾ ਫੇਰ ਆਪਣੇ ਨਵਾਬਾਂ ਅਤੇ ਜਗੀਰਦਾਰਾਂ ਨੂੰ ਮਰਾਠਿਆਂ ਵਿਰੁੱਧ ਲੜਨ ਲਈ ਸੱਦਿਆ। ਇਸ ਵਾਰ ਨਵਾਬ ਸ਼ੇਰ ਮੁਹੰਮਦ ਖ਼ਾਂ ਵੱਲੋਂ ਭੇਜੀ ਫ਼ੌਜ ਦੀ ਅਗਵਾਈ ਨਵਾਬ ਸ਼ੇਰ ਮੁਹੰਮਦ ਖ਼ਾਂ ਦਾ ਚਾਚਾ ਇਖ਼ਤਿਆਰ ਖ਼ਾਂ ਕਰ ਰਿਹਾ ਸੀ ਜਿਹੜਾ ਇਸ ਲੜਾਈ ਵਿਚ ਅੱਲਾ ਨੂੰ ਪਿਆਰਾ ਹੋ ਗਿਆ। ਇਸ ਕਾਮਯਾਬੀ (ਜਿੱਤ) ਤੋਂ ਖ਼ੁਸ਼ ਹੋ ਕੇ ਔਰੰਗਜ਼ੇਬ ਨੇ ਉਸ ਨੂੰ 'ਚੌਧਰੀ ਦਾ ਖ਼ਿਤਾਬ' ਦੇ ਕੇ ਨਿਵਾਜਿਆ। ਸਮੇਂ-ਸਮੇਂ ਮੁਗ਼ਲਾਂ ਦੀ ਮਦਦ ਕਰਨ ਕਰਕੇ ਇਹ ਪਰਿਵਾਰ ਔਰੰਗਜ਼ੇਬ ਦੇ ਬੇਅੰਤ ਕਰੀਬ ਹੋ ਗਿਆ।

ਵਕਤ ਦੇ ਨਾਲ-ਨਾਲ ਮੁਗ਼ਲ ਰਾਜ ਪਤਨ ਵੱਲ ਵਧਿਆ ਅਤੇ ਹੋਰ ਸ਼ਕਤੀਸ਼ਾਲੀ ਸੂਬੇਦਾਰ ਆਪਣੀ ਆਜ਼ਾਦ ਹਕੂਮਤ ਬਣਾਉਣ ਵੱਲ ਵਧਣ ਲੱਗੇ। ਦੱਖਣ ਦੇ ਮਰਾਠੇ ਸ਼ਿਵਾ ਜੀ ਦੀ ਅਗਵਾਈ ਵਿਚ ਇਕ ਵਿਸ਼ਾਲ ਮਰਾਠਾ ਹਕੂਮਤ ਦੇ ਸੁਪਨੇ ਲੈ ਰਿਹਾ ਸੀ। ਦੇਸ਼ ਵਿਚਲੀਆਂ ਕਈ ਰਿਆਸਤਾਂ ਨੇ ਮੁਗ਼ਲ ਸਰਕਾਰ ਨੂੰ ਲਗਾਨ ਦੇਣੋਂ ਇਨਕਾਰ ਕਰ ਦਿੱਤਾ ਸੀ। ਅਜਿਹੇ ਹਾਲਾਤ ਵਿਚ ਖਾਲਸਾ ਪੰਥ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਵਧੇਰੇ ਮਜ਼ਬੂਤ ਹੋਣ ਲੱਗਾ, ਕਿਉਂਕਿ ਉਹ ਪਹਿਲਾਂ ਹੀ ਮੁਗ਼ਲਾਂ ਦੀ ਉਨਾਂ ਦੇ ਧਰਮ ਪ੍ਰਤੀ ਅਸਹਿਣਸ਼ੀਲਤਾ ਤੋਂ ਨਿਰਾਸ਼ ਸਨ। ਉਹ ਵੀ ਮੁਗ਼ਲ ਸਲਤਨਤ ਦੀ ਕਮਜ਼ੋਰੀ ਦਾ ਫਾਇਦਾ ਉਠਾਂਦੇ ਹੋਏ ਆਪਣੇ ਜੰਗਜੂਆਂ ਨੂੰ ਜਮਾਂ ਕਰਨ ਲੱਗੇ ਅਤੇ ਉਨਾਂ ਨੇ ਉੱਤਰੀ ਭਾਰਤ ਦੇ ਇਲਾਕਿਆਂ ਉੱਪਰ ਆਪਣਾ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਮੁਗ਼ਲ ਰਾਜ ਆਪਣੇ ਪ੍ਰਤੀ ਉੱਠ ਰਹੀ ਇਸ ਬਾਗ਼ੀ ਸੁਰ ਨੂੰ ਕਿਵੇਂ ਬਰਦਾਸ਼ਤ ਕਰ ਸਕਦੇ ਸਨ। ਇਸ ਲਈ ਮੁਗ਼ਲ ਬਾਦਸ਼ਾਹ ਨੇ ਇਸ ਉਭਰਦੀ ਤਾਕਤ ਨੂੰ ਦਬਾਉਣਾ ਮੁਨਾਸਿਬ ਸਮਝਿਆ। ਔਰੰਗਜ਼ੇਬ ਨੇ ਇਸ ਨੂੰ ਧਿਆਨ ਹਿੱਤ ਰੱਖਦਿਆਂ ਨਵਾਬ ਸ਼ੇਰ ਮੁਹੰਮਦ ਖ਼ਾਂ ਦੀ ਇਸ ਕਾਰਵਾਈ ਲਈ ਜ਼ਿੰਮੇਵਾਰੀ ਲਾਈ। ਨਵਾਬ ਮਲੇਰਕੋਟਲਾ ਨੇ ਔਰੰਗਜ਼ੇਬ ਦੇ ਹੁਕਮ ਨੂੰ ਮੰਨਦਿਆਂ ਚਮਕੌਰ ਸਾਹਿਬ ਉੱਤੇ ਫ਼ੌਜੀ ਹਮਲਾ ਕੀਤਾ। ਇੱਥੋਂ ਦੇ ਇਕੱਤਰ ਸਿੱਖ ਜੰਗ-ਜੂ ਆਪਣੀ ਵਿਉਂਤਬੰਦੀ ਬਣਾ ਰਹੇ ਸਨ। ਇਸ ਕਾਰਵਾਈ ਨੇ ਸਿੱਖਾਂ ਦੇ ਤਨ-ਬਦਨ ਨੂੰ ਅੱਗ ਲਾਈ ਜਿਸ ਨਾਲ ਸਿੱਖ ਹੋਰ ਵੀ ਭੜਕ ਉੱਠੇ। ਇਹ ਜ਼ਮਾਨਾ ਸ੍ਰੀ ਗੁਰੂ ਤੇਗ਼ ਬਹਾਦਰ ਦੀ ਗੁਰਿਆਈ ਦਾ ਸੀ। ਇਸ ਲੜਾਈ 'ਚ ਜਿਥੇ ਸਿੱਖਾਂ ਨੂੰ ਨੁਕਸਾਨ ਝੱਲਣਾ ਪਿਆ ਉੱਥੇ ਰਿਆਸਤ ਮਲੇਰਕੋਟਲਾ ਵੀ ਨੁਕਸਾਨੀ ਗਈ।

ਡਾ. ਤਾਰਿਕ ਕਿਫਾਇਤਉੱਲਾ ਅਨੁਸਾਰ, 'ਸ਼ੇਰ ਮੁਹੰਮਦ ਖ਼ਾਂ ਦੇ ਜ਼ਮਾਨੇ ਵਿਚ ਹੀ ਦਿੱਲੀ ਸਲਤਨਤ ਨਾਲ ਸਿੱਖਾਂ ਦੀ ਲੜਾਈ ਸ਼ੁਰੂ ਹੋਈ ਜਿਸ ਵਿਚ ਗੁਰੂ ਸਾਹਿਬਾਨ (ਗੁਰੂ ਤੇਗ਼ ਬਹਾਦਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਮੁਗ਼ਲ ਫ਼ੌਜਾਂ ਨਾਲ ਟੱਕਰ ਲਈ ਅਤੇ ਇਸ ਦਾ ਸਿਲਸਿਲਾ ਕਾਫ਼ੀ ਬਾਅਦ ਤੱਕ ਚਲਦਾ ਰਿਹਾ। ਗੁਰੂ ਸਾਹਿਬ (ਤੇਗ਼ ਬਹਾਦਰ)





ਗ੍ਰਿਫਤਾਰ ਹੋਏ ਅਤੇ ਉਨਾਂ ਨੂੰ ਦਿੱਲੀ ਲਿਜਾਇਆ ਗਿਆ। ਇਨਾਂ ਲੜਾਈਆਂ ਵਿਚ ਰਿਆਸਤ ਨੂੰ ਕਾਫ਼ੀ ਭਾਰੀ ਨੁਕਸਾਨ ਉਠਾਉਣਾ ਪਿਆ।'

ਇਸ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸੁਰੱਖਿਆ ਲਈ ਬਹੁਤ ਸਾਰੀ ਫ਼ੌਜੀ ਤਾਕਤ ਇਕੱਠੀ ਕੀਤੀ ਅਤੇ ਪੰਜਾਬ ਦੇ ਨੇੜਲੇ ਪਹਾੜੀ ਖੇਤਰ ਵਿਚ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਉਨਾਂ ਨੇ ਅਨੰਦਪੁਰ ਨੂੰ ਆਪਣਾ ਗੜ ਬਣਾ ਲਿਆ। ਜਦੋਂ ਔਰੰਗਜ਼ੇਬ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਵਿਖੇ ਹੋਣ ਦਾ ਪਤਾ ਲੱਗਿਆ ਤਾਂ ਉਸ ਨੇ ਆਪਣੇ ਪੁੱਤਰ ਸ਼ਹਿਜ਼ਾਦਾ ਮੁਰਾਦ (ਸ਼ਹਿਜ਼ਾਦਾ ਮੁਅੱਜ਼ਮ) ਦੀ ਅਗਵਾਈ ਹੇਠ ਦਸ ਹਜ਼ਾਰ ਫ਼ੌਜੀ ਭੇਜੇ ਅਤੇ ਸਰਹਿੰਦ ਅਤੇ ਜਲੰਧਰ ਦੇ ਚਕਲਦਾਰਾਂ ਨੂੰ ਮੁਗ਼ਲ ਫ਼ੌਜ ਦੀ ਮਦਦ ਲਈ ਕਿਹਾ ਤੇ ਨਵਾਬ ਸ਼ੇਰ ਮੁਹੰਮਦ ਖ਼ਾਂ ਨੂੰ ਵੀ ਇਸ ਲੜਾਈ ਵਿਚ ਸਾਥ ਦੇਣ ਦਾ ਹੁਕਮ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਦਾ ਚਮਕੌਰ ਸਾਹਿਬ ਆਉਣਾ

ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਆਪਣੇ ਚਚੇਰੇ ਭਰਾ ਨਾਹਰ ਖ਼ਾਂ ਅਤੇ ਆਪਣੇ ਛੋਟੇ ਭਰਾ ਖ਼ਿਜ਼ਰ ਮੁਹੰਮਦ ਖ਼ਾਂ ਦੀ ਅਗਵਾਈ ਵਿਚ 5 ਹਜ਼ਾਰ ਫ਼ੌਜੀ ਸ਼ਹਿਜ਼ਾਦਾ ਮੁਰਾਦ ਦੀ ਮਦਦ ਲਈ ਭੇਜੇ। ਇਹ ਲੜਾਈ ਲੰਮਾ ਸਮਾਂ ਚਲਦੀ ਰਹੀ। ਅਨੰਦਪੁਰ ਨੂੰ ਹਰ ਪਾਸਿਓਂ ਘੇਰ ਕੇ ਬਾਹਰੀ ਮੇਲ-ਮਿਲਾਪ ਤੋਂ ਕੱਟ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਅਤੇ ਉਨਾਂ ਦੇ ਫ਼ੌਜੀ ਭੁੱਖ ਤੋਂ ਪ੍ਰੇਸ਼ਾਨ ਹੋਣ ਲੱਗੇ। ਬਹੁਤ ਸਾਰੇ ਸਾਥੀ ਗੁਰੂ ਜੀ ਦਾ ਸਾਥ ਛੱਡ ਗਏ ਸਨ। ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਜਿਹੀ ਨਾਜ਼ੁਕ ਹਾਲਤ ਵਿਚ ਵੀ ਬਚ ਕੇ ਨਿਕਲਣਾ ਨਹੀਂ ਸਨ ਚਾਹੁੰਦੇ ਪਰ ਬਾਕੀ ਸਾਥੀਆਂ ਦੀ ਰਾਇ ਨਾਲ ਉੱਥੋਂ ਰਾਤ ਦੇ ਹਨੇਰੇ ਵਿਚ ਨਿਕਲੇ।' ਕੁਝ ਇਤਿਹਾਸਕਾਰ ਇਸ ਤਰਾਂ ਵੀ ਲਿਖਦੇ ਹਨ ਕਿ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਭੁੱਖ ਨਾਲ ਮਾਰੇ ਗਏ। ਬਚੇ ਸਾਥੀਆਂ ਨਾਲ ਅਨੰਦਪੁਰ ਸਾਹਿਬ ਤੋਂ ਚੱਲ ਕੇ ਸਰਸਾ ਨਦੀ ਪਾਰ ਕਰ ਚਮਕੌਰ ਸਾਹਿਬ ਆਣ ਪੁੱਜੇ।

ਜਦੋਂ ਮੁਗ਼ਲ ਫੌਜਾਂ ਨੂੰ ਗੁਰੂ ਜੀ ਦੇ ਉਥੋਂ ਨਿਕਲ ਜਾਣ ਦੀ ਖ਼ਬਰ ਹੋਈ ਤਾਂ ਉਨਾਂ ਨੇ ਗੁਰੂ ਜੀ ਦੀ ਪੈੜ ਦੱਬਣੀ ਸ਼ੁਰੂ ਕਰ ਦਿੱਤੀ ਅਤੇ ਉਹ ਚਮਕੌਰ ਸਾਹਿਬ ਦੀ ਅੰਦਰੂਨੀ ਸਥਿਤੀ ਬਾਰੇ ਬੇਖ਼ਬਰ ਸਨ। ਜਿੱਥੇ ਮੁਗ਼ਲ ਫੌਜਾਂ ਨੂੰ ਕਾਫੀ ਔਕੜ ਦਾ ਸਾਹਮਣਾ ਕਰਨਾ ਪਿਆ ਸੀ। ਅੰਤ ਨੂੰ ਸ਼ਾਹੀ ਫ਼ੌਜਾਂ ਨੇ ਚਮਕੌਰ ਦੀ ਗੜੀ ਨੂੰ ਘੇਰ ਲਿਆ ਜਿੱਥੇ ਗੁਰੂ ਜੀ ਮੌਜੂਦ ਸਨ। ਉੱਥੇ ਆਪਸੀ ਭੇੜ 'ਚ ਸ਼ੇਰ ਮੁਹੰਮਦ ਖ਼ਾਂ ਦਾ ਚਚੇਰਾ ਭਰਾ ਨਾਹਰ ਖ਼ਾਂ ਮਾਰਿਆ ਗਿਆ। ਚਚੇਰੇ ਭਰਾ ਦੀ ਮੌਤ ਨੇ ਸ਼ੇਰ ਮੁਹੰਮਦ ਖ਼ਾਂ ਨੂੰ ਡਾਢਾ ਦੁੱਖ ਦਿੱਤਾ। ਮੁਗ਼ਲ ਫ਼ੌਜਾਂ ਗੁਰੂ ਜੀ ਦੀ ਤਲਾਸ਼ ਵਿਚ ਸਨ। ਦੂਜੇ ਪਾਸੇ ਮਾਤਾ ਗੁਜਰ ਕੌਰ, ਸਾਹਿਬਜ਼ਾਦਾ ਫ਼ਤਿਹ ਸਿੰਘ ਅਤੇ ਜ਼ੋਰਾਵਰ ਸਿੰਘ ਨੇ ਪਿੰਡ ਖੇੜੀ ਵਿਚ ਇਕ ਗੰਗੂ ਬ੍ਰਾਹਮਣ ਦੇ ਘਰ ਸ਼ਰਨ ਲਈ ਹੋਈ ਸੀ ਤਾਂ ਉਸ ਨੇ ਮੁਗ਼ਲ ਬਾਦਸ਼ਾਹ ਤੋਂ ਇਨਾਮ ਹਾਸਲ ਕਰਨ ਦੇ ਚੱਕਰ 'ਚ ਮੋਰਿੰਡੇ ਦੇ ਰੰਘੜ ਗਵਰਨਰ ਨੂੰ ਪਰਿਵਾਰ ਦੀ ਸੂਹ ਦਿੱਤੀ। ਮੁਗ਼ਲ ਫ਼ੌਜਾਂ ਨੇ ਪਰਿਵਾਰ ਨੂੰ ਗ੍ਰਿਫ਼ਤਾਰ ਕਰ ਲਿਆ।

ਵਜ਼ੀਰ ਖ਼ਾਂ ਦੇ ਹੁਕਮ 'ਤੇ ਉਨਾਂ ਨੂੰ ਇਕ ਬੁਰਜ ਵਿਚ ਕੈਦ ਕਰ ਦਿੱਤਾ ਗਿਆ। ਪਰਿਵਾਰ ਦੀ ਗ੍ਰਿਫ਼ਤਾਰੀ ਵੇਲੇ ਨਵਾਬ ਸ਼ੇਰ ਮੁਹੰਮਦ ਖ਼ਾਂ ਵੀ ਸਰਹਿੰਦ ਵਿਖੇ ਮੌਜੂਦ ਸੀ। ਕੁਝ ਦਿਨਾਂ ਪਿਛੋਂ ਜਦੋਂ ਉਨਾਂ ਨੂੰ ਵਜ਼ੀਰ ਖ਼ਾਂ ਦੀ ਖੁੱਲੀ ਕਚਹਿਰੀ ਵਿਚ ਹਾਜ਼ਰ ਕੀਤਾ ਗਿਆ ਤਾਂ ਸਰਹਿੰਦ ਦੇ ਹੁਕਮਰਾਨਾਂ ਨੇ ਸ਼ੇਰ ਮੁਹੰਮਦ ਖ਼ਾਂ ਨੂੰ ਕਿਹਾ ਕਿ, 'ਇਨਾਂ ਦਾ ਪਿਤਾ ਤੇਰੇ ਭਰਾਵਾਂ ਦਾ ਕਾਤਲ ਹੈ, ਤੂੰ ਹੁਣ ਉਨਾਂ ਦੀ ਮੌਤ ਦਾ ਬਦਲਾ ਲੈ ਸਕਦਾ ਏਂ...।' ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਇਸ ਸਵਾਲ ਦਾ ਜਵਾਬ ਬਹੁਤ ਦਲੇਰੀ ਨਾਲ ਦਿੱਤਾ ਕਿ, 'ਮੇਰੇ ਭਰਾ ਗੁਰੂ ਸਾਹਿਬ ਹੱਥੋਂ ਖੁੱਲੀ ਜੰਗ ਵਿਚ ਮਾਰੇ ਗਏ ਹਨ ਤੇ ਮੈਂ ਉਨਾਂ ਤੋਂ ਖੁੱਲੀ ਜੰਗ ਵਿਚ ਹੀ ਬਦਲਾ ਲੈਣਾ ਚੰਗਾ ਸਮਝਦਾ ਹਾਂ, ਪਰ, ਮੈਂ ਕਿਸੇ ਵੀ ਹਾਲਤ ਵਿਚ ਵੀ ਇਨਾਂ ਮਾਸੂਮ ਜਿੰਦਾਂ ਤੋਂ ਬਦਲਾ ਲੈਣ ਦੀ ਸੋਚ ਨਹੀਂ ਸਕਦਾ। ਮੈਂ ਕੋਈ ਬੁਜ਼ਦਿਲ ਨਹੀਂ ਕਿ ਬੱਚਿਆਂ 'ਤੇ ਜ਼ੁਲਮ ਕਮਾ ਕੇ ਬਦਲਾ ਲਵਾਂ। ਕੈਦੀਆਂ ਨਾਲ ਮਾੜਾ ਨਹੀਂ ਚੰਗਾ ਸਲੂਕ ਕਰਨਾ ਬਹਾਦਰੀ ਹੈ, ਇਹੋ ਹੀ ਇਸਲਾਮ ਦੇ ਪੈਗ਼ੰਬਰ ਹਜ਼ੂਰ-ਏ-ਪਾਕ ਸੱਲਲ-ਲਾਹੋ-ਅੱਲਹ ਵਸੱਲਮ ਦੀ ਸਿੱਖਿਆ ਹੈ। ਮੈਂ ਇਨਾਂ ਮਾਸੂਮ ਜਿੰਦਾਂ 'ਤੇ ਜ਼ੁਲਮ ਕਰਕੇ ਇਸਲਾਮ ਨੂੰ ਦਾਗ਼ ਨਹੀਂ ਲਾਉਣਾ ਚਾਹੁੰਦਾ। ਜੇਕਰ ਇਨਾਂ ਦੇ ਅੱਬਾ ਜਾਨ ਨੂੰ ਵੀ ਕੈਦ ਕਰ ਲਿਆ ਜਾਵੇ ਮੈਂ ਤਾਂ ਵੀ ਬਦਲਾ ਨਹੀਂ ਲਵਾਂਗਾ...।'

ਸਰਹਿੰਦ ਦੇ ਚਲਕਦਾਰ ਵਜ਼ੀਰ ਖ਼ਾਂ ਉੱਤੇ ਨਵਾਬ ਸ਼ੇਰ ਮੁਹੰਮਦ ਖ਼ਾਂ ਦੀਆਂ ਦਲੀਲਾਂ ਦਾ ਕੋਈ ਅਸਰ ਨਾ ਹੋਇਆ। ਸਗੋਂ ਵਜ਼ੀਰ ਖ਼ਾਂ ਨੇ ਨਵਾਂ ਸਵਾਲ ਖੜਾ ਕਰ ਦਿੱਤਾ ਕਿ 'ਜੇ ਕਰ ਇਹ ਇਸਲਾਮ ਕਬੂਲ ਕਰ ਲੈਂਦੇ ਹਨ ਤਾਂ ਇਨਾਂ ਨੂੰ ਛੱਡ ਦਿੱਤਾ ਜਾਵੇਗਾ...।' ਇਸ ਵਿਚ ਵੀ ਵਜ਼ੀਰ ਖ਼ਾਂ ਦੀ ਚਲਾਕੀ ਸੀ ਕਿ ਬੱਚਿਆਂ ਨੂੰ ਇਸਲਾਮ ਧਾਰਨ ਕਰਵਾਉਣ। ਪਰ ਉਸ ਦੀ ਦਿਲੀ ਧਾਰਨਾ ਤਾਂ ਮਾਸੂਮ ਬੱਚਿਆਂ ਨੂੰ ਕਤਲ ਕਰਨਾ ਸੀ।

ਨਵਾਬ ਸ਼ੇਰ ਖ਼ਾਂ ਦਾ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਖ਼ਤ

ਜਦੋਂ ਬੱਚਿਆਂ ਨੇ ਇਸਲਾਮ ਕਬੂਲ ਕਰਨੋਂ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਹੋਰ ਬਹਾਨਾ ਲੱਭ ਪਿਆ ਬੱਚਿਆਂ ਨੂੰ ਕਤਲ ਕਰਨ ਦਾ। ਜਦੋਂ ਵਜ਼ੀਰ ਖ਼ਾਂ ਦੀ ਕੋਈ ਗੱਲ ਮੰਨੀ ਨਾ ਗਈ ਤਾਂ ਉਸ ਨੇ ਨਿੱਕੀਆਂ ਜਿੰਦਾਂ ਨੂੰ ਜਿਉਂਦੇ ਹੀ ਨੀਂਹਾਂ ਵਿਚ ਚਿਣਨ ਦਾ ਹੁਕਮ ਦੇ ਦਿੱਤਾ। ਉਸ ਦੇ ਇਸ ਫ਼ੈਸਲੇ ਵਿਰੁੱਧ ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਆਵਾਜ਼ ਉਠਾਈ ਕਿ ਪਿਤਾ ਦਾ ਬਦਲਾ ਬੱਚਿਆਂ ਤੋਂ ਲੈਣਾ ਬਿਲਕੁਲ ਜਾਇਜ਼ ਨਹੀਂ। ਵਜ਼ੀਰ ਖ਼ਾਂ ਆਪਣੇ ਫ਼ੈਸਲੇ ਤੋਂ ਪਿੱਛੇ ਨਾ ਹਟਿਆ ਤਾਂ ਨਵਾਬ ਸ਼ੇਰ ਖ਼ਾਂ ਨੇ ਉਸ ਸਮੇਂ ਇਕ ਖ਼ਤ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ ਜਿਸ ਵਿਚ ਉਸ ਨੇ ਬੱਚਿਆਂ ਨੂੰ ਬਚਾਉਣ ਲਈ ਬੇਨਤੀ ਕੀਤੀ। 'ਪੰਦਰਾ ਰੋਜ਼ਾ 'ਸ਼ਮਸ਼ੀਰ-ਏ-ਦਸਤ' ਅਨੁਸਾਰ ਪੰਜਾਬੀ ਅਨੁਵਾਦ ਹੋਇਆ ਖ਼ਤ' ਕੁਝ ਇਸ ਤਰਾਂ ਸੀ:

ਐ, ਆਲਮ ਪਨਾਹ! ਜ਼ਮਾਨੇ ਦੇ ਅਜ਼ੀਮ ਰੁਤਬਿਆਂ ਅਤੇ ਜਾਹੋ ਹਸ਼ਮਤ ਵਾਲ਼ੇ ਸ਼ਹਿਨਸ਼ਾਹ ਖ਼ੁਦਾ ਤੁਹਾਨੂੰ ਸੱਤ ਅਸਮਾਨਾਂ ਦੀ ਹਕੂਮਤ ਨਸੀਬ ਫਰਮਾਵੇ, ਤੁਹਾਡੇ ਜਾਹੋ ਜਲਾਲ ਨੂੰ ਕਦੇ ਗ੍ਰਹਿਣ ਨਾ ਲੱਗੇ ਅਤੇ ਤੁਹਾਡੀ ਫ਼ਤਹਿ ਤੇ ਕਾਮਯਾਬੀ ਦੇ ਚੰਨ ਹਮੇਸ਼ਾ ਕਾਇਨਾਤ ਉੱਤੇ ਜਗਮਗਾਉਂਦੇ ਰਹਿਣ। ਮੈਂ ਨਿਮਾਣਾ ਦਾਸ ਉਸ ਸੁਹਣੇ ਰੱਬ ਅੱਗੇ ਬਹੁਤ ਹੀ ਅਦਬ, ਅਹਿਤਰਾਮ ਅਤੇ ਸਿਰ ਨਿਵਾਉਂਦਾ ਹੋਇਆ ਦੁਆ ਕਰਦਾ ਹਾਂ ਕਿ ਉਹ (ਅੱਲਾ) ਤੁਹਾਨੂੰ ਆਪਣੀ ਛਤਰ ਛਾਇਆ ਹੇਠ ਮਹਿਫੂਜ਼ ਰੱਖੇ ਜੋ ਕਿ ਪੂਰੀ ਕਾਇਨਾਤ ਨੂੰ ਆਪਣੀ ਆਗ਼ੋਸ਼ ਵਿਚ ਲੈਣ ਵਾਲ਼ਾ ਹੈ, ਜਿਸ ਨੇ ਮਨੁੱਖੀ ਜਿੰਦ ਜਾਨ ਦੀ ਹਮੇਸ਼ਾ ਹਿਫ਼ਾਜ਼ਤ ਫਰਮਾਈ ਹੈ ਅਤੇ ਜੋ ਹਮੇਸ਼ਾ ਰਹਿਮ ਦਿਲ ਵਾਲ਼ਾ ਤੇ ਰਹੀਮ ਹੈ। ਉਸੇ ਮੁਕੱਦਸ ਤੇ ਸਰਵ ਉੱਚ ਰੱਬ ਅਤੇ ਰਹਿਮਾਨ ਤੇ ਰਹੀਮ ਦਾ ਵਾਸਤਾ ਦੇ ਕੇ ਜਿਸ ਦੇ ਕਬਜ਼ੇ ਵਿਚ ਪੂਰੀ ਕਾਇਨਾਤ ਦੀ ਜਾਨ ਹੈ ਇਹ ਦਾਸ ਤੁਹਾਡੀ ਸੇਵਾ 'ਚ ਬੇਨਤੀ ਕਰਦਾ ਹੈ ਕਿ ਇਹ ਕਿੰਨਾ ਚੰਗਾ ਹੋਵੇ ਜੇਕਰ ਗੁਰੂ ਗੋਬਿੰਦ ਸਿੰਘ (ਸਿੱਖਾਂ ਦੇ ਦਸਵੇਂ ਗੁਰੂ) ਦੇ ਬੱਚਿਆਂ ਨੂੰ ਮਾਫ਼ ਕਰ ਦਿੱਤਾ ਜਾਵੇ।

ਆਲੀਜਾਹ! ਕੀ ਸੂਬੇਦਾਰ ਸਰਹਿੰਦ ਨੂੰ ਕਿਸੇ ਤਰਾਂ ਵੀ ਇਸ ਗੱਲ ਦਾ ਅਧਿਕਾਰ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਦੀਆਂ ਹੁਕਮ ਅਦੂਲੀਆਂ ਦੀ ਸਜ਼ਾ ਉਸ ਦੇ ਮਾਸੂਮ ਬੱਚਿਆਂ ਨੂੰ ਦੇਵੇ ? ਕੇਵਲ ਇਸ ਲਈ ਕਿ ਉਹ ਉਸ ਦੇ ਬੱਚੇ ਹਨ ਅਤੇ ਉਨਾਂ ਨੂੰ ਜ਼ਿੰਦਾ ਦੀਵਾਰਾਂ ਵਿਚ ਚਿਣਵਾ ਦੇਵੇ, ਇੱਥੋਂ ਤੱਕ ਕਿ ਉਹ ਆਪਣੀ ਜਾਨ ਤੋਂ ਹੱਥ ਧੋ ਬੈਠਣ। ਆਲਮ ਪਨਾਹ, ਭਾਵੇਂ ਸੂਬੇਦਾਰ ਦੇ ਹੁਕਮ ਦੀ ਨਿੰਦਾ ਕਰਨ ਦਾ ਕੋਈ ਹੌਸਲਾ ਨਹੀਂ ਰੱਖਦਾ, ਜਿਸ ਦਾ ਹੁਕਮ ਮੌਤ ਦੀ ਤਰਾਂ ਅਟੱਲ ਹੈ, ਪਰ ਤੁਹਾਡਾ ਇਹ ਖ਼ਾਦਿਮ ਅਤੇ ਖ਼ੈਰ ਖ਼ੁਆਹ ਉਸ ਦੇ ਇਸ ਨਾਪਾਕ ਅਤੇ ਨਾ ਦੂਰ ਅੰਦੇਸ਼ੀ ਵਾਲ਼ੇ ਫੈਸਲੇ ਦੀ ਨਿੰਦਾ ਕਰਦਾ ਹੈ ਅਤੇ ਸਲਤਨਤ ਦਾ ਇਕ ਨਿਮਾਣਾ ਖ਼ਾਦਿਮ ਅਤੇ ਖ਼ੈਰ ਖ਼ੁਆਹ ਹੋਣ ਦੇ ਨਾਤੇ ਆਂ-ਜਨਾਬ ਦੀ ਸਲਤਨਤ ਦੀ ਖ਼ੈਰ ਖ਼ੁਆਹੀ ਲਈ ਬੇਨਤੀ ਕਰਦਾ ਹੈ ਕਿ ਹਾਲਾਤ ਨੂੰ ਮੁੱਖ ਰੱਖਦਿਆਂ ਸਿੱਖ ਕੌਮ ਦੀ ਹੁਕਮ ਅਦੂਲੀ 'ਤੇ ਕੋਈ ਮੁਨਾਸਬ ਸਜ਼ਾ ਤਜਵੀਜ਼ ਫ਼ਰਮਾਉਣ। ਇਨਸਾਫ਼ ਵੀ ਇਸੇ ਗੱਲ ਦਾ ਤਕਾਜ਼ਾ ਕਰਦਾ ਹੈ। ਤੁਹਾਡੇ ਇਸ ਨਿਮਾਣੇ ਖ਼ਾਦਿਮ ਦੇ ਖ਼ਿਆਲ ਅਨੁਸਾਰ ਕਿਸੇ ਤਰਾਂ ਵੀ ਇਹ ਗੱਲ ਤਾਕਤ ਤੇ ਹਕੂਮਤ ਦੀ ਸ਼ਾਯਾਨੇ ਸ਼ਾਨ ਨਹੀਂ ਕਿ ਕਿਸੇ ਵੀ ਕੌਮ ਦੀਆਂ ਹੁਕਮ ਅਦੂਲੀਆਂ ਦਾ ਬਦਲਾ ਉਸ ਦੇ ਮਾਸੂਮ ਬੱਚਿਆਂ ਤੋਂ ਲਿਆ ਜਾਵੇ, ਅਜਿਹੇ ਬੱਚਿਆਂ ਤੋ ਜੋ ਕਿ ਮਾਸੂਮ ਹੀ ਨਹੀਂ, ਨਾਜ਼ੁਕ ਅਤੇ ਕਮਸਿਨ ਵੀ ਹਨ ਅਤੇ ਜੋ ਕਿਸੇ ਸੂਰਤ 'ਚ ਵੀ ਇਕ ਮਜ਼ਬੂਤ ਅਤੇ ਤਾਕਤਵਰ ਸੂਬੇਦਾਰ ਦੀਆਂ ਬੇਪਨਾਹ ਤਾਕਤਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਇਹ ਹਰਕਤ ਸਪੱਸ਼ਟ ਤੌਰ 'ਤੇ ਹਜ਼ਰਤ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਅਤੇ ਇਸਲਾਮੀ ਅਸੂਲਾਂ ਦੇ ਖ਼ਿਲਾਫ਼ ਹੈ।

ਜ਼ਿੱਲੇ ਸੁਬਹਾਨੀ! ਜਹਾਂ ਪਨਾਹ ਦੇ ਇਸ ਨਿਮਾਣੇ ਖ਼ਾਦਿਮ ਨੂੰ ਡਰ ਹੈ ਕਿ ਸੂਬੇਦਾਰ ਸਰਹਿੰਦ ਦਾ ਇਹ ਗ਼ੈਰ ਇਸਲਾਮੀ ਅਤੇ ਗ਼ੈਰ ਇਨਸਾਨੀ ਕਦਮ ਕਿਤੇ ਆਲਮ ਪਨਾਹ ਦੇ ਜਾਹੋ ਜਲਾਲ, ਸ਼ਾਨੋ ਸ਼ੌਕਤ, ਇੱਜ਼ਤੋ ਵਕਾਰ ਅਤੇ ਇਨਸਾਫ ਤੇ ਸੱਚਾਈ ਉੱਤੇ ਹਮੇਸ਼ਾ ਦੇ ਲਈ ਧੱਬਾ ਨਾ ਬਣ ਜਾਵੇ। ਉਂਝ ਵੀ ਇਸ ਕਿਸਮ ਦੀ ਸਜ਼ਾ ਅਤੇ ਅਜ਼ੀਅਤ ਤੁਹਾਡੀ ਹਕੂਮਤ ਦੇ ਕਾਨੂੰਨ ਅਤੇ ਹੱਕ ਤੇ ਇਨਸਾਫ ਦੇ ਬਿਲਕੁਲ ਉਲਟ ਹੈ। ਉਪਰੋਕਤ ਗੁਜ਼ਾਰਿਸ਼ ਦੇ ਨਾਲ ਵਿਚਾਰਾਂ ਦੀ ਆਜ਼ਾਦੀ ਦਾ ਇਸਤੇਮਾਲ ਕਰਦਿਆਂ ਦਾਸ ਬੇਨਤੀ ਕਰਦਾ ਹੈ ਕਿ ਜੇਕਰ ਜਹਾਂ ਪਨਾਹ ਦੇ ਮਿਜ਼ਾਜ ਦੇ ਅਨੁਕੂਲ ਹੋਵੇ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਨੂੰ ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ ਤਾਂ ਜੋ ਉਹ ਅਗਾਂਹ ਲਈ ਅਜਿਹੀਆਂ ਸਰਗਰਮੀਆਂ ਤੋਂ ਬਾਜ਼ ਰਹਿਣ ਜੋ ਹਜ਼ੂਰ ਨੂੰ ਨਾ ਮੁਨਾਸਿਬ ਲੱਗਦੀਆਂ ਹੋਣ। ਇਹ ਹੋਰ ਵੀ ਮੁਨਾਸਿਬ ਹੋਵੇਗਾ, ਜੇਕਰ ਉਨਾਂ ਨੂੰ ਰਾਜਧਾਨੀ ਦਿੱਲੀ ਵਿਚ ਰੱਖਿਆ ਜਾਵੇ, ਜਦੋਂ ਤੱਕ ਕਿ ਉਨਾਂ ਵਿਚ ਤਬਦੀਲੀ ਨਾ ਆ ਜਾਵੇ ਅਤੇ ਤਖ਼ਤ ਦੀ ਆਗਿਆਕਾਰੀ ਅਤੇ ਵਫ਼ਾਦਾਰੀ ਕਬੂਲ ਨਾ ਲੈਣ। ਜੇ ਕਰ ਜ਼ਿੱਲੇ ਇਲਾਹੀ ਮੁਨਾਸਿਬ ਖ਼ਿਆਲ ਫਰਮਾਉਣ ਤਾਂ ਦੋਵੇਂ ਬੱਚਿਆਂ ਨੂੰ ਆਪਣੇ ਇਸ ਅਦਨਾ ਗ਼ੁਲਾਮ ਦੀ ਨਿਗਰਾਨੀ ਵਿਚ ਦੇਣ ਦਾ ਹੁਕਮ ਵੀ ਫ਼ਰਮਾ ਸਕਦੇ ਹਨ ਤਾਂ ਜੋ ਉਨਾਂ 'ਤੇ ਨਜ਼ਰ ਰਹੇ ਅਤੇ ਉਨਾਂ ਨੂੰ ਹਰੇਕ ਪ੍ਰਕਾਰ ਦੀਆਂ ਸਰਗਰਮੀਆਂ ਤੋਂ ਬਾਜ਼ ਰੱਖਿਆ ਜਾ ਸਕੇ।

ਜ਼ਿੱਲੇ ਸੁਬਹਾਨੀ! ਨਿਮਾਣੇ ਖ਼ਾਦਿਮ ਨੂੰ ਡਰ ਹੈ ਕਿ ਜਜ਼ਬਾਤ ਅਤੇ ਵਫ਼ਾਦਾਰੀ 'ਚ ਡੁੱਬੀ ਹੋਈ ਇਹ ਲਿਖਤ ਕਿਤੇ ਸ਼ਾਹੀ ਆਦਾਬ ਦੇ ਬੰਨੇ ਪਾਰ ਨਾ ਕਰ ਗਈ ਹੋਵੇ, ਪਰ ਰੱਬੀ ਖ਼ੌਫ਼ ਅਤੇ ਆਲਾ ਹਜ਼ਰਤ ਨਾਲ ਵਫਾਦਾਰੀ ਦਾ ਤਕਾਜ਼ਾ ਦਾਸ ਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੇ ਕਿ ਮੈਂ ਹੱਕ ਗੱਲ ਕਹਿਣ ਤੋਂ ਗੁਰੇਜ਼ ਕਰਾਂ। ਮੇਰੇ ਨਿਮਾਣੇ ਦਾਸ ਦੀ ਗੁਜ਼ਾਰਿਸ਼ 'ਤੇ ਸ਼ਾਹੀ ਫੁੱਲ ਚੜਾਏ ਗਏ ਤਾਂ ਮੈਂ ਖ਼ੁਦ ਨੂੰ ਜ਼ਮਾਨੇ ਦਾ ਖ਼ੁਸ਼ਕਿਸਮਤ ਇਨਸਾਨ ਸਮਝਾਂਗਾ ਅਤੇ ਜੇ ਕਰ ਦਾਸ ਦੀ ਇਹ ਇਲਤਿਜ਼ਾ ਤਬੀਅਤ ਉੱਤੇ ਗਰਾਂ (ਭਾਨੀ) ਗੁਜ਼ਰੇ ਤਾਂ ਬੰਦਾ ਆਪਣਾ ਫਰਜ਼ ਨਿਭਾਉਂਦਿਆਂ ਹੱਕ ਤੇ ਇਨਸਾਫ਼ ਦੇ ਸਾਹਮਣੇ ਸਿਰਫ਼ ਆਪਣੇ ਨਿੱਜੀ ਵਿਚਾਰਾਂ ਦਾ ਇਜ਼ਹਾਰ ਕਰਦਾ ਹੈ, ਪਰ ਸੱਚ ਦੀ ਰਾਹ ਤੋਂ ਉਸ ਦਾ ਕਦਮ ਕਦੇ ਪਿੱਛੇ ਨਹੀਂ ਹਟੇਗਾ।

**ਦਸਤਖ਼ਤ/-**
**ਨਵਾਬ ਸ਼ੇਰ ਮੁਹੰਮਦ ਖ਼ਾਂ**
**ਰਿਆਸਤ ਮਲੇਰਕੋਟਲਾ**

ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਭਾਵੇਂ ਮਾਸੂਮਾਂ ਦੀ ਜਾਨ ਬਚਾਉਣ ਲਈ ਸੰਭਵ ਕੋਸ਼ਿਸ਼ ਵੀ ਕੀਤੀ ਔਰੰਗਜ਼ੇਬ ਤੱਕ ਪਹੁੰਚ ਵੀ ਪਰ ਉਹ ਵਜ਼ੀਰ ਖ਼ਾਂ ਦੀਆਂ ਸਾਜ਼ਿਸ਼ਾਂ ਅੱਗੇ ਨਾਕਾਮ ਰਿਹਾ। ਇਤਿਹਾਸਕਾਰਾਂ ਅਨੁਸਾਰ 27 ਦਸੰਬਰ 1704 ਈ. ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਿਗਰ ਦੇ ਟੋਟੇ ਫ਼ਤਿਹ ਸਿੰਘ ਅਤੇ ਜ਼ੋਰਾਵਰ ਸਿੰਘ ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਨੇ ਸ਼ਹੀਦ ਕਰ ਦਿੱਤਾ।

**ਬਾਕੀ ਸਫ਼ਾ 30 'ਤੇ**

# ਜ਼ਫ਼ਰਨਾਮਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਜਨਰਲ ਜ਼ੋਰਾਵਾਰ ਸਿੰਘ : ਜਨਰਲ ਜ਼ੋਰਾਵਾਰ ਸਿੰਘ ਨੇ ਖਾਲਸਾ ਰਾਜ ਦੀਆਂ ਹੱਦਾਂ, ਲੇਹ, ਲੱਦਾਖ ਤੇ ਚੀਨ ਦੀ ਹੱਦ ਤੱਕ ਲਿਜਾ ਅਤੇ ਜਾ ਤਿੱਬਤ ਵੀ ਖਾਲਸਾ ਝੰਡਾ ਝੁਲਾ ਦਿਤਾ।

ਸ਼ਾਮ ਸਿੰਘ ਅਟਾਰੀ ਵਾਲਾ: ਮਹਾਰਾਜਾ ਰਣਜੀਤ ਸਿੰਘ ਦੇ ਪੋਤਾ ਨੌਨਿਹਾਲ ਸਿੰਘ ਦਾ ਸਹੁਰਾ, ਜਿਸ ਦੇ ਪਿਤਾ ਨਿਹਾਲ ਸਿੰਘ ਜੋ ਮਹਾਰਾਜੇ ਦੇ ਬੀਮਾਰ ਹੋਣ ਤੇ ਚਿੰਤਾ ਵਿਚ, ਠੀਕ ਹੋਣ ਲਈ ਅਰਦਾਸ ਕੀਤੀ, ਸਿੱਖ ਰਾਜ ਦਾ ਆਖਰੀ ਥੰਮ ਹੋਇਆ। ਉਸ ਨੇ ਦਰਬਾਰ ਦੀਆਂ ਕਈ ਮੁਹਿੰਮਾਂ ਵਿਚ ਹਿੱਸਾ ਲਿਆ, ਜਿਸ ਤਰਾਂ ਅੱਟਕ, ਮੁਲਤਾਨ, ਪੇਸ਼ਾਵਰ, ਅਤੇ ਕਸ਼ਮੀਰ। ਜਿਸ ਦੀ ਤੇ ਦਰਬਾਰ ਦੀ ਆਖਰੀ ਮੁਹਿੰਮ ਸਬਰਾਉ ਸੀ।

ਕੌਮਾਂਤਰੀ ਬਹਾਦਰ ਜਰਨੈਲ ਹਰੀ ਸਿੰਘ ਨਲੂਆ : ਹਰੀ ਸਿੰਘ, ਮਹਾਰਾਜਾ ਰਣਜੀਤ ਸਿੰਘ ਦਾ ਅੰਗਰਖਿਅਕ ਭਰਤੀ ਅਜੇ ਹੋਇਆ ਹੀ ਸੀ ਕਿ ਉਹ ਮਹਾਰਾਜੇ ਨਾਲ ਇਕ ਦਿਨ ਸ਼ਿਕਾਰ ਖੇਡਣ ਗਿਆ। ਇਸ ਦੌਰਾਨ ਇਕ ਸ਼ੇਰ ਨੇ ਹਰੀ ਸਿੰਘ ਤੇ ਇਕ ਅਜਿਹਾ ਫੁਰਤੀਲਾ ਹਮਲਾ ਕੀਤਾ ਕਿ ਜਿਸ ਤਰਾਂ 'ਸ਼ੇਰ ਨੇ ਹਰੀ ਸਿੰਘ ਨੂੰ' ਖਾਲੀ-ਹੱਥੀਂ ਇਕੱਲੇ ਨਾਲ ਇਕੱਲਾ' ਆਉਣ ਵਾਸਤੇ ਵੰਗਾਰਿਆ ਹੋਵੇ, ਉਸਨੂੰ ਆਪਣੀ ਤਲਵਾਰ ਕੱਢਣ ਦਾ ਸਮਾਂ ਵੀ ਨਾ ਦਿਤਾ ਅਤੇ ਉਸੇ ਤਰਾਂ ਗੁਰੂ ਦਾ ਅੰਮ੍ਰਿਤ ਛਕ ਕੇ ਬਣਿਆ ਸਿੰਘ (ਸ਼ੇਰ) ਖ਼ਾਲੀ-ਹੱਥੀਂ ਸ਼ੇਰ ਨਾਲ ਹੱਥੋ-ਪਾਈ ਹੋ ਪਿਆ। ਹਰੀ ਸਿੰਘ ਨੇ 'ਸ਼ੇਰ ਦੇ ਚਕ ਵੱਢਣ ਲਈ ਖੁੱਲੇ ਜਬਾੜੇ' ਨੂੰ ਐਸਾ ਮਰੋੜਿਆ ਕਿ ਮੁੜਕੇ ਬੰਦ ਹੋਣ ਜੋਗਾ ਨਾ ਛਡਿਆ, ਪਰੇ ਸੁਟਕੇ ਉਸ ਨੂੰ ਸੌਖੀ ਮੌਤ ਦੇਣ ਲਈ ਝਟਕਾ ਦਿੱਤਾ। ਜਿਸ ਕਰਕੇ ਉਸ ਦਾ ਨਾਮ ਨਲੂਆ(ਨਲਵਾ) ਪੈ ਗਿਆ। ਨਲੂਆ (ਨਲਵਾ): ਮਤਲਬ ਬੱਬਰ ਸ਼ੇਰ; ਸ਼ੇਰ ਦੀ ਵੰਗਾਰ ਨੂੰ ਸਵੀਕਾਰ ਕਰਕੇ ਜਿੱਤਣ ਵਾਲਾ ਬੱਬਰ ਸ਼ੇਰ ਹੀ ਹੋਇਆ ਕਰਦਾ ਹੈ। ਇਸ ਤਰਾਂ ਦਾ ਸ਼ੇਰ ਨਾਲ ਮਕਾਬਲਾ ਕਰਨ ਲਈ ਨਾ ਤਾਂ ਸਕੰਦਰ, ਚੰਗੇਜ਼ ਖਾਨ, ਤੈਮੂਰ ਤੇ ਦੁਨੀਆ ਵਿਚੋਂ ਕਿਸੇ ਹੋਰ ਨੇ ਕਰਨ ਦਾ ਹੌਂਸਲਾ ਕੀਤਾ। ਭਾਵੇਂ ਪੈਸੇ ਨਾਲ ਬਹੁਤ ਫੌਜ ਇਕੱਠੀ ਕਰਕੇ ਮੂੰਹ ਦੇ ਹੁਕਮ ਨਾਲ ਦੁਨੀਆ ਜਿੱਤ ਗਏ।

ਅਫਗਾਨੀ ਸਮਰਾਜ - ਪੰਜਾਬ ਦੀ ਧਰਤੀ, ਕਸੂਰ, ਮੁਲਤਾਨ, ਕਸ਼ਮੀਰ ਅਤੇ ਪੇਸ਼ਾਵਰ ਅਲੋਪ ਹੋਣ ਵਿਚ ਹਰੀ ਸਿੰਘ ਨਲੂਏ ਦੀਆਂ ਮੁਹਿੰਮਾਂ ਦਾ ਸਬੰਧ ਹੈ। ਯਾਨੀਕਿ ਇਨਾਂ ਸਭ ਨੂੰ ਖਾਲਸਾ ਰਾਜ ਵਿਚ ਮਿਲਾ ਦਿੱਤਾ। ਉਹ ਖਾਲਸਾ ਫੌਜ ਦਾ ਮਾਰਸ਼ਲ ਅਤੇ ਅਫ਼ਗਾਨੀਆ ਵਾਸਤੇ ਹਊਆ ਸੀ ਅਤੇ ਪਠਾਣੀਆਂ ਉਹਦਾ ਨਾਂ ਆਪਣੇ ਬੱਚੇ ਚੁੱਪ ਕਰਵਾਉਣ ਵਾਸਤੇ ਲੈਂਦੀਆਂ ਸਨ। ਉਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਤਿੰਨ ਦਹਾਕੇ 1807-1837 ਤਕ ਲੜੀਆਂ ਗਈਆਂ ਸਾਰੀਆਂ ਲੜਾਈਆਂ, ਜੋਸ਼, ਹੋਸ਼ ਅਤੇ ਬਹਾਦਰੀ ਨਾਲ ਲੜਿਆ। ਜਿਸ ਤਰਾਂ 1814 ਈਸਵੀ ਵਿਚ ਉਸ ਦੀ ਅਗਵਾਈ ਹੇਠਾਂ ਉਸ ਦੀ ਫੌਜ ਨੇ ਕਸ਼ਮੀਰੀ ਫੌਜ ਨੂੰ ਕਰਾਰੀ ਹਾਰ ਦੇ ਕੇ ਸ਼ਾਹ ਸੁਜਾਹ ਨੂੰ ਆਜ਼ਾਦ ਕਰਵਾਇਆ ਜਿਸ ਨਾਲ ਮਹਾਰਾਜਾ ਰਣਜੀਤ ਸਿੰਘ ਨੂੰ ਦੁਨੀਆ ਦਾ ਸਭ ਤੋਂ ਕੀਮਤੀ ਹੀਰਾ ਤੋਹਫੇ ਵਜੋਂ ਮਿਲਿਆ।

ਦਰਿਆ ਖ਼ੈਬਰ, 500 ਬੀ.ਸੀ. ਵਿਚ ਯੂਨਾਨੀ (ਸਕੰਦਰ/ਪੋਰਸ ਦੀ ਲੜਾਈ) ਵੀ ਇਸੇ ਰਸਤੇ ਆਏ ਸਨ ਅਤੇ ਇਸ ਤਰਾਂ 2300 ਸਾਲ ਤੋਂ ਇਸ ਰਸਤੇ ਆਉਣ ਵਾਲੇ ਹਮਲਾਵਰ ਜੋ ਪੰਜਾਬੀਆਂ ਨੂੰ ਹਰਾ ਕੇ ਭਾਰਤ ਵਾਸੀਆਂ ਨੂੰ ਲੁੱਟ ਕੇ ਅਤੇ ਬੰਦੀ ਬਣਾ ਕੇ ਲੈ ਜਾਇਆ ਕਰਦੇ ਸਨ, ਵਾਸਤੇ ਕਿਲਾਬੰਦੀ ਕਰਕੇ ਪੱਕੇ ਤੌਰ 'ਤੇ ਰੋਕ ਲਾ ਦਿੱਤੀ।

ਪਹਿਲਾਂ ਇਸ ਰਸਤੇ ਦੀ ਵਰਤੋਂ ਯੂਨਾਨੀ, ਤੁਰਕੀ, ਅਰਬੀ, ਮੁਗ਼ਲ, ਮੰਗੋਲ, ਤਾਤਰਸ (ਤੁਰਕੀ ਕਬੀਲਾ ਜੋ ਰੂਸ ਵਿਚ ਵਸ ਗਿਆ ਸੀ), ਅਫ਼ਗਾਨੀ ਅਤੇ ਹੋਰ ਹਮਲਾਵਰ ਕਰਿਆ ਕਰਦੇ ਸਨ। ਹਰੀ ਸਿੰਘ ਨਲੂਏ ਨੇ ਇਸ ਇਲਾਕੇ ਦੀ ਇੱਕ ਖ਼ਾਸ ਮੁਹਿੰਮ ਉਦੋਂ ਫ਼ਤਿਹ ਕੀਤੀ ਜਦੋਂ ਉਸਨੇ ਆਪੂੰ ਬਣੇ ਰਾਜਪੂਤ ਗੁਲਾਮ ਅਲੀ ਨੂੰ ਜਿਊਂਦਾ ਪਕੜ ਕੇ ਲਾਹੌਰ ਦਰਬਾਰ ਵਿਚ ਭੇਜਿਆ, ਜਿਸ ਤੋਂ ਮਹਾਰਾਜਾ ਰਣਜੀਤ ਸਿੰਘ ਇੰਨਾ ਖੁਸ਼ ਹੋਇਆ ਕਿ ਉਸ ਨੇ ਹਰੀ ਸਿੰਘ ਦੇ ਨਾਮ ਦਾ ਸਿੱਕਾ ਜਾਰੀ ਕਰ ਦਿੱਤਾ।

ਅੱਜ ਦੇ ਇਤਿਹਾਸਕਾਰ ਬੇਸ਼ੱਕ ਨੈਪੋਲੀਅਨ, ਮਾਰਸ਼ਲ ਹੈਂਡਨਬਰਗ, ਲਾਰਡ ਕਿਚਨਰ, ਜਨਰਲ ਕਾਰੋਬਜੀ, ਡਿਊਕ ਆਫ਼ ਵਾਲਿੰਗਟਨ, ਜਨਰਲ ਹਿਟਲਰ, ਹਲਾਕੂ ਖ਼ਾਨ, ਜੰਗੇਜ ਖ਼ਾਨ, ਸਕੰਦਰ, ਰਿਚਰਡ ਜਾਂ ਅਲਾਉਦੀਨ ਆਦਿ ਬਾਰੇ ਸੋਚਦੇ ਹੋਣ ਪਰੰਤੂ ਇਸ ਗੱਲ ਤੋਂ ਰੂਸ ਅਤੇ ਅਮਰੀਕਾ ਵਰਗੀ ਤਾਕਤ ਵੀ ਇਨਕਾਰ ਨਹੀਂ ਕਰ ਸਕਦੀ ਕਿ ਜਿੰਨੇ ਘੱਟ ਵਸੀਲਿਆਂ ਦੇ ਨਾਲ ਹਰੀ ਸਿੰਘ ਨੇ ਪਠਾਣਾਂ ਨੂੰ ਹਰਾਇਆ ਅਤੇ ਪਠਾਣੀਆਂ ਨੇ ਆਪਣੇ ਬੱਚਿਆਂ ਨੂੰ 'ਹਰੀਆ ਰਾਗਲੇ' (ਹਰੀਆ ਆ ਗਿਆ) ਕਹਿ ਕੇ ਡਰਾਇਆ, ਉਹ ਅੱਜ ਦੇ ਆਧੁਨਿਕ ਅਤੇ ਮਾਰੂ ਹਥਿਆਰ ਵਰਤ ਕੇ ਵੀ ਪਠਾਣਾਂ ਅਤੇ ਪਠਾਣੀਆਂ ਵਿਚ ਉਹ ਡਰ ਨਹੀ ਪਾ ਸਕੇ।

ਇਹ ਮਾਣ ਵਾਲੀ ਗੱਲ ਹੈ (**Billionaires Australia Magazine**) ਦੇ ਕਰਾਏ ਮੁਕਾਬਲੇ ਅਨੁਸਾਰ, ਗੁਰੂ ਦਾ ਜੋਧਾ ਹਰੀ ਸਿੰਘ ਨਲੂਆ, ਅੱਜ ਤੱਕ ਦੀ ਦੁਨੀਆਂ ਭਰ ਦੇ ਜੇਤੂਆਂ' ਵਿਚੋਂ ਅਬਲ ਆਇਆ ਹੈ ਤੇ ਚੰਗੇਜ ਖਾਨ ਅਤੇ ਐਲਕਜੈਂਡਰ ਦੂਸਰੇ ਅਤੇ ਤੀਸਰੇ ਸਥਾਨ 'ਤੇ ਆਏ। ਹੈਰਾਨੀ ਵਾਲੀ ਗੱਲ ਇਹ ਹੈ ਕਿ ਤੈਮੂਰ ਜਿਸ ਨੇ ਪਹਿਲਾਂ ਜ਼ਫ਼ਰਨਾਮਾ ਲਿਖਿਆ ਸੀ, ਉਹ ਦਸਵੇਂ ਸਥਾਨ 'ਤੇ ਰਿਹਾ। ਤੈਮੂਰ ਨੇ ਇਸ



ਜ਼ਫ਼ਰਨਾਮੇ ਲਈ 17 ਮਿਲੀਅਨ ਲੋਕ ਮਾਰ ਦਿੱਤੇ, ਹਜ਼ਾਰਾਂ ਹੀ ਜਿਉਂਦ ਬੁਰਜਾਂ ਵਿੱਚ ਗੱਡ ਦਿੱਤੇ ਅਤੇ ਅਣਗਿਣਤ ਔਰਤਾਂ ਦੀ ਪੱਤ ਲੁੱਟੀ। ਏਧਰ ਗੁਰੂ ਦੇ ਯੋਧੇ ਰਣਜੀਤ ਸਿੰਘ ਨੇ ਇਕ ਨੂੰ ਵੀ ਨਾ ਫਾਂਸੀ ਲਾਈ। (ਸਗੋਂ ਮੋਹਰਾਂ ਦੇ ਪਿਆਰ ਪਿੱਛੇ ਸਮਾਜ ਦਾ ਵਿਰੋਧ ਤੇ ਧਾਰਮਿਕ ਆਗੂ 'ਅਕਾਲੀ ਫੂਲਾ ਸਿੰਘ' ਦੀ ਕੋੜਿਆਂ ਦੀ ਸਜਾ ਕਬੂਲ ਕਰਕੇ ਪੰਜਾਬ ਦੇ ਸੱਚਾ ਪਿਆਰ ਕਰਨ ਵਾਲਿਆਂ ('ਹੀਰ ਰਾਂਝਾ', 'ਸੋਹਣੀ ਮਹੀਵਾਲ', 'ਮਿਰਜ਼ਾ ਸਾਹਿਬਾਂ') ਪਿਆਰਿਆਂ ਨਾਲ ਪਿਆਰ ਕਰਨ ਵਾਲੇ, ਦਿਲਾਂ ਨਾਲ ਦਿਲ ਵਟਾਉਣ ਵਾਲੇ ਉਹ ਸੱਚੇ ਆਸ਼ਕ ਪੰਜਾਬ ਦਾ ਵਿਰਸਾ ਤੇ ਉਸ ਦੀ ਸੋਹਣੀ ਮਨਮੋਹਣੀ ਸ਼ਨਾਖਤ ਕਰਨ ਵਾਲਿਆਂ ਦੀ ਕਤਾਰ ਮੂਹਰੇ ਜਾ ਖੜਿਆ ਤੇ ਫਿਰ ਗੁਰੂ ਨਾਨਕ ਦੇਵ ਫਲਸੇ -'ਜਾਤ-ਪਾਤ', 'ਊਚ-ਨੀਚ' ਦਾ ਵਿਰੋਧ ਕਰਦਿਆਂ, 'ਸਰਬਤ ਦਾ ਭਲਾ: ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਤੇ ਦ੍ਰਿੜ ਪਹਿਰਾ ਦੇ, ਬੀਬੀ ਮੋਹਰਾਂ ਨਾਲ ਸ਼ਾਦੀ ਕਰ ਅੱਜ ਤੱਕ ਦੇ ਯੋਧਿਆਂ ˙✶®➲5 1✪➢ ➾1♣˙ ਵਿਚੋਂ ਵੀ ਪਲਿਹੇ ਸਥਾਨ 'ਤੇ ਰਿਹਾ ਸਮਝਿਆ ਜਾ ਸਕਦਾ ਹੈ। ਯਾਦ ਰਲੇ ਕਿ ਮਹਾਰਾਜਾ ਰਣਜੀਤ ਸਿੰਘ ਦਾ ਨਾਂ ਰਾਜਿਆਂ ਦੀ ਉਸ ਲਿਸਟ ਵਿਚ ਵੀ ਹੈ ਜੋ ਕਦੇ ਨਹੀਂ ਹਾਰੇ।

ਜਿੱਥੇ ਸ਼ਾਹ ਜਹਾਨ ਨੇ ਆਪਣੀ ਬੇਗਮ ਮੁਮਤਾਜ ਲਈ ਉਸ ਦੀ ਮਿਰਤੂ ਪਿਛੋਂ 'ਤਾਜ ਮਹਿਲ' ਬਣਵਾਇਆ, ਇਥੇ ਮਾਹਰਾਜੇ ਨੇ ਬੀਬੀ ਮੋਹਰਾਂ ਦੇ ਨਾਂ ਤੇ 'ਉਸ ਦੇ ਜੀਂਦੇ ਜੀ' ਸਿੱਕਾ ਚਲਾਇਆ, ਉਸ ਦੇ ਆਪਣੇ ਧਰਮ ਦੀ ਮਸਜਿਦ ਬਣਵਾਈ। ਉਸ ਨੂੰ ਮਹਾਰਾਣੀ ਸਾਹਿਬਾਂ ਬਣਾ ਦਿੱਤਾ। ਮੋਹਰਾਂ ਵਿਚ ਮੋਹਰਾਂ ਸਰਕਾਰ ਬਣਨ ਦੀ ਯੋਗਤਾ ਸੀ, ਭਾਵ ਨਿਆਂ ਕਰਨ ਦੀ, ਉਹ ਸਮਾਜ ਲਈ ਕਚਹਿਰੀ ਲਾਉਂਦੀ ਰਹੀ। ਉਸ ਨੇ ਮਦਰਸਾ, ਸ਼ਿਵਾਲਾ ਮੰਦਰ ਬਣਵਾਇਆ ਤੇ ਸਮਾਜ ਲਈ ਹੋਰ ਕਈ ਕੰਮ ਕੀਤੇ। ਆਪਣੇ ਅੱਲਾ ਨੂੰ ਪਿਆਰੀ ਹੋਣ ਤੋਂ ਪਹਿਲਾਂ ਸਮਾਜ ਨੂੰ ਪਿਆਰੀ ਹੋ ਗਈ ਸੀ। ਉਸ ਦੇ ਮੋਹਰਾਂ ਨਾਲ ਸੱਚਾ ਪਿਆਰ ਦੀ ਗਵਾਈ ਸੋਹਨ ਲਾਲ ਜੋ ਉਸ ਵੇਲੇ ਦਾ ਲੇਖਕ, ਗਵਰਨਰ-ਜਨਰਲ ਲਾਰਡ ਵਿਲੀਅਮ ਬੈਂਟਿਗ ਜੋ ਇੰਗਲੈਂਡ ਦੇ ਬਾਦਸ਼ਾਹ ਦਾ ਈਸਟ ਇੰਡੀਆ ਕੰਪਨੀ ਵਲੋਂ ਪ੍ਰਤੀਨਿਧ ਸੀ ਦੀ ਮਹਾਰਾਜੇ ਨਾਲ ਇਕ ਵਪਾਰਕ ਸਿਧੀ ਮੁਲਾਕਾਤ ਲਈ ਰੋਪੜ ਆਇਆ, ਲਾਰਡ ਵਿਲੀਅਮ ਵਲੋਂ ਸ੍ਰੀਮਤੀ ਬੈਂਟਿਗ ਨੂੰ ਬੇੜੀ 'ਚੋਂ ਉਤਾਰਦਿਆਂ ਵੇਖਕੇ ਮਹਾਰਾਜੇ ਦੀ ਪ੍ਰਤੀਕ੍ਰਿਆ ਵਰਨਣ ਕਰਦਾ ਹੈ: 'ਜਿਉਂ ਹੀ ਬੇਗਮ ਸਾਹਿਬਾਂ ਨੇ ਬੇੜੀ ਰਾਹੀਂ ਦਰਿਆ ਪਾਰ ਕੀਤਾ, ਨਵਾਬ ਸਾਹਿਬ ਲਾਰਡ ਬੈਟਿਕ ਆਪ ਸਵਾਗਤ ਲਈ ਨਿੱਜੀ ਤੌਰ 'ਤੇ ਅੱਗੇ ਵਧੇ ਤੇ ਉਸ ਨੂੰ ਹੱਥ ਤੋਂ ਫੜ ਕੇ ਕੁਰਸੀ 'ਤੇ ਇਸ ਤਰਾਂ ਬਿਠਾਇਆ ਜਿਸ ਤੋਂ ਉਸਦਾ ਦਿਲੀ ਪਿਆਰ ਪ੍ਰਗਟ ਹੁੰਦਾ ਸੀ। ਮਹਾਰਾਜੇ ਨੂੰ ਉਸ ਸਮੇਂ ਬੀਬੀ ਮੋਹਰਾਂ ਦੀ ਯਾਦ ਆਈ ਕਿਉਂਕਿ ਉਸ ਨਾਲ ਉਸ ਦਾ ਪਿਆਰ ਤੇ ਸਹਿਮਤੀ ਵੀ ਉਸ ਤਰਾਂ ਦੀ ਹੈ ਤੇ ਉਸ ਦਾ ਵਿਛੋੜਾ ਪਲ ਭਰ ਸਹਿ ਨਹੀਂ ਸਕਦਾ'। **Fakir Syed Waheeduddin** ਨੇ ਆਪਣੀ ਕਿਤਾਬ **The Real Ranjit Singh** ਵਿਚ ਲਿਖਿਆ ਕਿ ਮੋਹਰਾਂ ਦੀ ਮੌਤ ਤੇ ਰਣਜੀਤ ਸਿੰਘ ਦਾ ਕਿੰਨਾ ਦਿਲ ਟੁੱਟਿਆ ਸੀ, ਤੇ ਫਿਰ ਮੋਹਰਾਂ ਦੀ ਉਸਨੂੰ ਕਿੰਨੀ ਯਾਦ ਆਉਂਦੀ ਰਹੀ ਸੀ!)

ਹਰੀ ਸਿੰਘ ਨਲੂਏ ਨੇ ਹਰ ਧਰਮ ਦੀਆਂ ਔਰਤਾਂ ਦਾ ਪੂਰਾ ਸਤਿਕਾਰ ਕੀਤਾ। ਜਿਸ ਤਰਾਂ ਬਹੁਤ ਮਿਸਲਾਂ ਵਿਚੋਂ ਇਕ ਪਠਾਣੀ ਬਾਨੋ ਦੀ ਹੈ। ਬਾਨੋ ਦਾ ਮੰਗੇਤਰ ਉਸ ਨਾਲ ਸ਼ਾਦੀ ਕਰਨ ਨੂੰ ਟਾਲ ਮਟੋਲ ਕਰੀ ਜਾ ਰਿਹਾ ਸੀ ਕਿਉਂਕਿ ਉਹ ਹਰੀ ਸਿੰਘ ਨਲੂਏ ਦੇ ਹਮਲੇ ਹੋਣ ਦੀ ਅਫਵਾ ਤੋਂ ਡਰਿਆ ਹੋਇਆ ਸੀ। ਭਾਵੇਂ ਉਹ ਆਪਣੀ ਮਰਦਾਨਗੀ ਦੇ ਕਿੱਸੇ ਬਾਨੋ ਨੂੰ ਸੁਣਾਉਂਦਾ ਹੀ ਰਹਿੰਦਾ ਸੀ। ਬਾਨੋ ਆਪਣੀ ਫ਼ਰਿਆਦ ਲੈ ਕੇ ਜਦੋਂ ਹਰੀ ਸਿੰਘ ਕੋਲ ਗਈ ਤਾਂ ਬਾਨੋ ਨੇ ਹਰੀ ਸਿੰਘ ਕੋਲ ਹੀ ਰਹਿਣ ਦਾ ਇਰਾਦਾ ਕਰ ਲਿਆ ਤਾਂ ਕਿ ਉਹ ਹਰੀ ਸਿੰਘ ਨਾਲ ਇਕ ਹਰੀ ਸਿੰਘ ਵਰਗਾ ਬਹਾਦਰ ਬੇਟਾ ਪੈਦਾ ਕਰ ਸਕੇ। ਪਰ ਹਰੀ ਸਿੰਘ ਆਪ ਹੀ ਉਸ ਦਾ ਪੁੱਤਰ ਬਣ ਗਿਆ ਭਾਵ ਬਾਨੋ ਨੂੰ ਮਾਂ ਸਮਝ ਕੇ ਉਸ ਨੂੰ ਵਿਦਾ ਕੀਤਾ।

'ਤੈਮੂਰ ਨੇ ਆਪਣੇ ਜ਼ਫ਼ਰਨਾਮੇ ਵਾਸਤੇ ਆਪਣੇ ਹਮਜੋਲੀ ਰਾਜਾ ਅਮੀਰ ਹੁਸੈਨ ਦੀ ਹਤਿਆ ਕਰ, ਉਸ ਦੀ ਇਕ ਪਤਨੀ ਜੋ ਮੰਗੋਲਾਂ ਦੀ 13ਵੀਂ ਪੁਸ਼ਤ ਵਿਚੋਂ ਸੀ ਨਾਲ ਸ਼ਾਦੀ ਕਰ, ਮੰਗੋਲਾਂ ਦਾ ਜਵਾਈ ਬਣ ਦੁਨੀਆ ਜਿੱਤੀ ਪਰ ਫਿਰ ਵੀ ਰਾਜ 'ਇਕ ਫਰਜੀ ਰਾਜਾ ਮੰਗੋਲ' ਰਾਹੀਂ ਹੀ ਕਰਨਾ ਪਿਆ, ਕਿਉਂਕਿ ਭਾਵੇਂ ਮੰਗੋਲ ਇਕ ਸਦੀ ਤੋਂ ਪਹਿਲਾਂ ਮਰ ਮੁਕ ਗਏ ਸਨ, ਪਰ ਫਿਰ ਵੀ ਉਨਾਂ ਦੇ ਨਾਂ ਦਾ ਇਤਨਾ ਵਚਕਾ ਸੀ ਕਿ ਰਾਜਾ ਉਨਾਂ ਦੇ ਘਰਾਣੇ ਤੋਂ ਬਾਹਰ ਨਹੀਂ ਹੋ ਸਕਦਾ ਸੀ। ਤੈਮੂਰ ਮੰਗੋਲ ਘਰਾਣੇ ਵਿਚੋਂ ਨਾ ਹੋਣ ਕਰਕੇ, ਉਹ ਮੰਗੋਲ ਬਾਦਸ਼ਾਹ ਨਾ ਬਣ ਸਕਿਆ, ਇਸ ਲਈ ਉਸ ਨੂੰ ਰਾਜ, ਮੰਗੋਲ ਘਰਾਣੇ ਦਾ ਇਕ ਫਰਜੀ ਰਾਜਾ ਅੱਗੇ ਕਰਕੇ ਕਰਨਾ ਪਿਆ- ਭਾਵੇਂ ਮੰਗੋਲ ਘਰਾਣੇ ਦੀ 13ਵੀਂ ਪੁਸ਼ਤ ਦੀ ਔਰਤ ਨੂੰ ਵਿਧਵਾ ਕਰਕੇ ਤੇ ਉਸ ਨਾਲ ਜਬਰੀ ਸ਼ਾਦੀ ਕਰਕੇ, ਮੰਗੋਲ ਘਰਾਣੇ ਦਾ ਜਵਾਈ ਬਣ ਗਿਆ ਸੀ।'

ਇਸ ਲਈ ਔਰੰਗਜ਼ੇਬ ਆਪਣੇ ਪੁਸ਼ਤੀ ਜ਼ਫ਼ਰਨਾਮੇ ਨੂੰ 'ਗੁਰੂ ਦਾ ਹੋਣ ਵਾਲਾ ਜ਼ਫ਼ਰਨਾਮੇ' ਦਾ ਅੰਦਾਜਾ ਲਾ ਝੱਟਕਾ ਖਾ ਗਿਆ ਤੇ ਚਲ ਵਸਿਆ। ਜਿੱਤ ਉਹ ਜੋ ਦੁਨੀਆਂ ਮੰਨੇ। ਜਿੱਥੇ ਤੈਮੂਰ ਆਪਣੇ ਆਪ ਨੂੰ ਰੱਬ ਦਾ ਨੌਕਰ ਆਖਦਾ ਸੀ ਪਰ ਇਤਿਹਾਸਕਾਰ ਉਸਨੂੰ ਰੱਬ ਦਾ ਛੰਟਾਂ ਜਾਣਦੇ ਸਨ ਤੇ ਇਹੋ ਹੀ ਰੀਤ ਉਸ ਦੀਆਂ ਪੁਸ਼ਤਾਂ ਵਿਚ ਗਈ ਜੋ ਗੁਰੂਆਂ ਨਾਲ ਟਕਰਾ ਕੇ ਝੜ ਗਈ। ਏਧਰ ਗੁਰੂ ਦੇ ਜ਼ਫ਼ਰਨਾਮੇ ਦੇ ਯੋਧੇ ਰਣਜੀਤ ਸਿੰਘ ਅੱਜ ਤੱਕ ਦੀ ਦੁਨੀਆ ਦੇ ਯੋਧੇ ਲੀਡਰਾਂ ਵਿਚੋਂ ਅਬਲ ਆਇਆ ਤੇ ਹਰੀ ਸਿੰਘ ਨਲਵਾ ਅੱਜ ਤੱਕ ਦੀ ਦੁਨੀਆ ਦੇ ਯੋਧਿਆਂ ਵਿਚੋਂ। ਬੰਦਾ ਸਿੰਘ ਬਹਾਦਰ ਨੂੰ ਕੌਣ ਨਹੀਂ ਜਾਣਦਾ ਜਿਸ ਨੇ ਸਾਹਿਬਜਾਦਿਆਂ ਨੂੰ ਮਾਰਨ ਵਾਲੇ ਵਜ਼ੀਰ ਖਾਨ ਨੂੰ ਮਿੱਟੀ ਵਿਚ ਮਿਟਾ (ਉਸ ਦੀ ਹੋਂਦ ਖਤਮ ਕਰ) ਦਿੱਤਾ ਤੇ ਪੰਜਾਬ ਨੂੰ ਜਿੱਤ ਖਾਲਸਾ ਰਾਜ ਦੀ ਨੀਂਹ ਰੱਖੀ। ਇਹ ਸੀ ਗੁਰੂ ਗੋਬਿੰਦ ਸਿੰਘ ਦੇ ਜ਼ਫ਼ਰਨਾਮੇ ਦਾ ਭਾਵ।

**ਸਮਾਪਤ**


## ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ



**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀਆਂ ਪ੍ਰਚਾਰ-ਯਾਤਰਾਵਾਂ ਅਤੇ ਸੰਦੇਸ਼

**ਡਾ. ਪਰਮਵੀਰ ਸਿੰਘ**
**ਸਿੱਖ ਵਿਸ਼ਵਕੋਸ਼ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

ਗੁਰੂ ਤੇਗ ਬਹਾਦਰ ਦਾ ਜੀਵਨ, ਬਾਣੀ ਅਤੇ ਸ਼ਹਾਦਤ ਮਨੁੱਖਤਾ ਦਾ ਮਾਰਗ ਦਰਸ਼ਨ ਕਰਦੀਆਂ ਹਨ। ਸ਼ਹਾਦਤ ਗੁਰੂ ਤੇਗ ਬਹਾਦਰ ਜੀ ਦੀ ਵਿਚਾਰਧਾਰਾ ਦੀ ਸਿਖਰ ਹੈ ਜਿਹੜੀ ਕਿ ਪ੍ਰਭੂ-ਮੁਖੀ ਜੀਵਨ ਬਸਰ ਕਰਦੇ ਹੋਏ ਨਾ ਕਿਸੇ ਤੋਂ ਡਰਨ ਅਤੇ ਅਤੇ ਨਾ ਹੀ ਕਿਸੇ ਨੂੰ ਡਰਾਉਣ ਦੀ ਪ੍ਰੇਰਨਾ ਅਤੇ ਭਾਵਨਾ ਪੈਦਾ ਕਰਦੀ ਹੈ। ਗੁਰੂ ਜੀ ਨੇ ਇਸ ਵਿਚਾਰਧਾਰਾ ਪ੍ਰਤਿ ਆਮ ਲੋਕਾਂ ਵਿਚ ਚੇਤਨਾ ਪੈਦਾ ਕਰਨ ਲਈ ਪ੍ਰਚਾਰ ਯਾਤਰਾਵਾਂ ਕੀਤੀਆਂ ਸਨ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਦੀਆਂ ਸਭ ਤੋਂ ਵਧੇਰੇ ਪ੍ਰਚਾਰ ਯਾਤਰਾਵਾਂ ਦੇਖਣ ਨੂੰ ਮਿਲਦੀਆਂ ਹਨ ਜਿਹੜੀਆਂ ਕਿ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਅਸਾਮ ਅਤੇ ਬੰਗਲਾਦੇਸ਼ ਤੱਕ ਫੈਲੀਆਂ ਹੋਈਆਂ ਹਨ। ਇਨਾਂ ਅਸਥਾਨਾਂ 'ਤੇ ਗੁਰੂ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨ ਮੌਜੂਦ ਹਨ ਜਿਹੜੇ ਕਿ ਉਨਾਂ ਦੀ ਦੈਵੀ ਹਸਤੀ ਅਤੇ ਪਰਉਪਕਾਰ ਦੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ।

ਗੁਰੂ ਜੀ ਦੀਆਂ ਇਨਾਂ ਯਾਤਰਾਵਾਂ ਦਾ ਮਨੋਰਥ ਮਨੁੱਖਤਾ ਨੂੰ ਪ੍ਰਭੂ-ਮੁਖੀ ਅਤੇ ਸਦਾਚਾਰੀ ਜੀਵਨਜਾਚ ਵੱਲ ਪ੍ਰੇਰਿਤ ਕਰਨਾ ਸੀ ਪਰ ਇਸ ਦੇ ਨਾਲ ਹੀ ਗੁਰੂ ਜੀ ਆਮ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਜੁੜੀਆਂ ਹੋਈਆਂ ਸਮੱਸਿਆਵਾਂ ਦਾ ਵੀ ਸਮਾਧਾਨ ਕਰਦੇ ਨਜ਼ਰ ਆਉਂਦੇ ਹਨ ਜਿਵੇਂ ਗੁਰੂ ਜੀ ਦੀਆਂ ਪ੍ਰਚਾਰ ਯਾਤਰਾਵਾਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਛੱਪੜ ਸਾਫ਼ ਕਰਾਉਣ ਅਤੇ ਖੂਹ ਲਵਾਉਣ ਵਿਚ ਵਿਸ਼ੇਸ਼ ਰੁਚੀ ਲੈਂਦੇ ਸਨ। ਪਾਣੀ ਦੀ ਪੂਰਤੀ ਲਈ ਖੂਹ ਲਵਾਉਣਾ ਇਕ ਵੱਡਾ ਕੰਮ ਸੀ ਜਿਹੜਾ ਕਿ ਕੋਈ ਹਾਰ-ਸਾਰੀ ਨਹੀਂ ਕਰ ਸਕਦਾ ਸੀ। ਆਮ ਲੋਕਾਂ ਲਈ ਪਾਣੀ ਦੀ ਪੂਰਤੀ ਇਨਾਂ ਖੂਹਾਂ ਤੋਂ ਹੀ ਹੁੰਦੀ ਸੀ ਇਸ ਲਈ ਜਿਹੜੇ ਪਿੰਡ ਵਿਚ ਜਿਹੜਾ ਵੀ ਵਿਅਕਤੀ ਖੂਹ ਲਵਾਉਣ ਦੀ ਇੱਛਾ ਰੱਖਦਾ ਸੀ, ਗੁਰੂ ਜੀ ਉਸ ਨੂੰ ਉਤਸ਼ਾਹ ਅਤੇ ਪ੍ਰੇਰਨਾ ਬਖ਼ਸ਼ਦੇ ਸਨ। ਨਵੇਂ ਖੂਹ ਲਵਾਉਣ ਦੇ ਨਾਲ-ਨਾਲ ਪੁਰਾਤਨ ਖੂਹਾਂ ਦੇ ਪਾਣੀ ਨੂੰ ਵਰਤੋਂ ਯੋਗ ਬਣਾਉਣ ਵਿਚ ਗੁਰੂ ਜੀ ਦਾ ਵਿਸ਼ੇਸ਼ ਯੋਗਦਾਨ ਸੀ। ਧਰਤੀ ਹੇਠਲੇ ਪਾਣੀ ਦੀ ਆਪਣੀ ਤਾਸੀਰ ਹੈ ਅਤੇ ਇਸ ਦੇ ਗੰਧਲਾ ਹੋਣ ਦੇ ਕਈ ਕਾਰਨ ਹੋ ਸਕਦੇ ਹਨ ਪਰ ਜਿੱਥੇ ਪਾਣੀ ਖਾਰਾ ਸੀ ਉੱਥੇ ਪਾਣੀ ਮਿੱਠਾ ਕਰਨ ਦੀਆਂ ਕਈ ਸਾਖੀਆਂ ਗੁਰੂ ਜੀ ਦੀਆਂ ਯਾਤਰਾਵਾਂ ਦੌਰਾਨ ਦੇਖਣ ਨੂੰ ਮਿਲਦੀਆਂ ਹਨ। ਪਿੰਡਾਂ ਦੇ ਆਮ ਲੋਕਾਂ ਦਾ ਆਤਮਿਕ ਬਲ ਚੁੱਕਣ ਲਈ ਗੁਰੂ ਜੀ ਵਿਸ਼ੇਸ਼ ਜ਼ੋਰ ਦਿੰਦੇ ਸਨ ਜਿਹੜਾ ਕਿ ਉਹਨਾਂ ਨੂੰ ਸਮੇਂ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਵਿਚ ਸਹਾਈ ਹੁੰਦਾ ਸੀ। ਗੁਰੂ ਜੀ ਜਾਣਦੇ ਸਨ ਕਿ ਆਤਮਿਕ ਤੌਰ 'ਤੇ ਕਮਜ਼ੋਰ ਵਿਅਕਤੀ ਸਮਾਜ ਅਤੇ ਪਰਿਵਾਰ ਦੇ ਵਿਕਾਸ ਲਈ ਕੋਈ ਕਾਰਜ ਨਹੀਂ ਕਰ ਸਕਦਾ ਅਤੇ ਉਹ ਆਪਣੇ ਹਰ ਇਕ ਕਾਰਜ ਲਈ ਦੂਜਿਆਂ 'ਤੇ ਨਿਰਭਰ ਕਰਦਾ ਹੈ ਜਿਸ ਵਿਚੋਂ ਅਧੀਨਗੀ ਦੀ ਭਾਵਨਾ ਪ੍ਰਗਟ ਹੁੰਦੀ ਹੈ। ਪਿੰਡਾਂ ਦੇ ਆਮ ਲੋਕਾਂ ਵਿਚ ਛੋਟੇ-ਛੋਟੇ ਵਿਸ਼ਵਾਸ ਇਸੇ ਕਰਕੇ ਜਨਮ ਲੈਣ ਲੱਗ ਪੈਂਦੇ ਹਨ ਜਿਨਾਂ ਵਿਚੋਂ ਲੋਕ ਆਤਮ-ਸੰਤੁਸ਼ਟੀ ਲੱਭਦੇ ਹਨ। ਇਹ ਵਿਸ਼ਵਾਸ ਕਰਮਕਾਂਡ ਵੱਲ ਲੈ ਕੇ ਜਾਣ ਦੇ ਨਾਲ-ਨਾਲ ਵਿਰੋਧਤਾ ਪੈਦਾ ਕਰਨ ਦਾ ਕਾਰਜ ਵੀ ਕਰਦੇ ਹਨ। ਗੁਰੂ ਜੀ ਕੇਵਲ ਇਕ ਪਰਮਾਤਮਾ ਵਿਚ ਵਿਸ਼ਵਾਸ ਪੈਦਾ ਕਰਨ 'ਤੇ ਜ਼ੋਰ ਦਿੰਦੇ ਹਨ ਜਿਹੜਾ ਸਮੁਚੀ ਲੋਕਾਈ ਦਾ ਪਿਤਾ ਅਤੇ ਸਭਨਾਂ ਦੇ ਕਾਰਜ ਸੰਵਾਰਨ ਦੀ ਸਮਰੱਥਾ ਰੱਖਦਾ ਹੈ।

ਗੁਰੂ ਜੀ ਦੇ ਨਾਂ 'ਤੇ ਪਿੰਡਾਂ ਵਿਚ ਵਰ-ਸਰਾਪ ਦੀਆਂ ਸਾਖੀਆਂ ਆਮ ਸੁਣਾਈਆਂ ਜਾਂਦੀਆਂ ਹਨ। ਸਰਾਪੇ ਗਏ ਚੌਧਰੀ ਹੰਕਾਰ ਦਾ ਪ੍ਰਤੀਕ ਸਨ ਜਿਨਾਂ ਦੇ ਮਨ ਵਿਚ ਰਾਹਗੀਰਾਂ, ਮੁਸਾਫਰਾਂ ਅਤੇ ਲੋੜਵੰਦਾਂ ਲਈ ਕੋਈ ਥਾਂ ਨਹੀਂ ਸੀ। ਇਹ ਹੰਕਾਰ ਹੀ ਉਨਾਂ ਦੇ ਪਤਨ ਦਾ ਕਾਰਨ ਬਣਿਆ। ਇਸ ਦੇ ਉਲਟ ਜਿਹੜੇ ਵਿਅਕਤੀਆਂ ਨੇ ਗੁਰੂ ਜੀ ਪ੍ਰਤੀ ਸੇਵਾ ਅਤੇ ਸ਼ਰਧਾ ਭਾਵਨਾ ਪ੍ਰਗਟ ਕੀਤੀ, ਉਹ ਨਿਮਰਤਾ ਦਾ ਪ੍ਰਤੀਕ ਬਣ ਕੇ ਤਰੱਕੀਆਂ ਕਰ ਗਏ। ਦੂਜਿਆਂ ਪ੍ਰਤਿ ਹਮਦਰਦੀ ਅਤੇ ਪ੍ਰੇਮ ਦੀ ਭਾਵਨਾ ਰੱਖਣ ਨਾਲ ਹੀ ਮਨ ਜਿੱਤਿਆ ਜਾ ਸਕਦਾ ਹੈ ਜਿਹੜਾ ਕਿ ਅਧਿਆਤਮਿਕ ਉਨਤੀ, ਸਮਾਜਿਕ ਵਿਕਾਸ ਅਤੇ ਭਾਈਚਾਰਕ ਸਾਂਝ ਦਾ ਕਾਰਨ ਬਣਦਾ ਹੈ। ਕਿਰਤ ਕਮਾਈ ਵਿਚੋਂ ਵੰਡ ਕੇ ਛਕਣਾ ਅਤੇ ਲੋੜਵੰਦਾਂ ਦੀ ਸਹਾਇਤਾ ਕਰਨੀ ਗੁਰੂ ਸਾਹਿਬ ਦੇ ਜੀਵਨ ਦਾ ਉਦੇਸ਼ ਸੀ। ਪਿੰਡਾਂ ਵਿਚ ਗੁਰੂ ਸਾਹਿਬਾਨ ਨਾਲ ਜੁੜੀਆਂ ਹੋਈਆਂ ਸਾਖੀਆਂ ਉਹਨਾਂ ਦੀ ਇਸ ਸਿੱਖਿਆ ਦੀ ਗਵਾਹੀ ਭਰਦੀਆਂ ਹਨ।

ਗੁਰੂ ਜੀ ਦੀਆਂ ਜੀਵਨ ਯਾਤਰਾਵਾਂ ਵਿਚੋਂ ਮਾਫ ਕਰਨ ਦਾ ਗੁਣ ਬਹੁਤ ਉਭਰ ਕੇ ਸਾਹਮਣੇ ਆਉਂਦਾ ਹੈ। ਜਦੋਂ ਕਿਸੇ ਪਿੰਡ ਵਿਚ ਗੁਰੂ ਜੀ ਦਾ ਸਤਿਕਾਰ ਨਹੀਂ ਹੁੰਦਾ ਜਾਂ ਹਉਮੈ ਵੱਸ ਕੋਈ ਨਿਰਾਦਰ ਕਰ ਦਿੰਦਾ ਹੈ ਤਾਂ ਉਹ ਕਿਸੇ ਨੂੰ ਕੁਝ ਕਹੇ ਬਗ਼ੈਰ ਅੱਗੇ ਚਲੇ ਜਾਂਦੇ ਹਨ। ਜਦੋਂ ਪਿੰਡ ਵਾਸੀਆਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਗੁਰੂ ਜੀ ਤੋਂ ਮੁਆਫੀ ਮੰਗਣ ਲਈ ਉਨਾਂ ਦੇ ਪਿਛੇ ਅਗਲੇ ਪਿੰਡ ਚਲੇ ਜਾਂਦੇ ਹਨ। ਪਿੰਡ ਵਾਸੀਆਂ ਨੂੰ ਉਨਾਂ ਦੀ ਗਲਤੀ ਦਾ ਅਹਿਸਾਸ ਹੋਇਆ ਦੇਖ ਕੇ ਗੁਰੂ ਜੀ ਉਨਾਂ ਨੂੰ ਮੁਆਫ ਕਰ ਦਿੰਦੇ ਹਨ। ਮੁਆਫੀ ਮੰਗਣ ਵਾਲੇ ਗੁਰੂ ਜੀ ਲਈ ਦੁੱਧ, ਗੁੜ ਆਦਿ ਭੇਟ ਕਰਨ ਲਈ ਲੈ ਕੇ ਆਉਂਦੇ ਹਨ। ਗੁਰੂ ਜੀ ਸੰਕੇਤ ਮਾਤਰ ਇਹ ਪਦਾਰਥ ਗ੍ਰਹਿਣ ਕਰਕੇ ਉਹਨਾਂ ਨੂੰ ਗਲ ਨਾਲ ਲਾਉਂਦੇ ਹਨ ਅਤੇ ਬਾਕੀ ਪਦਾਰਥ ਸੰਗਤ ਵਿਚ ਵੰਡ ਦਿੰਦੇ ਹਨ। ਗੁਰੂ ਜੀ ਨਾਲ ਜਿਹੜੀ ਸੰਗਤ ਚੱਲ ਰਹੀ ਹੈ, ਉਹ ਪਦਾਰਥ ਇਕੱਤਰ ਨਹੀਂ ਕਰਦੀ ਬਲਕਿ ਜਿਹੜੇ ਪਦਾਰਥ ਆਉਂਦੇ ਹਨ ਉਨਾਂ ਨੂੰ ਉਸੇ ਸਮੇਂ ਵਰਤਾ ਦਿੱਤਾ ਜਾਂਦਾ ਹੈ। ਪਦਾਰਥ ਇਕੱਤਰ ਨਾ ਕਰਨ ਅਤੇ ਪਰਮਾਤਮਾ 'ਤੇ ਭਰੋਸਾ ਰੱਖਣ ਦੀਆਂ ਮਿਸਾਲਾਂ ਨਾਲ ਗੁਰੂ ਜੀ ਦੀਆਂ ਜੀਵਨ ਸਾਖੀਆਂ ਭਰੀਆਂ ਪਈਆਂ ਹਨ।

ਗੁਰੂ ਜੀ ਦੀਆਂ ਪ੍ਰਚਾਰ-ਯਾਤਰਾਵਾਂ ਦੌਰਾਨ ਦੁੱਧ ਦੀ ਸੇਵਾ ਨੂੰ ਹੀ ਪ੍ਰਮੁੱਖ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਗੁਰੂ ਸਾਹਿਬਾਨ ਦੀਆਂ ਜੀਵਨ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਦੁੱਧ ਨੂੰ ਬਹੁਤ ਹੀ ਅਨਮੋਲ ਪਦਾਰਥ ਸਮਝਿਆ ਜਾਂਦਾ ਸੀ। ਦੁੱਧ ਨਾਲ ਮਹਿਮਾਨ ਦੀ ਸੇਵਾ ਕਰਨ ਵਿਚ ਮਾਣ ਮਹਿਸੂਸ ਕੀਤਾ ਜਾਂਦਾ ਸੀ। ਦੁੱਧ ਤੋਂ ਬਣੇ ਹੋਏ ਲੱਸੀ, ਮੱਖਣ, ਖੀਰ ਆਦਿ ਪਦਾਰਥ ਵੀ ਸਰੀਰਕ ਤੰਦਰੁਸਤੀ ਲਈ ਜ਼ਰੂਰੀ ਸਮਝੇ ਜਾਂਦੇ ਸਨ। ਦੁੱਧ ਰਾਹੀਂ ਮਹਿਮਾਨ ਨਿਵਾਜ਼ੀ ਇਕ ਪਾਸੇ ਇਸ ਪਦਾਰਥ ਪ੍ਰਤਿ ਭਾਵਨਾਤਮਿਕ ਸਾਂਝ ਅਤੇ ਸ਼ੁੱਧਤਾ ਦਾ ਪ੍ਰਗਟਾਵਾ ਕਰਦੀ ਹੈ ਅਤੇ ਦੂਜੇ ਪਾਸੇ ਜਾਨਵਰਾਂ ਪ੍ਰਤੀ ਸੰਵੇਦਨਾ ਪੈਦਾ ਕਰਦੀ ਹੈ।

ਗੁਰੂ ਤੇਗ ਬਹਾਦਰ ਜੀ ਨੇ ਉਨਾਂ ਅਸਥਾਨਾਂ ਦੀ ਹੀ ਵਧੇਰੇ ਯਾਤਰਾ ਕੀਤੀ ਜਿੱਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਗਏ ਸਨ। ਬਹੁਤ ਸਾਰੇ ਅਸਥਾਨਾਂ 'ਤੇ ਦੋਵੇਂ ਗੁਰੂ ਸਾਹਿਬਾਨ ਦੇ ਗੁਰਧਾਮ ਇਕੱਠੇ ਜਾਂ ਨੇੜੇ-ਨੇੜੇ ਹੀ ਦੇਖਣ ਨੂੰ ਮਿਲਦੇ ਹਨ ਜਿਵੇਂ ਨਿਜ਼ਾਮਾਬਾਦ, ਬਨਾਰਸ, ਅਲਾਹਾਬਾਦ, ਪਟਨਾ ਸਾਹਿਬ, ਕਲਕੱਤਾ, ਢਾਕਾ, ਧੂਬੜੀ ਸਾਹਿਬ ਆਦਿ। ਜਿਹੜੇ ਅਸਥਾਨ ਗੁਰੂ ਨਾਨਕ ਦੇਵ ਜੀ ਦੇ ਸਮੇਂ ਪ੍ਰਗਟ ਹੋ ਗਏ ਸਨ ਉੱਥੇ ਸਿੱਖ ਸੰਗਤ ਕਾਇਮ ਹੋ ਗਈ ਸੀ। ਜਦੋਂ ਗੁਰੂ ਤੇਗ ਬਹਾਦਰ ਜੀ ਉਹਨਾਂ ਅਸਥਾਨਾਂ 'ਤੇ ਜਾਂਦੇ ਹਨ ਤਾਂ ਇਲਾਕੇ ਦੇ ਪ੍ਰਚਾਰਕ ਜਾਂ ਮਸੰਦ ਗੁਰੂ ਜੀ ਦੀ ਸੇਵਾ ਕਰਨ ਵਿਚ ਵਿਸ਼ੇਸ਼ ਰੁਚੀ ਲੈਂਦੇ ਹਨ ਅਤੇ ਆਲੇ-ਦੁਆਲੇ ਦੀ ਸੰਗਤ ਨੂੰ ਪ੍ਰੇਰ ਕੇ ਉਨਾਂ ਅਸਥਾਨਾਂ 'ਤੇ ਲੈ ਕੇ ਆਉਂਦੇ ਹਨ ਜਿੱਥੇ ਗੁਰੂ ਜੀ ਨੇ ਨਿਵਾਸ ਕੀਤਾ ਹੁੰਦਾ ਸੀ। ਗੁਰੂ ਸਾਹਿਬਾਨ ਦੇ ਸਮੇਂ ਅਬਾਦ ਹੋਏ ਅਸਥਾਨਾਂ ਵਿਚੋਂ ਬਹੁਤੇ 1947 ਦੀ ਭਾਰਤ-ਪਾਕਿ ਵੰਡ ਸਮੇਂ ਵੀਰਾਨ ਹੋ ਗਏ। ਪੂਰਬੀ ਪਾਕਿਸਤਾਨ ਵਿਚ ਰਹਿ ਗਏ ਅਸਥਾਨ ਲਗਭਗ ਵੀਰਾਨ ਹੋ ਗਏ। ਮੌਜੂਦਾ ਬੰਗਲਾਦੇਸ਼ ਵਿਚ ਕੇਵਲ ਪੰਜ ਗੁਰ-ਅਸਥਾਨਾਂ ਦੇ ਦਰਸ਼ਨ ਹੁੰਦੇ ਹਨ। ਇਸੇ ਤਰਾਂ ਭਾਰਤ ਵਿਚ ਮੌਜੂਦ ਕਈ ਗੁਰ-ਅਸਥਾਨ 1984 ਦੇ ਕਾਲੇ ਬੱਦਲਾਂ ਨੇ ਢੱਕ ਲਏ ਹਨ। ਇਸ ਸਾਰਾ ਵਰਤਾਰਾ ਅਠਾਰਵੀਂ ਸਦੀ ਵਿਚ ਬਾਹਰੀ ਹਮਲਾਵਰਾਂ ਦੁਆਰਾ ਅਣ-ਵੰਡੇ ਪੰਜਾਬ ਦੇ ਗੁਰਧਾਮਾਂ ਦੀ ਕੀਤੀ ਬੇਹੁਰਮਤੀ ਨੂੰ ਪੇਸ਼ ਕਰਦਾ ਹੈ। ਬਹੁਤ ਸਾਰੇ ਗੁਰਧਾਮਾਂ ਵਿਚ ਰੌਣਕ ਪਰਤ ਗਈ ਹੈ ਪਰ ਹਾਲੇ ਬਹੁਤ ਕੁੱਝ ਕਰਨਾ ਬਾਕੀ ਹੈ।

ਗੁਰੂ ਤੇਗ ਬਹਾਦਰ ਜੀ ਨੇ ਆਪਣੀਆਂ ਪ੍ਰਚਾਰ ਯਾਤਰਾਵਾਂ ਦੌਰਾਨ ਸ਼ਾਂਤੀ, ਸਾਂਝ, ਸਦਭਾਵਨਾ, ਸੇਵਾ ਅਤੇ ਸਰਬੱਤ ਦੇ ਭਲੇ ਵਾਲਾ ਜਿਹੜਾ ਸੰਦੇਸ਼ ਦਿੱਤਾ ਸੀ ਉਹ ਅੱਜ ਵੀ ਪੂਰਨ ਤੌਰ 'ਤੇ ਪ੍ਰਸੰਗਿਕ ਹੈ। 'ਭੈ ਕਾਹੂ ਕਉ ਦੇਤਿ ਨਹਿ ਨਹਿ ਭੈ ਮਾਨਤ ਆਨ' ਗੁਰੂ ਤੇਗ ਬਹਾਦਰ ਜੀ ਦੀ ਵਿਚਾਰਧਾਰਾ ਦੀ ਸਿਖਰ ਹੈ ਜਿਸ ਤੱਕ ਪਹੁੰਚਣ ਲਈ ਲੰਮਾ ਪੈਂਡਾ ਤੈਅ ਕਰਨਾ ਪੈਂਦਾ ਹੈ। ਇਹ ਕਾਰਜ ਕਠਿਨ ਜ਼ਰੂਰ ਹੈ ਪਰ ਅਸੰਭਵ ਨਹੀਂ। ਗੁਰੂ ਤੇਗ ਬਹਾਦਰ ਦੀਆਂ ਪ੍ਰਚਾਰ ਯਾਤਰਾਵਾਂ ਵਿਚੋਂ ਮਨੁੱਖ ਨੂੰ ਇਸੇ ਦਿਸ਼ਾ ਵੱਲ ਤੁਰਨ ਦਾ ਸੰਦੇਸ਼ ਮਿਲਦਾ ਹੈ। ਸ਼ਹਾਦਤ ਤੋਂ ਪਹਿਲਾਂ ਵੀ ਗੁਰੂ ਜੀ ਮਾਲਵੇ ਦੀ ਪ੍ਰਚਾਰ-ਯਾਤਰਾ ਕਰਕੇ ਆਮ ਲੋਕਾਂ ਨੂੰ ਸਦਾਚਾਰੀ ਜੀਵਨ ਬਸਰ ਕਰਨ ਅਤੇ ਧਰਮ ਵਿਚ ਦ੍ਰਿੜ ਰਹਿਣ ਦਾ ਉਪਦੇਸ਼ ਦਿੰਦੇ ਹਨ।



# ਗੁਰੂ ਸਹਿਬਾਨਾਂ ਦਾ ਸੁਨੇਹਾ, ਤਮਾਕੂ 'ਜਗਤ ਜੂਠ'

## ਹਰਪ੍ਰੀਤ ਸਿੰਘ ਕਾਹਲੋਂ

ਸਾਖੀਆਂ ਦੀ ਕਥਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪਣੇ ਸਿੰਘਾਂ ਨਾਲ ਸਫ਼ਰ 'ਤੇ ਸਨ। ਗੁਰੂ ਸਾਹਿਬ ਜੀ ਦਾ ਘੋੜਾ ਇੱਕ ਦਮ ਰੁਕ ਗਿਆ। ਵੇਖਿਆ ਤਾਂ ਸਾਹਮਣੇ ਤਮਾਕੂ ਦਾ ਖੇਤ ਸੀ। ਗੁਰੂ ਸਾਹਿਬ ਜੀ ਨੇ ਸਮਝਾਇਆ ਕਿ ਵੇਖੋ ਘੋੜਾ ਵੀ ਤਮਾਕੂ ਦੇ ਨੁਕਸਾਨ ਜਾਣਦਾ ਹੈ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ 13 ਵੀਂ ਵਿੱਚ ਸਾਖੀ ਦਾ ਹਵਾਲਾ ਭਾਈ ਸੰਤੋਖ ਸਿੰਘ ਕੁਝ ਇੰਝ ਦਿੰਦੇ ਹਨ :-

ਮੇਰੇ ਘੋਰੇ ਘਾਹ ਮਹਿਂ ਦੇਖਿ ਸੰਭਾਰੋ ਸਿੱਖ
ਦੁਸਟ ਬੀਜ ਤੁਰਕਨ ਕਰਯੋਹਿੰਦੀ ਤੋਰੀ ਰਿੱਖ ॥55॥
ਹਿੰਦੂ ਹਲ ਕਾਮ ਕਰਤਿ ਹੈ ਤਜੈ ਦੁਸਟ ਗੁਰਵਾਕ।
ਜਹਾਂ ਤਮਾਕੂ ਹੋਤਿ ਹੈ ਸੋ ਖੇਤੀ ਨਾਪਾਕ ॥56॥

ਜ਼ਿਕਰ ਹੈ ਕਿ ਮੇਰੇ ਘੋੜੇ ਨੇ ਘਾਹ ਵਿੱਚੋਂ ਹੇ ਸਿੱਖੋ, ਤਮਾਕੂ ਵੇਖ ਕੇ ਆਪਣੇ ਆਪ ਨੂੰ ਸੰਭਾਲ ਲਿਆ ਹੈ। ਤੁਰਕਾਂ ਨੇ ਇਹ ਦੁਸ਼ਟ ਬੀਜ ਨੂੰ ਪ੍ਰਚਲਿਤ ਕੀਤਾ ਹੈ ਅਤੇ ਹਿੰਦੀ (ਰਿਖੀ ਦੀ) ਰਿਖ ਸ਼ਕਤੀ ਤੋੜ ਦਿੱਤੀ। ਹਿੰਦੂ ਹਲ (ਵਾਹੁਣ) ਦਾ ਕੰਮ ਕਰਦਾ ਹੈ, ਉਹ ਗੁਰੂਵਾਕ ਮੰਨਕੇ ਦੁਸ਼ਟ (ਦੁਸ਼ਟ ਬੀਜ=ਭਾਵ ਤੰਬਾਕੂ) ਨੂੰ (ਬੀਜਣਾ) ਛੱਡ ਦੇਵੇ। ਜ਼ਿਕਰ ਹੈ ਕਿ ਉਹ ਖੇਤੀ ਨਾਪਾਕ ਹੈ, ਜਿਥੇ ਤਮਾਕੂ ਬੀਜਿਆ ਜਾਵੇ।

ਸਿੱਖ ਧਰਮ ਵਿੱਚ ਤਮਾਕੂ ਅਤੇ ਹੋਰ ਨਸ਼ਿਆਂ ਦੀ ਸਖਤ ਸ਼ਬਦਾਂ ਵਿੱਚ ਮਨਾਹੀ ਹੈ। 1699 ਈਸਵੀ ਵਿੱਚ ਖਾਲਸੇ ਦੀ ਸਥਾਪਨਾ ਹੋਈ। ਸਿੱਖ ਧਰਮ ਵਿੱਚ ਅੰਮ੍ਰਿਤ ਛੱਕਣ ਦੀ ਰਵਾਇਤ ਬੱਝੀ।

**ਇਹ ਵੀ ਪੜ੍ਹੋ** : ਸਾਹਿਬਜਾਦਿਆਂ ਦੀ ਸ਼ਹਾਦਤ ਮੌਕੇ 'ਹਾਅ ਦਾ ਨਾਅਰਾ' ਮਾਰਨ ਵਾਲਾ ਮਲੇਰਕੋਟਲਾ ਦਾ ਅਣਖ਼ੀਲਾ ਨਵਾਬ ਸ਼ੇਰ ਮੁਹੰਮਦ ਖ਼ਾਂ, ਰਹਿਤਨਾਮਿਆਂ ਵਿੱਚ ਦਰਸਾਇਆ ਅਨੁਸਾਸਨ ਗੁਰੂ ਸਹਿਬਾਨ ਜੀ ਵੱਲੋਂ ਸਿਖਾਈ ਜੀਵਨ ਜਾਚ ਦਾ ਹੀ ਹਿੱਸਾ ਹਨ। ਖਾਲਸੇ ਦੀ ਸਥਾਪਨਾ ਤੋਂ ਬਾਅਦ ਅੰਮ੍ਰਿਤ ਛਕਣ ਵੇਲੇ ਇਹ ਹੁਕਮ ਦਾ ਮੁਢਲਾ ਹਿੱਸਾ ਬਣ ਗਏ। ਇਨਾਂ ਰਹਿਤਨਾਮਿਆਂ ਨੂੰ ਸਮੇਂ ਦੇ ਲੇਖਕਾਂ ਨੇ ਸਾਡੇ ਸਾਹਮਣੇ ਲਿਆਂਦਾ ਹੈ। ਰਹਿਤਨਾਮਿਆਂ ਵਿੱਚ ਚਾਰ ਬੱਜਰ ਕੁਰਹਿਤਾਂ ਤੋਂ ਬਚਣ ਦੀ ਹਦਾਇਤ ਹੈ।

ਇਸ ਤਹਿਤ ਤਮਾਕੂ (ਤਮਾਖੂ), ਕੁੱਠਾ, ਸ਼ਰਾਬ ਆਦਿ ਨਸ਼ਿਆਂ ਦੀ ਸਖ਼ਤ ਮਨਾਹੀ ਹੈ। ਪਰਾਈ ਇਸਤਰੀ ਅਤੇ ਮਰਦ ਦੇ ਸਾਥ ਤੋਂ ਵਰਜਿਆ ਹੈ। ਕੁੜੀਮਾਰ (ਘਰੇਲੂ ਹਿੰਸਾ, ਅਣਖ ਖਾਤਰ ਹੁੰਦੇ ਕਤਲ, ਕੰਨਿਆ ਭਰੂਣ ਹੱਤਿਆ ਤੋਂ ਲੈ ਕੇ ਬੀਬੀਆਂ 'ਤੇ ਹੁੰਦੇ ਹਰ ਜੁਲਮ ਕਰਦੇ ਲੋਕਾਂ) ਅਤੇ ਜੂਆ ਖੇਡਦੇ ਜਾਂ ਅਜਿਹੇ ਕੁਕਰਮ ਕਰਦੇ ਲੋਕਾਂ ਨਾਲ ਕੋਈ ਮੇਲ ਜੋਲ ਨਹੀਂ ਰੱਖਣਾ।

ਇਹ ਰਹਿਤਨਾਮੇ ਅਜਿਹੇ ਅਨੁਸ਼ਾਸਨ ਦਾ ਨਾਮ ਹਨ। ਇਸ ਵਿੱਚ ਬੰਦੇ ਨੂੰ ਅੰਦਰੂਨੀ ਅਤੇ ਬਾਹਰੀ ਭਾਵ ਸਰੀਰਕ ਅਤੇ ਮਾਨਸਿਕ ਇਮਾਨਦਾਰੀ ਤੰਦਰੁਸਤੀ ਰੱਖਣ ਦਾ ਹੁਕਮ ਦਿੱਤਾ ਗਿਆ ਹੈ।

ਭਾਈ ਕਾਨ ਸਿੰਘ ਨਾਭਾ ਦੇ ਮਹਾਨ ਕੋਸ਼ ਮੁਤਾਬਕ ਇਹ ਅਸਲ ਬੂਟੀ ਅਮਰੀਕਾ ਦੀ ਹੈ ਅਤੇ ਇਸ ਦਾ ਨਾਮ ਤੰਬਾਕੂ ਹੈ। ਇਹ ਸੋਲੇਨੇਸੀ ਕੁੱਲ ਦਾ ਪੌਦਾ ਹੈ, ਜਿਸ ਦੀਆਂ ਲਗਭਗ 60 ਜਾਤੀਆਂ ਹੋਂਦ ਵਿੱਚ ਹਨ। ਕਹਿੰਦੇ ਹਨ ਕਿ ਇਹ ਪਹਿਲੀ ਵਾਰ ਪੁਰਤਗਾਲ ਸਥਿਤ ਫਰਾਂਸੀਸੀ ਰਾਜਦੂਤ ਜਾਨ ਨਿਕੋਟ ਨੇ ਆਪਣੀ ਰਾਣੀ ਕੋਲ ਤੰਬਾਕੂ ਦਾ ਬੀਜ ਭੇਜਿਆ। ਨਿਕੋਟ ਦੇ ਨਾਂ ਤੋਂ ਹੀ ਇਸ ਪੌਦੇ ਦਾ ਨਾਂ ਨਿਕੋਟਿਆਨਾ ਪੈ ਗਿਆ। ਅਨੁਮਾਨ ਹੈ ਕਿ 17ਵੀਂ ਸਦੀ ਵਿੱਚ ਪੁਰਤਗਾਲੀਆਂ ਨੇ ਤੰਬਾਕੂ ਦੀ ਖੇਤੀ ਭਾਰਤ ਵਿੱਚ ਆਰੰਭੀ ਸੀ।

**ਤਮਾਕੂ ਰੋਕਥਾਮ ਦਿਹਾੜੇ 'ਤੇ ਵਿਸ਼ੇਸ਼**

**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥**

ਰਾਗ ਬਿਹਾਗੜਾ ਵਿਚ ਗੁਰੂ ਅਮਰਦਾਸ ਜੀ ਦਾ ਸ਼ਬਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 554 'ਤੇ ਦਰਜ ਹੈ।

ਸਭ ਪ੍ਰਸਿੱਧ ਰਹਿਤਨਾਮੇ ਗੁਰਬਾਣੀ ਦੇ ਉਪਰੋਕਤ ਵਿਚਾਰ ਦੀ ਹੀ ਪੁਸ਼ਟੀ ਕਰਦੇ ਹਨ ਜਿਵੇਂ :

ਗੁਰਮਤਿ ਵਿੱਚ ਏਸ ਦਾ ਪੂਰਨ ਤਿਆਗ ਹੈ। ਇਸ ਨੂੰ 'ਜਗਤਜੂਠ' ,'ਗੰਦਾਧੂਮ' ਲਿਖਿਆ ਹੈ।

**ਜਗਤਜੂਠ ਤੇ ਰਹੀਯੇ ਦੂਰ**
**ਗੰਦਾਧੂਮ ਬੰਸ ਤੇ ਤਯਾਗਹੁ।**
**ਅਤਿ ਗਲਾਨਿ ਇਸ ਤੇ ਧਰ ਭਾਗਹੁ**
**- ਹਵਾਲਾ- ਗੁਰ ਪ੍ਰਤਾਪ ਸੂਰਜ ਗ੍ਰੰਥ ਭਾਈ ਸੰਤੋਖ ਸਿੰਘ**

**ਬਿਖਯਾ ਕਿਰਿਆ ਭੱਦਨ ਤਯਾਗੋ - ਗੁਰ ਬਿਲਾਸ ਪਾਤਸਾਹੀ 10 (1718 ਈਸਵੀ)**
**ਲਿਖਾਰੀ : ਕੋਇਰ ਸਿੰਘ ਕਲਾਲ**

ਤੰਬਾਕੂ ਨੂੰ ਨਸ਼ਿਆਂ ਵਿੱਚੋਂ ਸਭ ਤੋਂ ਨਖਿੱਧ ਮੰਨਿਆ ਹੈ ਅਤੇ ਇਸ ਨੂੰ ਵੱਡੀਆਂ ਕੁਰਹਿਤਾਂ ਵਿੱਚ ਸ਼ਾਮਲ ਕੀਤਾ ਹੈ। ਇੰਝ ਹੋਰ ਅਲਾਮਤਾਂ ਜੋ ਨਸ਼ਾ ਰੂਪੀ ਹਨ ਉਨਾਂ ਬਾਰੇ ਵੀ ਗੁਰਬਾਣੀ ਵਿੱਚ ਸਖਤ ਵਿਰੋਧ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਸ਼ੇ ਤੋਂ ਵਰਜਣ ਦੀਆਂ ਕਈ ਮਿਸਾਲਾਂ ਹਨ।

ਰਾਗ ਬਿਹਾਗੜਾ ਵਿਚ ਭਾਈ ਮਰਦਾਨਾ ਜੀ ਦਾ ਰਚਿਤ ਸਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ :-

ਇਤੁ ਮਦਿ ਪੀਤੈ ਨਾਨਕਾ
ਬਹੁਤੇ ਖਟੀਅਹਿ ਬਿਕਾਰ॥
ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ ॥
ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ॥2॥

ਭਾਵ - ਇਹ ਨਸ਼ੇ ਵਿਅਰਥ ਹਨ, ਨਾਨਕ ਇਹ ਸੱਚੀ (ਰੂਹਾਨੀ) ਖੁਰਾਕ ਹੈ ਜਿਸ ਦੁਆਰਾ ਸੱਚਾ ਨਾਮ ਤੇਰਾ ਆਸਰਾ ਹੋ ਜਾਵੇਗਾ।

**ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥**
**ਹਰ ਹਰ ਕਦੇ ਨਾ ਚੇਤਿਓ ਜਾਮਿ ਪਕੜਿ ਚਲਾਈਆ ॥13॥**
**- ਤਿਲੰਗ ਮਹੱਲਾ ੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ਅੰਗ 725**

ਭਾਵ : ਜਿਹੜੇ ਜੀਵ ਪਾਨ ਸੁਪਾਰੀ ਆਦਿਕ ਖਾਂਦੇ ਹੋਏ ਮੂੰਹ ਵਿੱਚ ਪਾਨ ਚਬਾਉਂਦੇ ਰਹਿੰਦੇ ਹਨ। ਉਹ ਆਪਣੀ ਜਿੰਦਗੀ ਨੂੰ ਵਿਅਰਥ ਦੇ ਚੁਰਾਸੀ ਦੇ ਗੇੜ ਵਿੱਚ ਪਾ ਲੈਂਦੇ ਹਨ। ਉਹ ਰੱਬ ਦਾ ਨਾਮ ਨਹੀਂ ਸਿਮਰਦੇ ਅਤੇ ਮੌਤ ਨੇ ਉਨਾਂ ਨੂੰ ਫੜਕੇ ਅੱਗੇ ਲਾ ਲਿਆ ਹੈ।

ਸਿੱਖ ਧਰਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੂਹਾਨੀ ਬਾਣੀ ਦੇ ਆਸਰੇ ਹੇਠਾਂ ਬਣੇ ਰਹਿਤਨਮਿਆਂ ਦਾ ਇਹੋ ਹੁਕਮ ਹੈ। ਪ੍ਰਸ਼ਨੋੱਤਰ ਵਿੱਚ ਭਾਈ ਨੰਦ ਲਾਲ ਜੀ ਦੱਸਦੇ ਹਨ

**ਕੁੱਠਾ ਹੁੱਕਾ ਚਰਸ ਤਮਾਕੂ**
**ਗਾਂਜਾ ਟੋਪੀ ਤਾੜੀ ਖਾਕੂ**
**ਇਨ ਕੀ ਓਰ ਨ ਕਬਹੂ ਦੇਖੈ**
**ਰਹਿਤਵੰਤ ਸੋ ਸਿੰਘ ਵਿਸੇਖੈ**

ਭਾਈ ਦਯਾ ਸਿੰਘ ਰਹਿਤਨਾਮੇ ਵਿਚ ਦੱਸਦੇ ਹਨ

**ਪਰਨਾਰੀ ਜੂਆ ਅਸਤ ਚੋਰੀ ਮਦਿਰਾ ਜਾਨ ।**
**ਪਾਂਚ ਐਬ ਏ ਜਗਤ ਮੇਂ ਤਜੈ ਸੁ ਸਿੰਘ ਸੁਜਾਨ ।**

ਤੰਬਾਕੂ ਜਿਹੀ ਜਗਤਜੂਠ ਤੋਂ ਦੂਰ ਰਹਿਣਾ ਸਿੱਖ ਇਤਿਹਾਸ ਦੀਆਂ ਗਾਥਾਵਾਂ ਵਿੱਚੋਂ ਵੀ ਮਿਲਦਾ ਹੈ।

ਜ਼ਿਲਾ ਪਟਿਆਲਾ ਦੇ ਸਰਹਿੰਦ ਰੋਡ 'ਤੇ ਪੈਂਦੇ ਪਿੰਡ ਬਾਰਨ ਦੇ ਭਾਈ ਜੈ ਸਿੰਘ ਦੀ ਗਾਥਾ ਅਜਿਹੀ ਹੀ ਹੈ। ਭਾਈ ਜੈ ਸਿੰਘ ਖਲਕੱਟ ਦੇ ਪਿਤਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤਪਾਨ ਕੀਤਾ ਸੀ। ਸਾਰਾ ਪਰਿਵਾਰ ਗੁਰ ਆਸਰੇ ਵਿੱਚ ਜਿਊਣ ਵਾਲਾ ਪਰਿਵਾਰ ਸੀ।

ਅਹਿਮਦ ਸ਼ਾਹ ਅਬਦਾਲੀ ਦਿੱਲੀ ਤਖਤ 'ਤੇ ਕਬਜਾ ਕਰਨ ਲਈ ਫੌਜ ਇਕੱਠੀ ਕਰਕੇ 1753 ਵਿੱਚ ਭਾਰਤ ਦੂਜੀ ਵਾਰ ਆਇਆ। ਇਸੇ ਸਿਲਸਿਲੇ ਵਿਚ ਉਹਨੇ ਪਹਿਲਾਂ ਲਾਹੌਰ ਅਤੇ ਫੇਰ ਸਰਹਿੰਦ 'ਤੇ ਆ ਕਬਜਾ ਕੀਤਾ। ਸਰਹੰਦ ਵਿਖੇ ਉਹਦਾ ਫੌਜੀ ਜਰਨੈਲ ਅਬਦੁਲ ਸਮੁੰਦ ਖਾਂ ਸੀ। ਸ਼ਾਨੋ ਸ਼ੌਕਤ ਨਾਲ ਲਸ਼ਕਰ ਸਮੇਤ ਅਬਦੁਲ ਸਮੁੰਦ ਖਾਂ ਜਦੋਂ ਪਿੰਡ ਮੁਗਲਮਾਜਰਾ (ਬਾਰਨ) ਪੁਜਿਆ ਤਾਂ ਉਹ ਨੇ ਖੇਤਾਂ ਵਿੱਚ ਕੰਮ ਕਰਦੇ ਭਾਈ ਜੈ ਸਿੰਘ ਨੂੰ ਹੁਕਮ ਦਿੱਤਾ ਕਿ ਭਾਈ ਜੈ ਸਿੰਘ ਉਹਦਾ ਬੋਝਾ ਚੁੱਕੇ। ਬੋਝੇ ਵਿੱਚ ਸ਼ਾਹੀ ਤੰਬਾਕੂ ਹੁੱਕਾ ਸੀ। ਭਾਈ ਜੈ ਸਿੰਘ ਨੇ ਕਿਹਾ ਕਿ ਇਹ ਮੇਰੇ ਗੁਰੂ ਦਾ ਹੁਕਮ ਹੈ ਸੋ ਮੈਂ ਤੰਬਾਕੂ ਨੂੰ ਹੱਥ ਨਹੀਂ ਲਾਉਣਾ। ਮੁਗਲ ਅਬਦੁਸ ਸਮੁੰਦ ਖਾਂ ਨੇ ਸ਼ਹੀਦ ਬਾਬਾ ਜੈ ਸਿੰਘ ਖਲਕੱਟ ਨੂੰ ਤੰਬਾਕੂ ਦਾ ਬੋਝਾ ਨਾ ਚੁੱਕਣ ਕਰਕੇ ਪਿੱਪਲ ਦੇ ਹੇਠਾਂ ਪੁੱਠਾ ਲਟਕਾ ਕੇ ਖੱਲ ਲਾ ਦਿੱਤੀ ਸੀ। ਭਾਈ ਜੈ ਸਿੰਘ ਖਲਕਟ ਨੇ ਸ਼ਹਾਦਤ ਕਬੂਲ ਕੀਤੀ ਪਰ ਤੰਬਾਕੂ ਵਾਲਾ ਬੋਝਾ ਨਹੀਂ ਚੁੱਕਿਆ।

# ਸਿਰੜ ਅਤੇ ਸਿਦਕ ਦੀ ਮਿਸਾਲ ਸਿੱਖੀ



ਅੰਮ੍ਰਿਤਪਾਲ ਸਿੰਘ
9592174901

ਘੱਲੂਘਾਰਿਆਂ ਦਾ ਸਿੱਖ ਧਰਮ ਨਾਲ ਡੂੰਘਾ ਸਬੰਧ ਹੈ। ਸਿੱਖ ਧਰਮ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਸਿੱਖੀ ਏਨੇ ਵਾਪਰੇ ਘੱਲੂਘਾਰਿਆਂ ਦੇ ਬਾਵਜੂਦ ਵੀ ਵਧਦੀ ਫੁੱਲਦੀ ਰਹੀ ਹੈ। ਇਹ ਸਿੱਖ ਧਰਮ ਦੀ ਗੁੜਤੀ ਦਾ ਹੀ ਫਲ਼ ਕਿਹਾ ਜਾ ਸਕਦਾ ਹੈ ਕਿ ਸਿੱਖ ਆਪਣੇ ਉਪਰ ਆਈ ਹਰ ਬਿਪਤਾ ਨੂੰ ਸਿਰੜ ਅਤੇ ਸਿਦਕ ਨਾਲ ਖਿੜੇ ਮੱਥੇ ਝੱਲਦੇ ਆਏ ਹਨ। ਇਹੋ ਸਿਰੜ ਅਤੇ ਸਿਦਕ ਦੀ ਪ੍ਰੇਰਨਾ ਸਦਕਾ ਹੀ ਛੋਟਾ ਘੱਲੂਘਾਰਾ ਅਤੇ ਵੱਡਾ ਘੱਲੂਘਾਰਾ ਸਿੱਖਾਂ ਨੇ ਆਪਾ ਵਾਰ ਕੇ ਹੰਡਾਇਆ। ਜ਼ੁਲਮ ਅਤੇ ਅਨਿਆਂ ਦੇ ਖਿਲਾਫ਼ ਹਮੇਸ਼ਾ ਮੂਹਰੇ ਹੋ ਡਟ ਕੇ ਮੁਕਾਬਲਾ ਕਰਨ ਵਾਲੀ ਇਹ ਕੌਮ ਮਨੁੱਖਤਾ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੋਈ ਹਮੇਸ਼ਾ ਸਰਬੱਤ ਦੇ ਭਲੇ ਦਾ ਪਾਠ ਪੜਾਉਂਦੀ ਹੈ। ਪਰ ਸਮੇਂ ਸਮੇਂ 'ਤੇ ਸਮੇਂ ਦੇ ਹਾਕਮਾਂ ਵਲੋਂ ਪੈਦਾ ਕੀਤੇ ਅਣਸੁਖਾਵੇਂ ਮਾਹੌਲ ਨੇ ਇਨਾਂ ਨੂੰ ਤੱਤੀ ਤਵੀ 'ਤੇ ਬਿਠਾ ਕੇ, ਚਾਂਦਨੀ ਚੌਕ ਵਿਚ ਸ਼ਹੀਦ ਕਰਕੇ, ਦੇਗਾਂ ਵਿਚ ਉਬਾਲ ਕੇ, ਚਰਖੜੀਆਂ 'ਤੇ ਚਾੜ ਕੇ, ਆਰਿਆਂ ਨਾਲ ਚੀਰ ਕੇ, ਬੰਦ ਬੰਦ ਕਟਵਾ ਕੇ, ਬੱਚਿਆਂ ਦੇ ਟੋਟੇ ਟੋਟੇ ਕਰਵਾ ਕੇ, ਸਰਹਿੰਦ ਦੀ ਦੀਵਾਰ ਵਿਚ ਚਿਣ ਕੇ, ਚਮਕੌਰ ਦੀ ਗੜੀ ਵਿਚ ਸ਼ਹੀਦੀਆਂ ਦਿਵਾ ਕੇ ਇਨਾਂ ਦੇ ਸਿਰੜ ਅਤੇ ਸਿਦਕ ਨੂੰ ਪਰਖਿਆ। ਗੁਰੂਆਂ ਦੇ ਸਮੇਂ ਤੋਂ ਬਾਅਦ ਸਿੱਖ ਧਰਮ ਵਿਚ ਪੈਦਾ ਹੋਏ ਰਾਜੇ ਮਹਾਰਾਜਿਆਂ ਨੇ ਮੁਗਲਾਂ ਵਲੋਂ ਕੀਤੇ ਜਾਂਦੇ ਜ਼ੁਲਮਾਂ ਦਾ ਟਾਕਰਾ ਸਿੱਖੀ ਸਿਰੜ ਅਤੇ ਸਿਦਕ ਨਾਲ ਕਰਕੇ ਸਿੱਖ ਧਰਮ ਦੇ ਪਹਿਲੇ ਸਬਕ ਵਿਚ ਪਰਪੱਕ ਹੋਣਾ ਦਰਸਾਇਆ। ਬਦਲਦੇ ਸਮੇਂ ਨਾਲ ਜਦੋਂ ਸਿਆਸਤ ਅਤੇ ਧਰਮ ਰਲਗੱਡ ਹੋਣ ਲੱਗੀਆਂ ਤਾਂ ਸਿੱਖ ਧਰਮ 'ਤੇ ਇਕ ਹੋਰ ਅਣਚਿਤਵਿਆ ਕਹਿਰ ਵਾਪਰਿਆ, ਜਿਸ ਨੂੰ ਘੱਲੂਘਾਰਾ '84 ਕਿਹਾ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਮੌਕੇ ਆਮ ਸਿੱਖ ਸ਼ਰਧਾਲੂ ਆਪਣੀ ਮਨੋਵਿਰਤੀ ਨਾਲ ਆਉਣ ਵਾਲੇ ਖਤਰੇ ਤੋਂ ਅਣਜਾਣ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪਹੁੰਚੇ। ਸਿੱਖ ਧਰਮ ਦਾ ਮੱਕਾ ਹੋਣ ਕਰਕੇ ਸ੍ਰੀ ਦਰਬਾਰ ਸਾਹਿਬ ਵਿਖੇ ਕਿਸੇ ਵੀ ਦਿਨ ਦਿਹਾੜੇ 'ਤੇ ਸੰਗਤਾਂ ਆਪ ਮੁਹਾਰੇ ਨਤਮਸਤਕ ਹੁੰਦੀਆਂ ਹਨ। ਜੂਨ 84 ਵਿਚ ਧਰਮ ਅਤੇ ਸਿਆਸਤ ਨੂੰ ਰਲਗੱਡ ਕਰਨ ਵਾਲਿਆਂ ਵਲੋਂ ਬੁਣੇ ਮੱਕੜਜਾਲ ਵਿਚ ਪਤਾ ਨਹੀਂ ਕਿੰਨੇ ਹੀ ਨਿਰਦੋਸ਼ ਸਿੱਖਾਂ ਨੂੰ ਆਪਣੀ ਅਹੁਤੀ ਦੇਣੀ ਪਈ। 1 ਜੂਨ ਤੋਂ ਸ਼ੁਰੂ ਹੋ ਕੇ 6 ਜੂਨ ਤੱਕ ਵਾਪਰੇ ਇਸ ਘੱਲੂਘਾਰੇ ਵਿਚ ਹਰ ਮਾਈ-ਭਾਈ ਨੇ ਸਿੱਖ ਧਰਮ ਦੀ ਮਿਲੀ ਮੁਢਲੀ ਗੁੜਤੀ ਦਾ ਸਿਰੜ ਅਤੇ ਸਿਦਕ ਪ੍ਰਤੀ ਪਰਪੱਕ ਹੋਣ ਦਾ ਸਬੂਤ ਦਿੱਤਾ। ਇਸ ਘੱਲੂਘਾਰੇ ਦੌਰਾਨ ਪਤਾ ਨਹੀਂ ਕਿੰਨੇ ਕੁ ਸਿੱਖ ਆਪਣੇ ਅੰਦਰੋਂ ਉਪਜੀ ਕੁਰਬਾਨ ਹੋਣ ਦੀ ਭਾਵਨਾ ਨਾਲ 'ਤੂੰ ਹੱਟ ਪਹਿਲਾਂ ਮੈਂ' 'ਤੂੰ ਹੱਟ ਪਹਿਲਾਂ ਮੈਂ' ਕਰਦੇ ਹੋਏ ਚਾਈਂ ਚਾਈਂ ਸ਼ਹੀਦੀ ਦਾ ਜਾਮ ਪੀ ਗਏ। ਗੁਰੂ ਵਲੋਂ ਬਖਸ਼ੀ 'ਅੰਮ੍ਰਿਤ ਦੀ ਪਾਹੁਲ' ਸਦਕਾ ਹੀ ਇਹ ਸਿਰੜ ਅਤੇ ਸਿਦਕ ਨਾਲ ਉਸ ਅਣਚਿਤਵੇ ਕਹਿਰ ਨੂੰ ਹੱਸ ਹੱਸ ਕੇ ਜ਼ਰ ਗਏ। ਇਸ ਘੱਲੂਘਾਰੇ ਤੋਂ ਬਾਅਦ ਸਿੱਖ ਮਨਾਂ ਵਿਚ ਉਪਜਿਆ ਵਿਰੋਧ ਦਾ ਬੂਟਾ ਅੱਜ ਬੋਹੜ ਬਣਨ ਦੇ ਨਾਲ ਨਾਲ ਸਮੇਂ ਦੀਆਂ ਹਕੂਮਤਾਂ ਨਾਲ ਲੋਹਾ ਲੈ ਰਿਹਾ ਹੈ। ਚਾਈਂ ਚਾਈਂ ਗੁਰੂ ਦੇ ਦਰਸ਼ਨ ਕਰਨ ਆਈਆਂ ਅਚੇਤ ਮਨ ਸੰਗਤਾਂ ਨੂੰ ਇਸ ਅਣਚਿਤਵੇ ਕਹਿਰ ਨੇ ਇਸ ਤਰਾਂ ਕਲਾਵੇ ਵਿਚ ਲਿਆ ਕਿ ਉਨਾਂ ਨੂੰ ਕੀ ਪਤਾ ਸੀ ਕਿ ਇਹ ਦਿਨ ਇਤਿਹਾਸ ਵਿਚ ਉਨਾਂ ਦੇ ਨਾਂ ਨਾਲ ਲਿਖਿਆ ਜਾਵੇਗਾ। ਇਸ ਹਫ਼ਤੇ ਦੌਰਾਨ ਪਤਾ ਨਹੀਂ ਕਿੰਨੇ ਕੁ ਸਿੱਖ ਆਪਣੀ ਕੌਮ ਦਾ ਭਵਿੱਖ ਉਜਲਾ ਕਰਨ ਲਈ ਇਕ ਪ੍ਰੇਰਨਾ ਦੀ ਚਿਣਗ ਪੈਦਾ ਕਰ ਗਏ ਜਿਸ ਨਾਲ ਅੱਜ ਤੱਕ ਹਰ ਮਾਈ-ਭਾਈ, ਬੱਚਾ ਉਸ ਦੌਰਾਨ ਵਾਪਰੇ ਘੱਲੂਘਾਰੇ ਨੂੰ ਆਪਣੇ ਮਨ ਅੰਦਰ ਸਮੋਈ ਉਸ ਸਮੇਂ ਦੀ ਭਿਆਨਕਤਾ ਦਾ ਦਰਦ ਮਹਿਸੂਸ ਕਰਦਾ ਹੈ। ਹਰ ਸਾਲ ਜੂਨ ਦਾ ਇਹ ਹਫ਼ਤਾ ਸਾਨੂੰ ਉਸ ਅਣਚਿਤਵੇ ਕਹਿਰ ਦਾ ਚੇਤਾ ਕਰਵਾਉਂਦਾ ਹੋਇਆ ਵੱਡੇ ਸਵਾਲ ਛੱਡ ਜਾਂਦਾ ਹੈ। ਕੀ ਇਹ ਮਨੁੱਖਤਾ ਦਾ ਘਾਣ ਸੀ ਜਾਂ ਸਿੱਖ ਕੌਮ ਦੀ ਨਸਲਕੁਸ਼ੀ ? 'ਮੰਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ , ਜਿਉਂ ਜਿਉਂ ਮੰਨੂ ਵਡਦਾ ਅਸੀਂ ਦੂਣ ਸਵਾਇ ਹੋਏ ' ਲਿਖਤ ਵਾਂਗ ਸਿੱਖੀ ਸਿਰੜ ਅਤੇ ਸਿਦਕ ਦੀ ਪਕਿਆਈ ਨਜ਼ਰ ਆਉਂਦੀ ਹੈ। ਧਰਮ ਅਤੇ ਸਿਆਸਤ ਨਾਲ ਰਲਗੱਡ ਇਸ ਸਮੇਂ ਵਿਚ ਧਰਮ ਦੀ ਪਰਖ ਕਰਨ ਲਈ ਹਕੂਮਤਾਂ ਵਲੋਂ ਆਪਣੇ ਲਾਮਲਸ਼ਕਰ ਨਾਲ ਉਹ ਅਣਚਿਤਵੇ ਕਹਿਰ ਢਾਹਿਆ ਜਿਸ ਦੀ ਉਦਾਹਰਣ ਦੁਨੀਆ ਭਰ ਵਿਚ ਕਿਤੇ ਵੀ ਨਹੀਂ ਮਿਲਦੀ। ਉਸੇ ਘੱਲੂਘਾਰੇ ਕਾਰਨ ਪਤਾ ਨਹੀਂ ਕਿੰਨੇ ਕੁ ਸਿੱਖਾਂ ਦੇ ਮਨਾਂ ਵਿਚ ਇਸ ਦੀ ਟੀਸ ਹਾਲੇ ਤੱਕ ਵੀ ਧੁਖਦੀ ਹੈ। ਆਪਣੇ ਗੁਰੂਆਂ ਵਲੋਂ ਦਰਸਾਏ ਸਿਰੜ ਅਤੇ ਸਿਦਕ ਦੇ ਪਾਂਧੀ ਬਣਦਿਆਂ ਗੁਰੂ ਦੇ ਸਾਜੇ ਉਸ ਪਿਆਰੇ ਵਲੋਂ ਧਰਮ ਅਤੇ ਸਿਆਸਤ ਨਾਲ ਰਲਗਡ ਬੁਣੇ ਚੱਕਰਵਿਊ ਨੂੰ ਤੋੜਨ ਲਈ ਉਸ ਵਾਹਿਗੁਰੂ ਦਾ ਓਟ ਆਸਰਾ ਲੈ ਕੇ ਅਜਿਹਾ ਮੋੜਵਾਂ ਜਵਾਬ ਦਿੱਤਾ ਕਿ ਸਮੇਂ ਦੀਆਂ ਹਕੂਮਤਾਂ ਨੂੰ ਭਵਿੱਖ ਬਾਰੇ ਸੋਚਣਾ ਪੈ ਗਿਆ। '84 ਦਾ ਇਹ ਘੱਲੂਘਾਰਾ ਜਿੱਥੇ ਸਿੱਖ ਮਨਾਂ ਵਿਚ ਸਿਰੜ ਅਤੇ ਸਿਦਕ ਦਾ ਮੁਢਲਾ ਪਾਠ ਪਰਪੱਕ ਕਰ ਗਿਆ ਉਥੇ ਸਮੇਂ ਦੀਆਂ ਹਕੂਮਤਾਂ ਨੂੰ ਭਵਿੱਖ ਵਿਚ ਅਜਿਹਾ ਕਰਨ ਤੋਂ ਪਹਿਲਾਂ ਸੋਚਣ ਲਈ ਮਜ਼ਬੂਰ ਕਰ ਗਿਆ। ਆਓ ਇਸੇ ਸਿਰੜ ਅਤੇ ਸਿਦਕ ਦੀ ਭਾਵਨਾ ਨੂੰ ਮੁੱਖ ਰੱਖਦਿਆਂ ਗੁਰੂ ਆਸ਼ੇ ਅਨੁਸਾਰ ਜੀਵਨ ਬਸ਼ਰ ਕਰਨ ਦੀ ਚਾਹਤ ਪਾਲੀਏ।

## ਨਵਾਂ ਘੱਲੂਘਾਰਾ



ਅਫ਼ਜ਼ਲ ਅਹਿਸਾਨ ਰੰਧਾਵਾ

ਸੁਣ ਰਾਹੀਆ ਕਰਮਾਂ ਵਾਲਿਆ,
ਮੈਂ ਬੇਕਰਮੀ ਦੀ ਬਾਤ।
ਮੇਰਾ ਚੜਦਾ ਸੂਰਜ ਡੁਬਿਆ,
ਮੇਰੇ ਦਿਨ ਨੂੰ ਖਾ ਗਈ ਰਾਤ।
ਮੇਰੀ ਸਾਵੀ ਕੁੱਖ ਜਨਮਾ ਚੁੱਕੀ
ਜਿਹੜੀ ਗੁਰੂ ਸਿਆਣੇ ਵੀਰ ।
ਅੱਜ ਤਪਦੀ ਭੱਠੀ ਬਣ ਗਈ
ਤੇ ਉਹਦੀ ਵੇਖ ਅਸੀਰ ।
ਅੱਜ ਤਪਦੀ ਭੱਠੀ ਬਣ ਗਈ
ਮੇਰੀ ਸਾਵੀ ਕੁੱਖ ਅਖ਼ੀਰ ।
ਵਿਚ ਫੁਲਿਆਂ ਵਾਂਗੂੰ ਖਿੜ ਪਏ
ਮੇਰੇ ਸ਼ੇਰ ਜਵਾਨ ਤੇ ਪੀਰ ।
ਅੱਜ ਤਪਦੀ ਭੱਠੀ ਬਣ ਗਈ
ਮੇਰੀ ਮਹਿਕਾਂ ਵੰਡਦੀ ਕੁੱਖ ।
ਅੱਜ ਮੇਰੇ ਥਣਾਂ 'ਚੋਂ ਚੁੰਘਦੇ
ਮੇਰੇ ਬਚੇ ਲਹੂ ਤੇ ਦੁੱਖ ।
ਅੱਜ ਤਪਦੀ ਭੱਠੀ ਬਣ ਗਈ
ਮੇਰੀ ਸੱਤ ਸਮੁੰਦਰ ਅੱਖ ।
ਅੱਜ ਝੱਲੀ ਜਾਏ ਨਾ ਜੱਗ ਤੋਂ
ਮੇਰੀ ਸ਼ਹੀਦਾਂ ਵਾਲੀ ਦੱਖ ।
ਅੱਜ ਤਪਦੀ ਭੱਠੀ ਬਣ ਗਈ
ਮੇਰੀ ਚੂੜੇ ਵਾਲੀ ਬਾਂਹ ।
ਅੱਜ ਵਿੱਚ ਸ਼ਹੀਦੀ ਝੰਡਿਆਂ
ਹੈ ਮੇਰਾ ਝੰਡਾ 'ਤਾਂਹ ।
ਅੱਜ ਤਪਦੀ ਭੱਠੀ ਬਣ ਗਿਆ
ਮੇਰਾ ਸਗਲੇ ਵਾਲਾ ਪੈਰ ।
ਅੱਜ ਵੈਰੀਆਂ ਕੱਢ ਵਿਖਾਲਿਆ
ਹੈ ਪੰਜ ਸਦੀਆਂ ਦਾ ਵੈਰ ।
ਅੱਜ ਤਪਦੀ ਭੱਠੀ ਬਣ ਗਈ
ਮੇਰੀ ਦੁੱਧਾਂ ਵੰਡਦੀ ਛਾਤ ।
ਮੈਂ ਆਪਣੀ ਰੱਤ ਵਿੱਚ ਡੁੱਬ ਗਈ
ਪਰ ਬਾਹਰ ਨਾ ਮਾਰੀ ਝਾਤ ।
ਅੱਜ ਤਪਦੀ ਭੱਠੀ ਬਣ ਗਿਆ
ਮੇਰਾ ਮੱਖਣ ਜਿਹਾ ਸਰੀਰ
ਮੈਂ ਕੁੱਖ ਸੜੀ ਵਿੱਚ ਸੜ ਮਰੇ
ਮੇਰਾ ਰਾਂਝਾ ਮੇਰੀ ਹੀਰ ।
ਅੱਜ ਤਪਦੀ ਭੱਠੀ ਬਣ ਗਿਆ
ਮੇਰਾ ਡਲਕਾਂ ਮਾਰਦਾ ਰੰਗ ।
ਮੈਂ ਮਰ ਜਾਣੀ ਵਿੱਚ ਸੜ ਗਿਆ
ਅੱਜ ਮੇਰਾ ਇੱਕ ਇੱਕ ਅੰਗ ।
ਅੱਜ ਤਪਦੀ ਭੱਠੀ ਬਣ ਗਈ
ਮੇਰੇ ਵਿਹੜੇ ਦੀ ਹਰ ਇੱਟ ।
ਜਿਥੇ ਦੁਨੀਆਂ ਮੱਥਾ ਟੇਕਦੀ
ਓਹ ਬੂਟਾਂ ਛੱਡੀ ਭਿੱਟ ।
ਮੇਰੇ ਬੁਰਜ ਮੁਨਾਰੇ ਢਾਹ ਦਿੱਤੇ
ਢਾਹ ਦਿੱਤਾ ਤਖਤ ਅਕਾਲ ।
ਮੇਰਾ ਸੋਨੇ ਰੰਗ ਰੰਗ ਅੱਜ
ਮੇਰੇ ਲਹੂ ਨਾ' ਲਾਲੋ ਲਾਲ ।
ਮੇਰੀਆਂ ਖੁੱਥੀਆਂ ਟੈਂਕਾਂ ਮੀਢੀਆਂ
ਮੇਰੀ ਲੂਹੀ ਬੰਬਾਂ ਗੁੱਤ ।
ਮੇਰੇ ਕੁੱਛੜ ਅੰਨੀਆਂ ਗੋਲੀਆਂ
ਭੁੰਨ ਸੁੱਟੇ ਮੇਰੇ ਪੁੱਤ ।
ਮੇਰਾ ਚੂੜਾ ਰਾਤ ਸੁਹਾਗ ਦਾ
ਹੋਇਆ ਏਦਾਂ ਲੀਰੋ ਲੀਰ ।
ਜਿੱਦਾਂ ਕਿਰਚੀ ਕਿਰਚੀ ਹੋ ਗਈ
ਮੇਰੀ ਸ਼ੀਸ਼ੇ ਦੀ ਤਸਵੀਰ ।
ਮੇਰਾ ਸ਼ੇਰ ਬਹਾਦਰ ਸੂਰਮਾ
ਜਰਨੈਲਾਂ ਦਾ ਜਰਨੈਲ ।
ਉਸ ਮੌਤ ਵਿਆਹੀ ਹੱਸ ਕੇ
ਓਹਦੇ ਦਿਲ 'ਤੇ ਰਤਾ ਨਾ ਮੈਲ ।
ਪਰ ਕੋਈ ਨਾ ਉਹਨੂੰ ਬਹੁੜਿਆ
ਉਹਨੂੰ ਵੈਰੀਆਂ ਮਾਰਿਆ ਘੇਰ ।
ਉਂਝ ਡੱਕੇ ਰਹਿ ਗਏ ਘਰਾਂ 'ਚ
ਮੇਰੇ ਲੱਖਾਂ ਪੁੱਤਰ ਸ਼ੇਰ ।
ਸੁਣ ਰਾਹੀਆ ਕਰਮਾਂ ਵਾਲਿਆ !
ਮੈਂ ਬੇਕਰਮੀ ਦੀ ਬਾਤ ।
ਮੇਰਾ ਚੜਦਾ ਸੂਰਜ ਡੁਬਿਆ
ਮੇਰੇ ਦਿਨ ਨੂੰ ਖਾ ਗਈ ਰਾਤ ।
ਮੇਰੇ ਲੂੰ ਲੂੰ 'ਚੋਂ ਪਈ ਵਗਦੀ
ਭਾਵੇਂ ਲਹੂ ਦੀ ਇਕ ਇਕ ਨਹਿਰ ।
ਮੈਂ ਅਜੇ ਜਿਉਂਦੀ ਜਾਗਦੀ
ਮੈਂ ਝੱਲ ਗਈ ਸਾਰਾ ਕਹਿਰ ।
ਮੈਂ ਮਰ ਨਹੀਂ ਸਕਦੀ ਕਦੇ ਵੀ
ਭਾਵੇਂ ਵੱਢਣ ਅੱਠੇ ਪਹਿਰ ।
ਭਾਵੇਂ ਦੇਣ ਤਸੀਹੇ ਰੱਜ ਕੇ
ਭਾਵੇਂ ਰੱਜ ਪਿਆਲਣ ਜ਼ਹਿਰ ।
ਮੇਰੇ ਪੁੱਤਰ ਸਾਗਰ ਜ਼ੋਰ ਦਾ
ਹਰ ਹਰ ਬਾਂਹ ਇਕ ਇਕ ਲਹਿਰ ।
ਮੇਰੇ ਪੁੱਤਰ ਪਿੰਡੋ ਪਿੰਡ ਨੇ
ਮੇਰੇ ਪੁੱਤਰ ਸ਼ਹਿਰੋ ਸ਼ਹਿਰ ।
ਮੇਰੀ ਉਮਰ ਕਿਤਾਬ ਦਾ ਵੇਖ ਲੈ
ਤੂੰ ਹਰ ਹਰ ਵਰਕਾ ਪੜ ।
ਜਦੋਂ ਭਾਰੀ ਬਣੀ ਹੈ ਮਾਂ 'ਤੇ
ਮੇਰੇ ਪੁੱਤਰ ਆਏ ਚੜ ।
ਪੜ ! ਕਿੰਨੀ ਵਾਰੀ ਮਾਂ ਤੋਂ
ਉਨਾਂ ਵਾਰੀ ਆਪਣੀ ਜਾਨ ।
ਪੜ ! ਕਿਸ ਦਿਨ ਆਪਣੀ ਮਾਂ ਦਾ
ਉਨਾਂ ਨਹੀਂ ਸੀ ਰੱਖਿਆ ਮਾਣ ।
ਸੁਣ ਰਾਹੀਆ ਰਾਹੇ ਜਾਂਦਿਆ !
ਤੂੰ ਲਿਖ ਰੱਖੀਂ ਇਹ ਬਾਤ ।
ਮੇਰਾ ਡੁੱਬਿਆ ਸੂਰਜ ਚੜੇਗਾ
ਓੜਕ ਮੁੱਕੇਗੀ ਇਹ ਰਾਤ ।

# ਜ਼ਿੰਦਗੀ ਨੂੰ ਹੁੰਗਾਰਾ ਭਰਦੀ ਮਹਿ.ਫਲ



**ਹਰਫੂਲ ਭੁੱਲਰ ਮੰਡੀ ਕਲਾਂ**

9876870157

29 ਮਈ ਦੇ ਲੰਘੇ ਸ਼ਨੀਵਾਰ ਨੂੰ ਤਕਰੀਬਨ ਪੌਣੇ ਦੋ ਸਾਲਾਂ ਬਾਅਦ ਕੁਦਰਤ ਨੇ ਮਿਹਰ ਕੀਤੀ, ਘਰ ਵਿਚ ਗੀਤਾਂ ਸੰਗ ਸੰਗੀਤ ਗੂੰਜਿਆ, ਗਿਣਤੀ 'ਚ ਭਾਵੇਂ ਸਿਰਫ਼ ਦਸ ਮਿੱਤਰਾਂ ਨੇ ਸ਼ਿਰਕਤ ਕੀਤੀ। ਪਰ ਮੈਂ ਪੰਜਾਬ ਪ੍ਰਤੀ ਚਿੰਤਾਵਾਂ ਨੂੰ ਲੈ ਕੇ ਵੇਖਿਆ ਕੇ ਇਨਾਂ ਸਭ ਸੱਜਣਾਂ ਦੇ ਮੱਥੇ ਦੀਆਂ ਤਿਉੜੀਆਂ 'ਤੇ ਭੈਅ ਉਭਰਿਆ ਹੋਇਆ ਸੀ। ਪਰ ਆਸ਼ਾਵਾਦੀ 'ਤੇ ਸਮੇਂ ਦੇ ਘੋੜੇ ਦੇ ਸ਼ਾਹ ਅਸਵਾਰਾਂ ਹੌਂਸਲੇ ਫਿਰ ਵੀ ਵੱਡੇ ਸਨ ਕਿ...

ਸਾਡੀ ਪਾਣੀ ਵਰਗੀ ਜ਼ਿੰਦਗੀ 'ਤੇ ਪਾਣੀ ਜਿਹਾ ਸੁਭਾਅ...
ਡਿੱਗੀਏ ਤਾਂ ਝਰਨਾ ਬਣਦੈ, ਤੁਰ ਪਏ ਤਾਂ ਫ਼ਿਰ ਦਰਿਆ...

ਅਜਿਹੇ ਸਤਿਕਾਰਤ ਸੱਜਣਾਂ ਦੀਆਂ ਮਹਿਫਲਾਂ ਵਿਚ ਬੈਠ ਕੇ ਸਮਾਜ ਦੇ ਭਲੇ ਦੀਆਂ ਗੱਲਾਂ, ਬੱਚਿਆਂ ਦੇ ਭਵਿੱਖ ਦਾ ਫ਼ਿਕਰ, ਮਾਂ-ਬੋਲੀ ਦੀ ਚਿੰਤਾ, ਸਰਕਾਰਾਂ ਦੀ ਨੈਤਿਕਤਾ ਬਾਰੇ ਕਲਪਣਾ ਨਾ ਹੋਵੇ, ਇਹ ਕਿਵੇਂ ਹੋ ਸਕਦਾ ਹੈ। ਮੈਨੂੰ ਵੀ ਖ਼ੁਦ 'ਤੇ ਮਾਣ ਜਾ ਮਹਿਸੂਸ ਹੋ ਰਿਹਾ ਸੀ।

ਦੌਲਤ ਭਾਵੇਂ ਘੱਟ ਕਮਾਈ, ਨਾ ਦੂਜੇ ਦੇ ਹੱਕ ਨੂੰ ਕਦੇ ਹੱਥ ਹੈ ਪਾਇਆ,
ਧੇਲੇ ਦਾ ਬੰਦਾ ਸੀ ਮੈਂ 'ਹੀਰੇ' ਖੱਟ ਗਿਆ ਇਹੀ ਐ ਮੇਰਾ ਸਰਮਾਇਆ




ਰੂਹ ਦੀ ਖ਼ੁਸ਼ੀ ਲਈ ਰੱਖੀ ਮਹਿ.ਫਲ ਸੰਗੀਤਕ ਧੁੰਨਾਂ ਵਿਚ ਤਬਦੀਲ ਹੁੰਦਿਆਂ ਦੇਰ ਨਾ ਲੱਗੀ, ਵੀਰ 'ਗਿੱਲ ਹਰਦੀਪ' ਤੇ ਅਨੇਕਾਂ ਹੋਰ ਮਿੱਤਰਾਂ ਨੇ ਵੀਡੀਓ ਕਾਲ ਰਾਹੀਂ ਸਾਂਝਾਂ ਪਾਈਆਂ।

ਬਿਨਾਂ ਹੀ ਵਜਾ ਤੋਂ ਖ਼ੁਸ਼ੀਆ ਮਨਾਉਣਾ,
ਖ਼ੁਸ਼ੀਆਂ ਵਿੱਚ ਖ਼ੁਸ਼ੀ ਦੇ ਹੰਝੂ ਵਹਾਉਣਾ,
ਬਿਨਾਂ ਪਾਣੀ ਤੋਂ ਅੰਦਰਲਾ 'ਮਨ' ਧੋਣਾ,
ਨੂਰੋ-ਨੂਰ ਤ੍ਰਿਪਤ ਰੂਹਾਂ ਦੇ ਸੰਗ ਜਿਉਣਾ।

ਇਹ ਕੁਦਰਤ ਦੀ ਮੇਹਰ ਬਿਨਾਂ ਸੰਭਵ ਨੀਂ ਹੁੰਦਾ। ਵੀਰ ਗੁਰਵਿੰਦਰ ਬਰਾੜ, ਗੁਰਦਾਸ ਸੰਧੂ, ਫ਼ਰਮਾਨ ਸੰਧੂ ਤੇ ਜਗਦੇਵ ਸਿੰਘ ਨੇ ਖ਼ੂਬ ਰੰਗ ਬੰਨਿਆ... 'ਜ਼ਿੰਦਗੀ' ਵਰਗੇ ਇਨਾਂ ਸੱਜਣਾਂ ਨੂੰ ਸੁਣਦੇ ਨਾ ਥੱਕੇ! ਥੱਕੀਏ ਵੀ ਕਿਉਂ ਜੀ? ਇਹ ਸੱਜਣ ਚੂਰੀ ਹਨ, ਪੰਜੀਰੀ ਹਨ, ਅਮੀਰੀ ਹਨ, ਫ਼ਕੀਰੀ ਹਨ। 'ਤੰਦਰੁਸਤੀਆਂ ਰੱਖੇ ਮਾਲਿਕ' ਬਾਕਮਾਲ ਪੇਸ਼ਕਾਰੀ ਸੀ, ਬਾਕੀ ਅਜੋਕੇ ਦਿਨਾਂ ਵਿੱਚ ਅਜਿਹੀ ਮਹਿ.ਫਲ ਲਗਾਉਣ ਲਈ ਸਾਰੇ ਹੀ ਵਧਾਈ ਦੇ ਪਾਤਰ ਹੋ ਨਿਬੜੇ।

ਅਸੀਂ ਰੱਖੀਏ ਸਮਾਈਲ ਸਦਾ ਮੁੱਖ 'ਤੇ,
ਖ਼ੁਸ਼ੀ ਨਹੀਂ ਮਨਾਉਂਦੇ ਦੂਸਰੇ ਦੇ ਦੁੱਖ 'ਤੇ

ਭਲੇ ਦਿਨ ਜ਼ਰੂਰ ਆਉਂਦੇ ਨੇ, ਸੋ ਜੀਵਨ ਵਿੱਚ ਕਦੇ ਵੀ ਨਾ ਪਛਤਾਈਏ, ਹਮੇਸ਼ਾ ਕੁਝ ਵੱਖਰਾ ਤੇ ਅਲੱਗ ਕਰਦੇ ਰਹੀਏ, ਤਾਂ ਜੋ ਸਾਨੂੰ ਬੁਰੇ ਵਕਤ ਛੱਡਣ ਵਾਲੇ ਜ਼ਰੂਰ ਪਛਤਾਉਣ।

# ਇਸ ਰਾਤ ਤੋਂ ਬਾਅਦ ਸਵੇਰੇ ਈ ਨੇ 'ਪਰਵਾਹ ਨਾ ਕਰ' : ਡਾ. ਸਤਿੰਦਰ ਸਰਤਾਜ

## ਵਕਤ ਦਾ ਕੰਮ ਇਨਸਾਨ ਨੂੰ ਘੇਰਾ ਪਾ ਕੇ ਅਜ਼ਮਾਉਣਾ ਹੈ




ਸਤਿੰਦਰ ਸਰਤਾਜ ਦਾ ਨਵਾਂ ਗੀਤ 'ਪਰਵਾਹ ਨਾਂ ਕਰ' ਆਮ ਜ਼ਿੰਦਗੀ ਵਿੱਚ ਰਿਸ਼ਤਿਆਂ ਦੀ ਅਹਿਮੀਅਤ ਤੇ ਔਕੜਾਂ ਨੂੰ ਨਜਿੱਠਣ ਲਈ ਹੌਂਸਲਾ ਦੇਣ ਵਾਲਾ ਹੈ। ਜਜ਼ਬਿਆਂ ਨੂੰ ਜਿਊਂਦੇ ਰੱਖਣ ਅਤੇ ਜ਼ਿੰਦਗੀ ਨੂੰ ਹੱਸ ਖੇਡ ਕੇ ਗੁਜ਼ਾਰਨ ਦਾ ਪੈ.ਗਾਮ ਦਿੰਦਾ ਇਹ ਗੀਤ ਧੁਰ ਰੂਹਾਨੀਅਤ ਵਿਚ ਜਾ ਕੇ ਇਕ ਨਵੀਂ ਸੋਚ ਪੈਦਾ ਕਰਦਾ ਹੈ । ਕਿਹਾ ਜਾਂਦਾ ਹੈ ਕਿ ਸੰਗੀਤ ਕੁਦਰਤ ਦੀ ਅਣਮੁੱਲੀ ਦੇਣ ਹੈ, ਜੋ ਹਰ ਇੱਕ ਦੇ ਵੱਸ ਨਹੀਂ ਪੈਂਦੀ। ਇੱਥੇ ਅਸੀਂ ਆਖ ਸਕਦੇ ਹਾਂ ਕਿ ਸਤਿੰਦਰ ਸਰਤਾਜ ਉਹ ਬਾਕਮਾਲ ਸ਼ਾਇਰ ਹੈ ਜੋ ਸਮੇਂ ਦੀ ਨਜ਼ਾਕਤ ਸਮਝਦੇ ਹੋਏ ਹਰ ਇੱਕ ਦਾ ਦਰਦ ਮਹਿਸੂਸ ਕਰਦਾ ਹੈ ਅਤੇ ਉਸ ਦਰਦ ਨੂੰ ਕਲਮਾਂ ਰਾਹੀਂ ਬਿਆਨ ਕਰ ਕੇ ਉਸ ਦਾ ਹੱਲ ਵੀ ਨਾਲ ਹੀ ਦੱਸ ਦਿੰਦਾ ਹੈ। ਕੁਦਰਤ ਦਾ ਬਖ਼ਸ਼ਿਆ ਇਹ ਅਨਮੋਲ ਇਲਮ ਸਰਤਾਜ ਦੀ ਝੋਲੀ ਵਿੱਚ ਹੀ ਪਿਆ ਹੈ । ਇਸ ਗੀਤ ਵਿੱਚ ਵੀ ਸਤਿੰਦਰ ਸਰਤਾਜ ਨੇ ਇਨਸਾਨ ਨੂੰ ਇੱਕ ਪੈ.ਗਾਮ ਦਿੱਤਾ ਹੈ ਕਿ ਜੇਕਰ ਇਨਸਾਨ ਦੇ ਜੀਵਨ ਵਿਚ ਕੋਈ ਵੀ ਦੁੱਖ ਆਉਂਦਾ ਹੈ ਤਾਂ ਉਹ ਸਦਾ ਲਈ ਨਹੀਂ ਠਹਿਰਦਾ ਸਗੋਂ ਉਸ ਤੋਂ ਬਾਅਦ ਵੀ ਇਕ ਨਵਾਂ ਸਵੇਰਾ ਚੜਦਾ ਹੈ ਜੋ ਉਸ ਦੀ ਜ਼ਿੰਦਗੀ ਨੂੰ ਰੁਸ਼ਨਾ ਦਿੰਦਾ ਹੈ, ਸੋ ਅਕਾਲ ਪੁਰਖ ਦਾ ਭਾਣਾ ਮੰਨ ਕੇ ਹਰ ਇਕ ਚੀਜ਼ ਨੂੰ ਖਿੜੇ ਮੱਥੇ ਸਹਾਰ ਲੈਣਾ ਚਾਹੀਦਾ ਹੈ । ਸਾਨੂੰ ਇਹ ਕਦੇ ਨਹੀਂ ਸੋਚਣਾ ਚਾਹੀਦਾ ਕਿ ਸਾਡਾ ਇਸ ਦੁਨੀਆ ਵਿਚ ਕੋਈ ਨਹੀਂ ਹੈ , ਜਿਸ ਨੇ ਵੀ ਸਾਨੂੰ ਇਸ ਧਰਤੀ ਉੱਤੇ ਭੇਜਿਆ ਹੈ ਉਸ ਨੇ ਸਾਨੂੰ ਰਿਜ਼ਕ ਦੇ ਨਾਲ ਸਾਡੇ ਰਿਸ਼ਤੇ ਵੀ ਬਣਾਏ ਹੋਏ ਹਨ। ਉਨਾਂ ਰਿਸ਼ਤਿਆਂ ਦੇ ਵਿੱਚ ਵੀ ਮੁਹੱਬਤੀ ਭਾਵਨਾਵਾਂ ਪੈਦਾ ਕੀਤੀਆਂ ਹੋਈਆਂ ਹਨ । ਜੇਕਰ ਜ਼ਿੰਦਗੀ ਨੂੰ ਡੂੰਘਾਈ ਨਾਲ ਵੇਖਿਆ ਜਾਵੇ ਤਾਂ ਇਸ ਧਰਤੀ ਉੱਤੇ ਹਰ ਇਕ ਇਨਸਾਨ ਦੇ ਆਪਣੇ ਜਜ਼ਬਾਤ ਹੁੰਦੇ ਹਨ ਤੇ ਉਹ ਉਨਾਂ ਜਜ਼ਬਾਤਾਂ ਵਿੱਚੋਂ ਵਹਿ ਕੇ ਦੁੱਖ ਸਹੇੜਦਾ ਹੈ । ਦੁੱਖ ਦੇਣ ਵਾਲੇ ਇਨਾਂ ਜਜ਼ਬਾਤਾਂ ਨੂੰ ਹੀ ਸਤਿੰਦਰ ਸਰਤਾਜ ਦਾ ਇਹ ਗੀਤ ਉਹ ਹੌਂਸਲਾ ਬਖ਼ਸ਼ਦਾ ਹੈ, ਜੋ ਚਹਿਰੇ ਉੱਤੇ ਮੁਸਕੁਰਾਹਟ ਲਿਆਂ ਦੇਂਦਾ ਹੈ। ਇਹ ਮੁਸ਼ਕਲ ਸਮੇਂ ਸਾਨੂੰ ਹਰ ਪਾਸਿਓਂ ਘੇਰਨ ਅਤੇ ਦ੍ਰਿੜਤਾ ਦੀ ਪਰਖ ਕਰਨ ਲਈ ਆਉਂਦੇ ਹਨ। ਇਹ ਸਿਰਫ ਸਾਡੀ ਬਹਾਦਰੀ ਦੀ ਪਰਖ਼ ਕਰਦੇ ਹਨ। ਇਕ ਗੱਲ ਹਮੇਸ਼ਾ ਯਾਦ ਰੱਖੋ ਕਿ ਤੁਹਾਡੇ ਨਾਲ ਔਖੇ ਸਮੇਂ ਜੋ ਵੀ ਖੜੇ ਹਨ, ਉਹ ਹੀ ਤੁਹਾਡੇ ਆਪਣੇ ਹਨ। ਸੋ ਵਕਤ ਦਾ ਕੰਮ ਇਨਸਾਨ ਨੂੰ ਘੇਰਾ ਪਾ ਕੇ ਅਜ਼ਮਾਉਣਾ ਹੈ। ਉਹ ਸਿਰਫ਼ ਤੇਰੇ ਹੀ ਰਹਿਣੇ ਨੇ ਤੂੰ ਇਸ ਗੱਲ ਦੀ ਚਿੰਤਾ ਛੱਡ ਦੇ ਕੀ ਉਹ ਤੈਨੂੰ ਛੱਡ ਜਾਣਗੇ। ਸੋ ਜ਼ਿੰਦਗੀ ਦਾ ਆਨੰਦ ਮਾਣਦੇ ਉਸ ਅਕਾਲ ਪੁਰਖ ਦਾ ਸ਼ੁਕਰਗੁਜ਼ਾਰ ਕਰਦੇ ਰਹੋ।

# ਡੁੱਲੇ ਬੇਰਾਂ ਦਾ ਹਾਲੇ ਵੀ ਕੁਝ ਨਹੀਂ ਵਿਗੜਿਆ



**ਰਾਜਨਦੀਪ ਕੌਰ ਮਾਨ**

੬੨੩੯੩੨੬੧੬੬

ਧਰਤੀ ਤੇ ਦਿਨੋਂ ਦਿਨ ਵੱਧ ਰਹੇ ਪ੍ਰਦੂਸ਼ਣ ਤੋਂ ਹੁਣ ਅਸੀਂ ਤਕ ਪਾਸਾ ਵੱਟ ਕੇ ਸਮਾਂ ਲੰਘਾਇਆ ਹੈ । ਪਰ ਇਹ ਪਾਸਾ ਵੱਟਿਆ ਸਾਨੂੰ ਬਹੁਤ ਮਹਿੰਗਾ ਸਾਬਿਤ ਹੋਣ ਲੱਗਿਆ ਹੈ । ਹੁਣ ਜਦ ਗਲੇਸ਼ੀਅਰ ਪਿਘਲ ਰਹੇ ਨੇ, ਪਾਣੀ ਜ਼ਹਿਰੀਲਾ ਹੋ ਗਿਆ ਹੈ, ਹਵਾ ਸਾਹ ਘੁੱਟਣ ਲੱਗ ਪਈ ਹੈ ਤੇ ਬਿਮਾਰੀਆਂ ਨੇ ਸਾਨੂੰ ਘੇਰਾ ਪਾ ਲਿਆ ਹੈ ਤਾਂ ਸਾਡੀਆਂ ਅੱਖਾਂ ਖੋਹਲ ਦੇਣ ਲਈ ਇਹ ਕਾਫੀ ਹੈ। ਬੇਸ਼ੱਕ ਵਾਤਾਵਰਨ ਦਾ ਪ੍ਰਦੂਸ਼ਣ ਕੁਦਰਤੀ ਵੀ ਹੁੰਦਾ ਹੈ, ਪਰ ਇਨਸਾਨ ਦੁਆਰਾ ਕੀਤੇ ਜਾ ਰਹੇ ਨੁਕਸਾਨ ਨਾਲੋਂ ਉਸਦੀ ਮਾਤਰਾ ਬਹੁਤ ਹੀ ਘੱਟ ਹੁੰਦੀ ਹੈ । ਵਾਤਾਵਰਨ ਦੇ ਨੁਕਸਾਨ ਦਾ ਸਭ ਤੋਂ ਵੱਡਾ ਕਾਰਨ ਹੈ ਜੰਗਲਾਂ ਦਾ ਸਫਾਇਆ, ਸਨਅਤਾਂ ਦੁਆਰਾ ਛੱਡੇ ਗਏ ਜਹਿਰੀਲੇ ਧੂੰਏ ਤੇ ਪਾਣੀ, ਖੇਤੀਬਾੜੀ ਤੇ ਸਨਅਤਾਂ ਵਿੱਚ ਵਰਤੇ ਜਾਣ ਵਾਲੇ ਜ਼ਹਿਰੀਲੇ ਕੈਮੀਕਲਾਂ ਦਾ ਉਤਪਾਦਨ ਤੇ ਵਰਤੋਂ, ਸਮੁੰਦਰਾਂ ਦਾ ਤੇਜ਼ਾਬੀਕਰਨ, ਓਜ਼ੋਨ ਦੀ ਤਹਿ ਦਾ ਖਰਾਬ ਹੋਣਾ, ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਦਾ ਫੈਲਾਅ ਹੋਣ ਨਾਲ ਧਰਤੀ ਦੇ ਤਾਪਮਾਨ ਵਿੱਚ ਕਈ ਗੁਣਾ ਵਾਧਾ ਹੋਣਾ, ਸਨਅਤਾਂ ਦੁਆਰਾ ਛੱਡੇ ਗਏ ਧੂੰਏ ਤੇ ਜ਼ਹਿਰੀਲੇ ਪਾਣੀ ਨਾਲ ਹਵਾ ਤੇ ਪਾਣੀ ਦਾ ਪ੍ਰਦੂਸ਼ਣ ਆਦਿ ਪ੍ਰਮੁੱਖ ਵੱਡੇ ਕਾਰਨ ਹਨ। ਇਸ ਤੋਂ ਇਲਾਵਾ ਹੋਰ ਵੀ ਹਜ਼ਾਰਾਂ ਕਾਰਨ ਹਨ ਜਿੰਨਾ ਕਰਕੇ ਵਾਤਾਵਰਨ ਦਾ ਬਹੁਤ ਜਿਆਦਾ ਨੁਕਸਾਨ ਹੋ ਰਿਹਾ ਹੈ ।

ਇਨਾਂ ਵਿਗਾੜਾਂ ਦੇ ਕਰਕੇ ਬਹੁਤ ਵੱਡੇ ਨੁਕਸਾਨ ਹੋ ਰਹੇ ਹਨ । ਓਜ਼ੋਨ ਦੀ ਪਰਤ ਪਾਟ ਗਈ ਹੈ, ਲੋਕਾਂ ਦੀ ਸਿਹਤ ਦਾ ਨੁਕਸਾਨ ਹੋ ਰਿਹਾ ਹੈ, ਵਣ ਜੀਵ ਤੇ ਪੰਛੀਆਂ ਦੀਆਂ ਜਿੰਦਗੀਆਂ ਖਤਰੇ ਵਿੱਚ ਪੈ ਗਈਆਂ ਹਨ ,ਜ਼ਮੀਨ ਦਾ ਉਪਜਾਊਪਣ ਖਤਮ ਹੋ ਰਿਹਾ ਹੈ, ਪਾਣੀ ਦੀ ਕਿੱਲਤ ਪੈਦਾ ਹੋ ਰਹੀ ਹੈ, ਜ਼ਮੀਨ ਦਾ ਮਾਰੂਥਲੀ ਕਰਨ ਹੋ ਰਿਹਾ ਹੈ । ਮੌਸਮਾਂ ਦੀ ਤਬਦੀਲੀ ਕਰਕੇ ਦੁਨੀਆਂ ਦੇ ਕਈ ਇਲਾਕਿਆਂ ਵਿੱਚ ਸੋਕਾ ਤੇ ਕਈਆਂ ਵਿੱਚ ਹੜਾਂ ਦੀ ਮਾਰ ਵਧ ਗਈ ਹੈ। ਅੰਟਾਂਰਕਟਿਕਾ ਤੇ ਪਹਾੜਾਂ ਤੋਂ ਬਰਫ ਪਿਘਲਣ ਦੀਆਂ ਖਬਰਾਂ ਰੋਜ ਆ ਰਹੀਆਂ ਹਨ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਖੇਤੀ ਸਿੰਜਾਈ ਲਈ ਪਾਣੀ ਦੀ ਘਾਟ ਹੋ ਜਾਏਗੀ ਤੇ ਫਸਲਾਂ ਨਾ ਹੋਣ ਕਾਰਨ ਭੁੱਖਮਰੀ ਵਰਗੇ ਹਾਲਾਤ ਬਣ ਸਕਦੇ ਹਨ ।

ਇਨਾਂ ਸਾਰੇ ਬੁਰੇ ਪ੍ਰਭਾਵਾਂ ਤੋਂ ਬਚਣ ਲਈ ਜੇਕਰ ਅੱਜ ਵੀ ਹਰ ਇਨਸਾਨ ਗੰਭੀਰ ਹੋ ਕੇ ਵਾਤਾਵਰਨ ਦੀ ਸਾਂਭ ਸੰਭਾਲ ਵਿੱਚ ਲਗ ਜਾਵੇ ਤਾਂ ਹਾਲੇ ਵੀ ਡੁੱਲੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ । ਵੱਧ ਤੋਂ ਵੱਧ ਦਰੱਖਤ ਲਾ ਕੇ ਧਰਤੀ ਨੂੰ ਮੁੜ ਤੋਂ ਹਰਿਆ ਭਰਿਆ ਕਰਨਾ ਵਾਤਾਵਰਨ ਲਈ ਸਭ ਤੋਂ ਵੱਡੀ ਸੰਜੀਵਨੀ ਬੂਟੀ ਸਾਬਿਤ ਹੋਵੇਗਾ । ਪਾਣੀ ਦੀ ਬਰਬਾਦੀ ਤੇ ਰਸਾਇਣਾਂ ਦੀ ਵਰਤੋਂ ਵਿੱਚ ਕਮੀ ਨਾਲ ਵੀ ਬਹੁਤ ਫਰਕ ਪੈ ਸਕਦਾ ਹੈ । ਫੈਕਟਰੀਆਂ ਵਿਚਲਾ ਧੂੰਆਂ, ਗੰਦਾ ਪਾਣੀ ਜੇਕਰ ਇਨਾਂ ਦਾ ਵੀ ਕੋਈ ਉਪਾਅ ਜਾਂ ਬਦਲ ਹੋ ਜਾਵੇ, ਗੱਡੀਆਂ ਵੀ ਘੱਟ ਧੂੰਏ ਵਾਲੀਆਂ ਆ ਜਾਣ, ਕਚਰੇ ਤੋਂ ਬਿਜਲੀ ਉਤਪਾਦਨ ਸੰਭਵ ਹੋਵੇ, ਤੇ ਪੀਣ ਵਾਲੇ ਪਾਣੀ ਦੀ ਬਰਬਾਦੀ ਰੁਕ ਜਾਵੇ, ਬੱਚਿਆਂ ਨੂੰ ਨਾ ਸਿਰਫ ਸਕੂਲਾਂ ਵਿੱਚੋ ਬਲਕਿ ਘਰੋਂ ਮਾਂ ਬਾਪ ਵਲੋਂ ਵੀ ਵਾਤਾਵਰਨ ਬਾਰੇ ਸਿੱਖਿਆ ਮਿਲੇ ਤਾਂ ਇਨਾਂ ਮੋਟੇ ਮੋਟੇ ਕਦਮਾਂ ਨਾਲ ਸਾਡੀ ਧਰਤੀ ਮੁੜ ਤੋਂ ਸੁਰਜੀਤ ਹੋ ਜਾਵੇ ਸਭ ਜੀਵ ਜੰਤੂਆਂ ਲਈ ਬਿਹਤਰ ਜੀਵਨ ਵਾਲਾ ਵਾਤਾਵਰਨ ਬਣ ਸਕਦਾ ਹੈ। ਇਹ ਜਿਆਦਾ ਮੁਸ਼ਕਲ ਵੀ ਨਹੀਂ ਹੈ, ਲੋੜ ਤਾਂ ਹੈ ਇਕ ਮਜ਼ਬੂਤ ਜਜ਼ਬੇ ਦੀ। ਆਓ ਸਾਰੇ ਮਿਲ ਕੇ ਇੱਕ ਸਵੱਛ ਵਾਤਾਵਰਨ ਸਿਰਜੀਏ।

## ਬੁਝਾਰਤਾਂ

ਉੱਤਰ ਸ.ਫਾ 31 'ਤੇ

1. ਭੇਡਾਂ-ਬੱਕਰੀਆਂ ਚਾਰਨ ਵਾਲੇ ਨੂੰ ਕੀ ਕਹਿੰਦੇ ਹਨ?
2. ਸ਼ੱਕਰ ਵਿਚ ਘਿਉ ਮਿਲਾ ਕੇ ਜੋ ਮਿਸ਼ਰਤ ਵਸਤ ਬਣਦੀ ਹੈ, ਉਸ ਨੂੰ ਕੀ ਕਹਿੰਦੇ ਹਨ?
3. ਜਨਾਨੀਆਂ ਦੇ ਗਿੱਟਿਆਂ ਤੇ ਪਾਉਣ ਵਾਲੇ ਚਾਂਦੀ ਦੇ ਇਕ ਗਹਿਣੇ ਨੂੰ ਕੀ ਕਹਿੰਦੇ ਹਨ?
4. ਕੱਪੜੇ ਦੇ ਬਣੇ ਥੈਲੇ ਨੂੰ ਕੀ ਕਹਿੰਦੇ ਹਨ?
5. ਮਾਸੀ ਦੀ ਸੱਸ ਦੇ, ਪੋਤੇ ਦੇ ਬਾਪ ਦੇ, ਬਾਪ ਦੀ ਨੂੰਹ ਦੀ, ਮਾਂ ਨੂੰ ਕੀ ਕਹਿੰਦੇ ਨੇ?
6. ਸਰਕੜੇ, ਕਾਹੀ ਆਦਿ ਨਾਲ ਬਣਾਏ ਘਰ ਨੂੰ ਕੀ ਕਹਿੰਦੇ ਹਨ?
7. ਸਿੰਜਾਈ ਲਈ ਖੂਹ ਵਿਚੋਂ ਜਾਂ ਟੋਭੇ ਵਿਚੋਂ ਪਾਣੀ ਕੱਢਣ ਵਾਲੇ ਸੰਦ ਨੂੰ ਕੀ ਕਹਿੰਦੇ ਹਨ?
8. ਕਾਂਸੀ ਦੇ ਗੋਲ ਸ਼ਕਲ ਦੇ ਬਣੇ ਬਰਤਨ ਨੂੰ ਕੀ ਕਹਿੰਦੇ ਹਨ?
9. ਲੱਕ ਦੁਆਲੇ ਬੰਨੇ ਜਾਣ ਵਾਲੇ ਚਾਰਖਾਨੇ ਕੱਪੜੇ ਜਾਂ ਧਾਰੀਦਾਰ ਕੱਪੜੇ ਨੂੰ ਕੀ ਕਹਿੰਦੇ ਹਨ?
10. ਕਰੀਰ ਦੀ ਝਾੜੀ ਨੂੰ ਲੱਗੇ ਫਲ ਨੂੰ ਕੀ ਕਹਿੰਦੇ ਹਨ?

ਤਸਵਿੰਦਰ ਸਿੰਘ ਬੜੈਚ

# ਬਿਨਾਂ ਪਤੇ ਵਾਲੀ ਚਿੱਠੀ



**ਹਰਕੀਰਤ ਕੌਰ**

9779118066

ਜਸਬੀਰ ਨੂੰ ਲਿਖਣ ਤੇ ਪੜਨ ਦਾ ਸ਼ੌਂਕ ਬਚਪਨ ਤੋਂ ਹੀ ਸੀ, ਕਿਤੇ ਵੀ ਅਖਬਾਰ ਦਾ ਪੱਤਰਾ ਉੱਡਦਾ ਵੇਖਦੀ ਤਾਂ ਝਟ ਦਿਨੀਂ ਫੜ ਝਾੜ ਪੂੰਝ ਕੇ ਪੜਨ ਬਹਿ ਜਾਂਦੀ। ਸੌਦੇ ਪੱਤੇ ਵਿੱਚ ਆਈ ਖੰਡ ਉੱਪਰ ਦੁਕਾਨਦਾਰ ਇੱਕ ਅਖਬਾਰ ਦਾ ਟੋਟਾ ਰੱਖ ਦਿੰਦਾ, ਉਹ ਉਸ ਟੋਟੇ ਨੂੰ ਵੀ ਸੰਭਾਲ ਲੈਂਦੀ। ਧੀ ਦੀ ਪੜਨ ਵਿੱਚ ਐਨੀ ਰੁਚੀ ਵੇਖ ਬਾਪੂ ਨੇ ਘਰ ਅਖਬਾਰ ਲਗਵਾ ਦਿੱਤੀ, ਹੁਣ ਜਸਬੀਰ ਕੌਰ ਉਤਲੇ ਅਸਮਾਨਾਂ ਤੇ ਸੀ, ਉਸਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਇਹ ਗੱਲ 1995-96 ਦੀ ਹੈ ਜਦੋਂ ਦੀ ਘਰ ਅਖਬਾਰ ਲੱਗੀ ਐਤਵਾਰ ਜਸਬੀਰ ਲਈ ਸਭ ਤੋਂ ਵਧੀਆ ਹੁੰਦਾ ਸੀ। ਉਸ ਦਿਨ ਦੇ ਅਖਬਾਰ ਦੀ ਜਸਬੀਰ ਨੂੰ ਹੋਰ ਵੀ ਬੇਸਬਰੀ ਨਾਲ ਉਡੀਕ ਰਹਿੰਦੀ ਕਿਉਂਕਿ ਉਸ ਦਿਨ ਅਖਬਾਰ ਵਿੱਚ ਕਹਾਣੀਆਂ ਤੇ ਨਾਵਲ ਹੁੰਦੇ ਤੇ ਹਫਤੇ ਦੀ ਤਾਂਘ ਹੁੰਦੀ ਕਿ ਅੱਜ ਕੀ ਬਣਿਆ ਹੋਊ ਅਗਲੇ ਅੰਕ ਵਿੱਚ।

ਜਦੋਂ ਅਖਬਾਰ ਹੱਥ ਆ ਜਾਂਦਾ ਤਾਂ ਉਹ ਥੋੜੇ ਖੜਖੜੇ ਕਿਸੇ ਦੇ ਹੱਥ ਨਾ ਆਉਂਦੀ, ਗਾਲਾਂ ਖਾ ਲੈਂਦੀ ਪਰ ਪੜੇ ਬਿਨਾਂ ਨਾ ਸਰਦਾ। ਉਸਨੂੰ ਮੈਡਮ ਦਲੀਪ ਕੌਰ ਟਿਵਾਣਾ ਜੀ ਦੇ ਨਾਵਲ ਤੇ ਕਹਾਣੀਆਂ ਪੜ ਪੜ ਜਿਵੇਂ ਉਨਾਂ ਨਾਲ ਮੋਹ ਜਿਹਾ ਹੋ ਗਿਆ ਸੀ ਮੈਡਮ ਦਲੀਪ ਕੌਰ ਟਿਵਾਣਾ ਦੀ ਸਰਲ ਭਾਸ਼ਾ ਵਿੱਚ ਲਿਖੀਆਂ ਲਿਖਤਾਂ ਉਹ ਵਾਰ ਵਾਰ ਪੜਦੀ ਤੇ ਦੂਰ ਬੈਠਿਆ ਹੀ ਸਾਂਝ ਜਿਹੀ ਪਾ ਬੈਠੀ ਤੇ ਮੈਡਮ ਦਲੀਪ ਕੌਰ ਜਸਬੀਰ ਦੇ ਮਨਪਸੰਦ ਦੇ ਲੇਖਕ ਬਣ ਗਏ।

ਜਸਬੀਰ ਦਾ ਬਾਪੂ ਸਿੱਧਾ ਸਾਦਾ ਜਿਹਾ ਕਿਰਤੀ ਕਿਸਾਨ ਸੀ, ਉਸਨੇ ਜਸਬੀਰ ਕੁਝ ਜਿਆਦਾ ਨਹੀਂ ਪੜਾਇਆ, ਇਸੇ ਕਰਕੇ ਉਹ ਕਦੇ ਕਦੇ ਬਾਪੂ ਨਾਲ ਖਫਾ ਵੀ ਰਹਿੰਦੀ, ਉਸਦੀ ਇੱਕ ਜਮਾਤਣ ਪਟਿਆਲੇ ਪੜਦੀ ਸੀ, ਉਸ ਨੂੰ ਵੇਖ ਜਸਬੀਰ ਨੂੰ ਆਪਣੇ ਬਾਪੂ ਤੇ ਗੁੱਸਾ ਆਵੇ ਕਿ ਜੇ ਮੈਂ ਵੀ ਪਟਿਆਲੇ ਪੜਦੀ ਹੁੰਦੀ ਤਾਂ ਮੈਂ ਵੀ ਮੈਡਮ ਦਲੀਪ ਕੌਰ ਟਿਵਾਣਾ ਜੀ ਨੂੰ ਮਿਲਿਆ ਕਰਦੀ.....।

ਉਸ ਕੁੜੀ ਨੇ ਜਦੋਂ ਪਿੰਡ ਆਉਣਾ ਜਸਬੀਰ ਨੇ ਉਸਨੂੰ ਮਿਲਣ ਜ਼ਰੂਰ ਜਾਣਾ ਤੇ ਸਾਰਾ ਦਿਨ ਮੈਡਮ ਦਲੀਪ ਕੌਰ ਟਿਵਾਣਾ ਦੇ ਰਹਿਣ ਸਹਿਣ ਦੀਆਂ ਗੱਲਾਂ ਕਰਦੇ ਰਹਿਣਾ।

ਉਨਾਂ ਸਮਿਆਂ ਵਿੱਚ ਜਸਬੀਰ ਲਈ ਲੇਖਕ ਕੋਈ ਅਰਸ਼ੋ ਉਤਰੇ ਅਵਤਾਰ ਹੁੰਦੇ ਸੀ ਕਿ ਜੋ ਐਨਾ ਸੋਹਣਾ ਲਿਖਦੇ ਨੇ ਖੌਰੇ ਕਿਵੇਂ ਔੜਦੀਆਂ ਨੇ ਐਨੀਆਂ ਸੋਹਣੀਆਂ ਗੱਲਾਂ, ਬਸ ਪਤਾ ਨਹੀਂ ਕੀ ਕੀ ਸੋਚਦੀ ਰਹਿਣਾ।

ਉਨਾਂ ਸਮਿਆਂ ਵਿੱਚ ਖਤ ਬਹੁਤ ਲਿਖੇ ਜਾਂਦੇ ਸੀ, ਭੈਣਾਂ ਭਰਾਵਾਂ ਦੀ ਸੁੱਖ ਸਾਂਦ ਪੁੱਛਣ ਲਈ ਆ ਸਮਰਾਟ ਫੋਨ (ਸਮਾਰਟ) ਨਹੀਂ ਸੀ ਹੋਇਆ ਕਰਦੇ, ਜਸਬੀਰ ਨੇ ਵੀ ਆਪਣੀ ਮਾਂ ਦੇ ਪਰਦੇਸੀ ਬੈਠੇ ਭੈਣ ਭਰਾਵਾਂ ਨੂੰ ਕਦੇ ਭੈਣ ਬਣ ਕੇ ਕਦੇ ਭਰਾ ਬਣ ਕੇ ਬਹੁਤ ਖਤ ਲਿਖੇ ਸਨ। ਇੱਕ ਦਿਨ ਜਸਬੀਰ ਨੂੰ ਫੁਰਨਾ ਆਇਆ ਕਿਉਂ ਨਾ ਇੱਕ ਖਤ ਮੈਡਮ ਜੀ ਨੂੰ ਵੀ ਲਿਖਿਆ ਜਾਵੇ...। ਫੇਰ ਕੀ ਸੀ, ਮੋਹ ਦੀ ਮਾਰੀ ਜਸਬੀਰੋ ਹੋ ਗਈ ਸ਼ੁਰੂ ਮੈਡਮ ਜੀ ਨੂੰ ਖਤ ਲਿਖਣ।

ਸ਼ਾਇਦ ਕੋਈ ਪ੍ਰੇਮਿਕਾ ਵੀ ਆਪਣੇ ਪ੍ਰੇਮੀ ਨੂੰ ਐਡਾ ਖਤ ਨਾ ਲਿਖਦੀ ਜਿੰਨਾ ਵੱਡਾ ਜਸਬੀਰ ਕੌਰ ਨੇ ਲਿਖ ਦਿੱਤਾ ਉਹ ਵੀ ਸਭ ਤੋਂ ਚੋਰੀਓ। ਬੜੀਆਂ ਹੀ ਸਿ.ਫਤਾਂ ਲਿਖ ਕਰ ਦਿੱਤਾ ਪੋਸਟ। ਬਸ .ਫੇਰ ਕੀ ਸੀ ਜਸਬੀਰ ਦੇ ਪੈਰ ਭੁੰਜੇ ਨਾ ਲੱਗਣ ਕਿ ਮੈਡਮ ਜੀ ਪੜ ਕੇ ਕਿੰਨੇ ਖ਼ੁਸ਼ ਹੋਣਗੇ, ਕੀ ਸੋਚਣਗੇ? ਪਤਾ ਨਹੀਂ ਕਿੰਨੇ ਕਿ ਖਿਆਲ ਆਉਣ ਮਨ ਵਿੱਚ। ਡਾਕੀਆ ਜਦੋਂ ਆਉਂਦਾ ਜਸਬੀਰ ਕੰਨ ਖੜੇ ਕਰ ਸੁਣਨ ਲੱਗਦੀ ਜਿਵੇਂ ਉਸਦੀ ਚਿੱਠੀ ਦਾ ਜਵਾਬ ਆਇਆ ਹੋਊ, ਪਰ ਡਾਕੀਆ ਕਿੰਨੇ ਦਿਨ ਆਉਂਦਾ ਤੇ ਅੱਗੇ ਲੰਘ ਜਾਂਦਾ। ਹਫਤੇ ਤੋਂ ਥੋੜੇ ਦਿਨ ਵੱਧ ਲੱਗੇ ਤੇ ਡਾਕੀਏ ਨੇ ਜਸਬੀਰ ਕੌਰ ਦੇ ਘਰ ਦੇ ਅੱਗੇ ਖੜੋ ਸਾਈਕਲ ਦੀ ਟੱਲੀ ਮਾਰੀ... ਜਸਬੀਰ ਕੌਰ ਭੱਜੀ ਭੱਜੀ ਗਈ ਇਸ ਚਾਅ ਵਿੱਚ ਕਿ ਮੈਡਮ ਜੀ ਦੀ ਚਿੱਠੀ ਆਈ ਹੋਊ...। ਪਰ ਉਸਦੀ ਸਾਰੀ ਖ਼ੁਸ਼ੀ ਉਸ ਸਮੇਂ ਉਦਾਸੀ ਵਿੱਚ ਬਦਲ ਗਈ ਜਦੋਂ ਉਸਦੀ ਲਿਖੀ ਚਿੱਠੀ ਉਸ ਕੋਲ ਵਾਪਸ ਆ ਗਈ, ਉਦਾਸ ਹੋਈ ਜਸਬੀਰ ਦੀ ਡਾਕੀਏ ਨੂੰ ਚਿੱਠੀ ਵਾਪਸ ਆਉਣ ਦਾ ਕਾਰਣ ਪੁੱਛਣ ਦੀ ਵੀ ਹਿੰਮਤ ਨਾ ਹੋਈ।

ਬਾਕੀ ਸ.ਫਾ 31 'ਤੇ

# ਝੋਰਾ

**ਸੁਪਿੰਦਰ ਸਿੰਘ ਰਾਣਾ**

ਘਰ ਦਾ ਗੇਟ ਖੜਕਿਆ। ਬਾਹਰ ਦੇਖਿਆ ਤਾਂ ਬੇਪਛਾਣਿਆ ਜਿਹਾ ਚਿਹਰਾ ਦਿਖਾਈ ਦਿੱਤਾ। ਹੱਥ ਵਿੱਚ ਮਠਿਆਈ ਦਾ ਡੱਬਾ ਤੇ ਕਾਰਡ ਫੜਿਆ ਹੋਇਆ ਸੀ। ਦਰਵਾਜ਼ਾ ਖੋਲਿਆ। ‘ਹਾਂ ਜੀ, ਬਾਈ ਜੀ’ ਕਹਿੰਦਿਆਂ ਉਸ ਵਿਅਕਤੀ ਤੋਂ ਉਹਦੇ ਬਾਰੇ ਜਾਣਨਾ ਚਾਹਿਆ। ਉਸ ਨੇ ਕਿਹਾ, ‘ਤੈਂ ਪਛਾਣਿਆ ਨਹੀਂ ਸ਼ਾਇਦ ਮੈਨੂੰ।’

ਮੈਂ ਨਾਂਹ ਵਿੱਚ ਸਿਰ ਹਿਲਾਇਆ। ਉਸ ਨੇ ਕਿਹਾ ਕਿ ਪਹਿਲਾਂ ਅੰਦਰ ਆਉਣ ਲਈ ਕਹੇਂਗਾ ਜਾਂ ਸਾਰਾ ਕੁਝ ਬਾਹਰ ਹੀ ਪੁੱਛ ਕੇ ਸਾਰ ਲਏਂਗਾ? ਮੈਂ ਦਰਵਾਜ਼ਾ ਖੋਲ ਕੇ ਉਸ ਨੂੰ ਅੰਦਰ ਬੁਲਾ ਲਿਆ। ਉਹ ਬੈਠਕ ਵਿੱਚ ਸੋਫ਼ੇ ’ਤੇ ਬੈਠ ਗਿਆ ਤੇ ਸਾਮਾਨ ਮੇਜ਼ ’ਤੇ ਰੱਖ ਦਿੱਤਾ। ਮਨ ਉਸ ਬਾਰੇ ਜਾਨਣ ਲਈ ਉਤਸਕ ਸੀ। ਮੈਂ ਉਸ ਦੇ ਸਾਹਮਣੇ ਹੀ ਬੈਠ ਗਿਆ। ਉਸ ਨੇ ਕਿਹਾ, ‘ਆਪਾਂ ਸਕੂਲੇ ਛੇ ਸਾਲ ਇਕੱਠੇ ਪੜ੍ਹੇ। ਹੁਣ ਤੂੰ ਮੈਨੂੰ ਕਿਵੇਂ ਭੁੱਲ ਗਿਆ?’

ਮੈਂ ਥੋੜਾ ਦਿਮਾਗ ’ਤੇ ਜ਼ੋਰ ਪਾਇਆ। ਮੇਰੇ ਮੂੰਹੋਂ ਨਿਕਲਿਆ, ‘ਸਿਕੰਦਰ?’ ਉਸ ਨੇ ਆਖਿਆ, ‘ਠੀਕ ਪਛਾਣਿਆ ਤੈਂ।’

ਮੈਂ ਉਸ ਨੂੰ ਘੁੱਟ ਕੇ ਜੱਫ਼ੀ ਵਿੱਚ ਲੈ ਲਿਆ। ਉਸ ਲਈ ਪਾਣੀ ਦਾ ਗਲਾਸ ਲਿਆਂਦਾ। ਪਾਣੀ ਪੀਣ ਮਗਰੋਂ ਉਹ ਆਖਣ ਲੱਗਿਆ, ‘ਮੇਰੇ ਮੁੰਡੇ ਦਾ ਵਿਆਹ ਹੈ। ਪਰਿਵਾਰ ਸਣੇ ਦਰਸ਼ਨ ਦੇਣੇ।’

ਮੈਂ ਕਿਹਾ, ‘ਜ਼ਰੂਰ ਦਰਸ਼ਨ ਦੇਵਾਂਗੇ ਤੇ ਨਾਲੇ ਸਾਡੇ ਲਾਇਕ ਕੋਈ ਸੇਵਾ ਹੋਈ ਜ਼ਰੂਰ ਦੱਸੀਂ।’

ਹੋਰ ਮਿੱਤਰਾਂ ਬਾਰੇ ਗੱਲਾਂ ਕਰਨ ਤੋਂ ਬਾਅਦ ਮੈਂ ਪੁੱਛਿਆ ਕਿ ਹੁਣ ਤੂੰ ਕੀ ਕਰਦਾ ਏਂ। ਉਸ ਨੇ ਦੱਸਿਆ ਕਿ ਉਹ ਚੰਡੀਗੜ ਵਿੱਚ ਪ੍ਰਾਈਵੇਟ ਅਦਾਰੇ ਵਿੱਚ ਨੌਕਰੀ ਕਰ ਰਿਹਾ ਹੈ। ਚੰਗੀ ਤਨਖ਼ਾਹ ਹੈ ਤੇ ਬੱਚੇ ਪੜ ਲਿਖ ਕੇ ਆਪਣੇ ਪੈਰਾਂ ਸਿਰ ਖੜੇ ਹੋ ਗਏ ਹਨ। ਮੈਂ ਉਸ ਨੂੰ ਪੁੱਛਿਆ ਕਿ ਤੂੰ ਇੰਨੇ ਸਾਲ ਬਾਅਦ ਘਰ ਕਿਵੇਂ ਲੱਭਿਆ? ਉਹ ਹੱਸਦਾ ਹੋਇਆ ਕਹਿਣ ਲੱਗਿਆ ਜੇ ਮਿਲਣ ਦੀ ਤਾਂਘ ਹੋਵੇ ਤਾਂ ਸਭ ਕੁਝ ਲੱਭ ਜਾਂਦਾ ਹੈ। ਮੈਂ ਹੈਰਾਨ ਸੀ। ਮੈਂ ਕਿਹਾ, ‘ਯਾਰ ਸਕੂਲ ਮਗਰੋਂ ਤੇਰਾ ਕੁਝ ਪਤਾ ਨਾ ਲੱਗਿਆ, ਤੂੰ ਕਿੱਧਰ ਚਲਿਆ ਗਿਆ?’

ਉਹ ਸੋਫ਼ੇ ’ਤੇ ਸਿੱਧਾ ਜਿਹਾ ਹੋਣ ਮਗਰੋਂ ਕਹਿਣ ਲੱਗਿਆ, ‘ਸਕੂਲ ਦਾ ਤਾਂ ਤੈਨੂੰ ਪਤਾ ਹੀ ਹੈ, ਕਿਵੇਂ ਘਰੋਂ ਪੈਸੇ ਚੋਰੀ ਕਰਨ ਦੀ ਆਦਤ ਪੈ ਗਈ। ਪੈਸੇ ਚੋਰੀ ਕਰਨ ਮਗਰੋਂ ਫਿਲਮਾਂ ਦੇਖਣੀਆਂ ਤੇ ਯਾਰਾਂ ਨਾਲ ਹੋਟਲਾਂ ਵਿੱਚ ਜਾਣਾ ...।’

ਵਿੱਚੋਂ ਟੋਕਦਿਆਂ ਮੈਂ ਕਿਹਾ ਕਿ ਮੇਰੇ ਯਾਦ ਆਇਆ, ਇੱਕ ਵਾਰੀ ਮੈਂ ਤੇਰੇ ਘਰ ਗਿਆ ਸੀ। ਤੇਰੀ ਮਾਤਾ ਜੀ ਨੂੰ ਮੈਂ ਕਿਹਾ ਕਿ ਸਿਕੰਦਰ ਅੱਜ ਸਕੂਲ ਨਹੀਂ ਗਿਆ। ਇਸ ਲਈ ਅਧਿਆਪਕ ਨੇ ਦਾਖ਼ਲਾ ਫਾਰਮ ਦਿੱਤਾ ਹੈ। ਇਸ ਨੂੰ ਭਰ



ਕੇ ਕੱਲ ਨੂੰ ਜਮਾਂ ਕਰਾਉਣਾ ਹੈ। ਉਨਾਂ ਮੈਨੂੰ ਅੰਦਰ ਬਿਠਾ ਲਿਆ ਤੇ ਕਿਹਾ ਕਿ ਉਹ ਘਰੋਂ ਤਾਂ ਸਕੂਲ ਗਿਆ ਸੀ, ਕੀ ਗੱਲ ਪਹੁੰਚਿਆ ਕਿਉਂ ਨਹੀਂ? ਉਨਾਂ ਮੈਨੂੰ ਕਿਹਾ ਕਿ ਜਦੋਂ ਸਿਕੰਦਰ ਸਕੂਲ ਨਾ ਜਾਵੇ ਤੂੰ ਮੈਨੂੰ ਦੱਸਣਾ। ਦੇਖੀਂ ਇਸ ਬਾਰੇ ਉਸ ਨੂੰ ਇਲਮ ਨਾ ਹੋਵੇ। ਮੈਂ ਤੇਰੇ ਘਰੋਂ ਵਾਪਸ ਆ ਗਿਆ। ਫਿਰ ਮੁੜ ਜਾਣ ਦੀ ਹਿੰਮਤ ਨਾ ਕੀਤੀ।

ਮੇਰੇ ਯਾਦ ਹੈ ਸਿਕੰਦਰ ਦੀ ਮਾਤਾ ਕਈ ਵਾਰ ਸਕੂਲ ਵੀ ਆਏ। ਉਨਾਂ ਸਾਰਿਆਂ ਦੇ ਸਾਹਮਣੇ ਸਿਕੰਦਰ ਦੀ ਕਾਫ਼ੀ ਧੌੜੀ ਲਾਹੀ। ਕਈ ਵਾਰ ਤਾਂ ਉਨਾਂ ਦਾ ਉਸ ਨੂੰ ਕੁੱਟਦਿਆਂ ਰੋਣਾ ਵੀ ਨਿਕਲ ਜਾਂਦਾ। ਦਰਅਸਲ ਉਹ ਸਿਕੰਦਰ ਦੀਆਂ ਮਾੜੀਆਂ ਆਦਤਾਂ ਤੋਂ ਪ੍ਰੇਸ਼ਾਨ ਸਨ। ਸਿਕੰਦਰ ਨੂੰ ਅਧਿਆਪਕਾਂ ਨੇ ਤੇ ਅਸੀਂ ਬੜਾ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਉੱਤੇ ਕਿਸੇ ਗੱਲ ਦਾ ਅਸਰ ਨਾ ਹੁੰਦਾ। ਉਸ ਦੀਆਂ ਆਦਤਾਂ ਕਾਰਨ ਸਾਨੂੰ ਸਾਰਿਆਂ ਨੂੰ ਜਾਪਦਾ ਸੀ ਕਿ ਉਹ ਜ਼ਿੰਦਗੀ ਵਿੱਚ ਔਖਾ ਹੀ ਕਾਮਯਾਬ ਹੋਵੇਗਾ।

ਥੋੜੇ ਚਿਰ ਮਗਰੋਂ ਸਿਕੰਦਰ ਕਹਿਣ ਲੱਗਾ ਕਿ ਮੇਰੀ ਜ਼ਿੰਦਗੀ ਦਾ ਟਰਨਿੰਗ ਪੁਆਇੰਟ ਇੱਕ ਘਟਨਾ ਸੀ। ਉਹ ਦੱਸਣ ਲੱਗ, ‘ਮੈਂ ਤੇ ਮੇਰੀ ਮਾਤਾ ਇੱਕ ਦਿਨ ਬੱਸ ਵਿੱਚ ਨਾਨਕੇ ਜਾ ਰਹੇ ਸੀ। ਜਦੋਂ ਕੰਡਕਟਰ ਕੋਲ ਆਇਆ ਤਾਂ ਮਾਂ ਨੇ ਪੈਸੇ ਕੱਢਣ ਲਈ ਪਰਸ ਖੋਲਿਆ। ਪਰਸ ਵਿੱਚ ਪੈਸੇ ਨਹੀਂ ਸਨ। ਮਾਂ ਹੱਕੀ ਬੱਕੀ ਰਹਿ ਗਈ। ਉਸ ਨੇ ਦੋ ਤਿੰਨ ਵਾਰੀ ਪਰਸ ਨੂੰ ਫਰੋਲਿਆ। ਪਰਸ ਵਿੱਚ ਪੈਸੇ ਕਿੱਥੋਂ ਹੋਣੇ ਸਨ, ਮੈਂ ਪੈਸੇ ਕੱਢ ਕੇ ਆਪਣੇ ਦੋਸਤਾਂ ਨਾਲ ਫਿਲਮ ਦੇਖ ਆਇਆ ਸੀ। ਸਾਰਿਆਂ ਨੂੰ ਖਾਣਾ ਵੀ ਖੁਆਇਆ। ਮਾਂ ਰੋਣ ਹਾਕੀ ਹੋ ਗਈ। ਸਾਰੀਆਂ ਸਵਾਰੀਆਂ ਸਾਡੇ ਵੱਲ ਦੇਖ ਰਹੀਆਂ ਸਨ। ਕੰਡਕਟਰ ਆਖਣ ਲੱਗਿਆ – ਤੁਹਾਡੇ ਵਰਗਿਆਂ ਨੂੰ ਮੈਂ ਨਿੱਤ ਚਾਰਦਾਂ। ਪੈਸੇ ਨਹੀਂ ਹਨ ਤਾਂ ਚਲੋ ਉੱਤਰੋ।

‘ਮਾਂ ਨੇ ਬਥੇਰਾ ਕਿਹਾ ਕਿ ਗਲਤੀ ਨਾਲ ਪੈਸੇ ਘਰ ਰਹਿ ਗਏ। ਕੰਡਕਟਰ ਨੇ ਸੀਟੀ ਮਾਰ ਕੇ ਬੱਸ ਰੋਕ ਲਈ ਤੇ ਸਾਨੂੰ ਉੱਤਰਨ ਲਈ ਕਹਿ ਦਿੱਤਾ। ਇੰਨੇ ਨੂੰ ਇੱਕ ਬਜ਼ੁਰਗ ਨੇ ਕਿਹਾ–ਭਾਈ ਗਲਤੀ ਲੱਗ ਗਈ ਹੋਣੀ ਏ, ਤੂੰ ਆਏ ਕਰ, ਟਿਕਟ ਦੇ ਪੈਸੇ ਮੈਥੋਂ ਲੈ ਲੈ। ਐਨੇ ਨੂੰ ਬੱਸ ਚੱਲ ਪਈ। ਬਜ਼ੁਰਗ ਨੇ ਟਿਕਟ ਦੇ ਪੈਸੇ ਦੇ ਦਿੱਤੇ ਤੇ ਕੰਡਕਟਰ ਨੇ ਬੁੜਬੁੜ ਕਰਦੇ ਨੇ ਸਾਨੂੰ ਟਿਕਟਾਂ ਫੜਾ ਦਿੱਤੀਆਂ। ਮਾਂ ਨੇ ਬਜ਼ੁਰਗ ਦਾ ਧੰਨਵਾਦ ਕੀਤਾ। ਅਸੀਂ ਨਾਨਕੇ ਘਰ ਪਹੁੰਚ ਗਏ। ਮਾਂ ਨੇ ਆਉਣ ਲੱਗੇ ਮਾਮੀ ਨੂੰ ਕਿਹਾ ਕਿ ਉਹ ਪੈਸੇ ਘਰ ਭੁੱਲ ਆਏ ਹਨ, ਇਸ ਲਈ ਜਾਣ ਲਈ ਥੋੜੇ ਪੈਸੇ ਦੇ ਦੇਵੇ।

‘ਘਰ ਆ ਕੇ ਮਾਂ ਕਈ ਦਿਨ ਚੁੱਪ-ਚੁੱਪ ਰਹੀ। ਮੈਨੂੰ ਆਪਣੀ ਗਲਤੀ ਦਾ ਇਹਸਾਸ ਹੋ ਗਿਆ। ਹੁਣ ਮਾਂ ਨੇ ਮੈਨੂੰ ਕੁੱਟਿਆ ਨਹੀਂ, ਸਗੋਂ ਘਰ ਵਿੱਚ ਬੋਲਣਾ ਘੱਟ ਕਰ ਦਿੱਤਾ। ਮਾਂ ਗੁਆਂਢੀਆਂ ਨਾਲ ਵੀ ਘੱਟ ਮਿਲਣ ਲੱਗ ਪਈ। ਸਮਾਂ ਬੀਤਦਾ ਗਿਆ। ਮੈਂ ਪੜਾਈ ਵਿੱਚ ਧਿਆਨ ਦੇਣ ਲੱਗ ਪਿਆ। ਗ੍ਰੈਜੂਏਸ਼ਨ ਕਰਕੇ ਨੌਕਰੀ ਮਿਲ ਗਈ। ਵਿਆਹ ਹੋ ਗਿਆ।

‘ਬੱਚੇ ਹੋ ਗਏ। ... ਬਥੇਰਾ ਮਾਂ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕੀਤੀ। ਘਰਵਾਲੀ ਨੂੰ ਆਪਣੇ ਅਤੀਤ ਬਾਰੇ ਦੱਸਿਆ। ਦੋਵਾਂ ਬੱਚਿਆਂ ਨੂੰ ਮਾਂ ਤੋਂ ਗੁੜਤੀ ਦਿਵਾਈ। ਥੋੜੀ ਦੇਰ ਬਾਅਦ ਮਾਂ ਗੁਜ਼ਰ ਗਈ।

‘ਹੁਣ ਜਦੋਂ ਕਈ ਵਾਰ ਰਾਤ ਨੂੰ ਸੌਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਮਾਂ ਯਾਦ ਆ ਜਾਂਦੀ ਹੈ। ਮਾਂ ਦਾ ਮਨ ਦੁਖਾਉਣ ਦਾ ਝੋਰਾ ਵਾਰ-ਵਾਰ ਸਤਾਉਂਦਾ। ਕਈ ਵਾਰ ਰਾਤ ਨੂੰ ਉੱਠ ਕੇ ਆਪਣੇ ਆਪ ਨੂੰ ਕੋਸਦਾ ਰਹਿੰਦਾ ਹਾਂ। ...।’

ਹੁਣ ਸਿਕੰਦਰ ਦੀਆਂ ਅੱਖਾਂ ਨਮ ਸਨ। ਥੋੜੇ ਚਿਰ ਬਾਅਦ ਮੇਰੀ ਘਰਵਾਲੀ ਚਾਹ ਲੈ ਕੇ ਆ ਗਈ। ਮੈਂ ਆਪਣੇ ਦੋਸਤ ਬਾਰੇ ਉਸ ਨੂੰ ਦੱਸਿਆ।

ਸਿਕੰਦਰ ਨੇ ਕਿਹਾ ਕਿ ਵਿਆਹ ਵਿੱਚ ਸਾਰੇ ਪੁਰਾਣੇ ਦੋਸਤ ਸੱਦੇ ਹਨ, ਇਸ ਲਈ ਆਉਣਾ ਜ਼ਰੂਰ।

ਮੈਂ ਸਿਕੰਦਰ ਨੂੰ ਗੇਟ ਤਕ ਛੱਡਣ ਗਿਆ।

ਵਿਆਹ ਵੇਲੇ ਕੁੜੀ ਵਾਲਿਆਂ ਨੇ ਸਾਡੇ ਇੱਕ ਦੋਸਤ ਨੂੰ ਦੱਸਿਆ ਕਿ ਵਿਆਹ ਦਾ ਸਾਰਾ ਖਰਚਾ ਸਿਕੰਦਰ ਨੇ ਕੀਤਾ ਹੈ।

ਕੁੜੀ ਵਾਲੇ ਸਾਡੇ ਘਰ ਕੋਲ ਹੀ ਰਹਿੰਦੇ ਸਨ। ਡੇਢ ਸਾਲ ਬਾਅਦ ਉਨਾਂ ਦੱਸਿਆ ਕਿ ਸਾਡੀ ਧੀ ਨੂੰ ਤੁਹਾਡੇ ਦੋਸਤ ਨੇ ਨੂੰਹ ਨਹੀਂ, ਸਗੋਂ ਧੀ ਬਣਾ ਕੇ ਰੱਖਿਆ ਹੋਇਆ ਹੈ।

ਮੈਨੂੰ ਇੱਕ ਪਾਸੇ ਦੁਨੀਆਂ ਨੂੰ ਜਿੱਤਣ ਵਾਲਾ ਸਿਕੰਦਰ ਖਾਲੀ ਹੱਥ ਜਾਂਦਾ ਦਿਖਾਈ ਦੇ ਰਿਹਾ ਸੀ ਤੇ ਦੂਜੇ ਪਾਸੇ ਆਪਣਾ ਦੋਸਤ ਸਿਕੰਦਰ ਮਾਂ ਦਾ ਝੋਰਾ ਲਈ ਵਕਤ ਟਪਾਉਂਦਾ ਦਿਖਾਈ ਦੇ ਰਿਹਾ ਸੀ। ਜਿਸ ਸਿਕੰਦਰ ਨੂੰ ਬਚਪਨ ਵੇਲੇ ਕੋਈ ਚੰਗਾ ਨਹੀਂ ਸਮਝਦਾ ਸੀ ਅੱਜ ਉਸ ਦੀ ਦੋਸਤੀ ’ਤੇ ਮਾਣ ਮਹਿਸੂਸ ਹੋ ਰਿਹਾ ਸੀ।

# ਮਿੰਨੀ ਕਹਾਣੀਆਂ

## ਅਕਲ ਵਿਹੂਣੇ

**ਮਾਸਟਰ ਸੁਖਵਿੰਦਰ ਦਾਨਗੜ**

ਕੁਹਾੜੇ ਦੇ ਪਹਿਲੇ ਵਾਰ ਨੇ ਹੀ ਆਲਣੇ ’ਚ ਸੁੱਤੇ ਪਏ ਬੋਟ ਦੀ ਅੱਖ ਖੋਲ ਦਿੱਤੀ। ਜਦੋਂ ਦੂਜਾ ਵਾਰ ਹੋਇਆ ਤਾਂ ਉਸ ਦਾ ਧੜਕਦਾ ਹੋਇਆ ਕਲੇਜਾ ਮੂੰਹ ਵਿੱਚ ਆ ਗਿਆ। ਲਗਾਤਾਰ ਹੁੰਦੇ ਵਾਰ ਦੇਖ ਕੇ ਬੋਟ ਦੀ ਜਾਨ ਮੁੱਠੀ ਵਿੱਚ ਆ ਰਹੀ ਸੀ ਅਤੇ ਉਹ ਕੰਬਦੇ ਬੋਲਾਂ ਨਾਲ ਆਪਣੀ ਮਾਂ ਘੁੱਗੀ ਨੂੰ ਕਹਿਣ ਲੱਗਾ, ‘ਮਾਂ!! ਲੱਗਦਾ ਹੁਣ ਇਹ ਅਕਲ ਵਿਹੂਣੇ ਲੋਕ ਆਪਣਾ ਆਹ ਘਰ ਵੀ ਉਜਾੜ ਰਹੇ ਆ, ਆਪਾਂ ਤਾਂ ਮਸਾਂ ਤੀਲਾ-ਤੀਲਾ ’ਕੱਠਾ ਕਰ ਕੇ ਬਣਾਇਆ ਸੀ। ਇਹ ਆਪਣੇ ਮਗਰ ਈ ਕਿਉਂ ਪਏ ਆ? ਆਪਾਂ ਇਨਾਂ ਦਾ ਕੀ ਵਿਗਾੜਿਐ?’

‘ਹਾਂ, ਪੁੱਤ, ਇਹ ਬੇਸਮਝ ਲੋਕ ਨੇ, ਨਾ ਇਨਾਂ ਨੂੰ ਕੁਦਰਤ ਸੰਗ ਆਪ ਜੀਣਾ ਆਉਂਦਾ, ਨਾ ਸਾਨੂੰ ਜੀਣ ਦਿੰਦੇ ਨੇ,’ ਘੁੱਗੀ ਅੱਖਾਂ ਭਰਦਿਆਂ ਬੋਲੀ।

‘ਮਾਂ, ਇਹ ਐਨੇ ਰੁੱਖ ਵੱਢ ਕੇ ਕਰਦੇ ਕੀ ਨੇ? ਇਨਾਂ ਨੇ ਤਾਂ ਆਪਣਾ ਸਾਰਾ ਜੰਗਲ ਹੀ ਉਜਾੜਣ ਦੀ ਮਿੱਥ ਲਈ ਐ,’ ਸਹਿਮੇ ਹੋਏ ਬੋਟ ਨੇ ਸਵਾਲ ਕੀਤਾ।

‘ਪੁੱਤ, ਇਹ ਲੱਕੜ ਨਾਲ਼ ਆਪਦੇ ਘਰ ਸਜਾਉਂਦੇ ਨੇ। ਇਨਾਂ ਨੂੰ ਇਹ ਪਤਾ ਨਹੀਂ ਲੱਗਦਾ ਕਿ ਉਹ ਲੱਕੜ ਸਾਡੇ ਵਰਗੇ ਕਿੰਨੇ ਹੀ ਮਾਸੂਮਾਂ ਨੂੰ ਬੇਘਰੇ ਕਰਕੇ ਆਈ ਹੁੰਦੀ ਐ,’ ਇਹ ਆਖਦਿਆਂ ਘੁੱਗੀ ਦਾ ਮਨ ਭਰ ਆਇਆ।

‘ਮਾਂ, ਤੂੰ ਰੋ ਨਾ, ਚੱਲ ਕੋਈ ਨਾ। ਆਪਾਂ ਹੋਰ ਥਾਵੇਂ ਨਵਾਂ ਘਰ ਬਣਾ ਲਵਾਂਗੇ। ਆਪਣੀ ਤਾਂ ਕਿਸਮਤ ਹੀ ਮਾੜੀ ਐ, ਸਜਾ ਲੈਣ ਦੇ ਇਨਾਂ ਨੂੰ ਆਪਣੇ ਘਰ,’ ਬੋਟ ਘੁੱਗੀ ਨੂੰ ਹੌਂਸਲਾ ਦਿੰਦਾ ਬੋਲਿਆ।

ਇਹ ਸੁਣ ਕੇ ਘੁੱਗੀ ਨੇ ਉਸ ਨੂੰ ਆਪਣੇ ਖੰਭਾਂ ਨਾਲ ਲਾ ਲਿਆ ਅਤੇ ਹੁਣ ਦਰੱਖਤ ਡਿੱਗਣ ਵਾਲਾ ਸੀ। ਉਹ ਦੋਵੇਂ ਉਡਾਰੀ ਭਰ ਕੇ ਦੂਜੇ ਦਰੱਖਤ ’ਤੇ ਬੈਠ ਗਏ। ਖਿੰਡਦਾ ਹੋਇਆ ਆਲਣਾ ਦੇਖ ਉਨਾਂ ਦੀ ਧਾਹ ਨਿਕਲ ਗਈ ਸੀ। ਬੋਟ ਦੇ ਬੋਲ ਸੁਣ ਕੇ ਘੁੱਗੀ ਦੇ ਮੂੰਹੋਂ ਆਪ ਮੁਹਾਰੇ ਨਿਕਲਿਆ, ‘ਪੁੱਤ, ਮੈਨੂੰ ਆਪਣੇ ਆਲਣੇ ਦਾ ਓਨਾ ਫ਼ਿਕਰ ਨਹੀਂ ਜਿੰਨਾ ਫ਼ਿਕਰ ਇਨਾਂ ਬੇਅਕਲ ਲੋਕਾਂ ਦਾ ਐ। ਇਨਾਂ ਨੂੰ ਐਨਾ ਵੀ ਪਤਾ ਨਹੀਂ ਲੱਗਦਾ ਕਿ ਇਹ ਕੁਹਾੜਾ ਰੁੱਖਾਂ ’ਤੇ ਨਹੀਂ ਸਗੋਂ ਆਪਣੇ ਜੀਵਨ ’ਤੇ ਹੀ ਮਾਰ ਰਹੇ ਨੇ।’

‘ਚੱਲ ਮਾਂ, ਰਹਿਣ ਦੇ। ਆਪਾਂ ਕੀ ਲੈਣਾ ਇਨਾਂ ਨੂੰ ਸਮਝਾ ਕੇ। ਜਦੋਂ ਅੱਖਾਂ ਦੁਖਣਗੀਆਂ ਆਪੇ ਪੱਟੀ ਬੰਨ ਲੈਣਗੇ,’ ਬੋਟ ਨੇ ਗੁੱਸਾ ਦਿਖਾਉਂਦਿਆਂ ਕਿਹਾ।

‘ਪੁੱਤ, ਦੁੱਖ ਤਾਂ ਇਸੇ ਗੱਲ ਦਾ ਐ, ਅੱਖਾਂ ’ਤੇ ਪੱਟੀ ਤਾਂ ਇਹ ਪਹਿਲਾਂ ਹੀ ਬੰਨੀ ਬੈਠੇ ਨੇ, ਇਨਾਂ ਨੂੰ ਐਨੀ ਵੀ ਸਮਝ ਨਹੀਂ ਪੈ ਰਹੀ ਕਿ ਕੁਦਰਤ ਦਾ ਉਜਾੜ ਹੀ ਇਨਾਂ ਦਾ ਆਪਣਾ ਉਜਾੜ ਐ।’

‘ਹੇ ਕੁਦਰਤ, ਹਾੜੇ, ਹਾੜੇ, ਇਨਾਂ ਘੱਟ ਸੋਝੀ ਵਾਲੇ ਲੋਕਾਂ ਨੂੰ ਵੀ ਸੋਝੀ ਬਖ਼ਸ਼ ਦੇ,’ ਬੋਟ ਉਪਰ ਵੱਲ ਮੂੰਹ ਕਰਕੇ ਬੋਲਿਆ।

‘ਹੇ ਮਾਲਕਾ! ਜੇ ਕਿਸੇ ਹੋਰ ਦੀ ਤੂੰ ਨਹੀਂ ਸੁਣਨੀ ਤਾਂ ਮੇਰੇ ਇਸ ਮਾਸੂਮ ਦੀ ਅਰਦਾਸ ਈ ਸੁਣ ਲੈ, ਬਖ਼ਸ਼ ਦੇ ਸੋਝੀ ਇਨਾਂ ਅਕਲ ਵਿਹੂਣੇ ਲੋਕਾਂ ਨੂੰ,’ ਘੁੱਗੀ ਇਹ ਆਖਦਿਆਂ ਬੋਟ ਨੂੰ ਨਾਲ ਲੈ ਕੇ ਦੂਰ ਜੰਗਲ ਵਿੱਚ ਨਵੇਂ ਆਲਣੇ ਲਈ ਥਾਂ ਦੀ ਤਲਾਸ਼ ਵਿੱਚ ਉੱਡ ਗਈ।

## ਜੂਆ

**ਹਰਭਿੰਦਰ ਸੰਧੂ**

ਮੁੰਡੇ ਦੇ ਮੂੰਹੋਂ ਸਾਢੇ ਛੇ ਬੈਂਡ ਸੁਣ ਕੇ ਬਚਨ ਕੌਰ ਦੀਆਂ ਵਾਛਾਂ ਖਿੜ ਗਈਆਂ ਸਨ। ਉਸ ਨੂੰ ਇੰਝ ਲੱਗਿਆ ਬਈ ਹੁਣ ਤਾਂ ਮੇਰਾ ਪੁੱਤ ਕੈਨੇਡਾ ਗਿਆ ਕਿ ਗਿਆ। ਪਰ ਸ਼ਾਮੀਂ ਸ਼ਹਿਰੋਂ ਮੁੜੇ ਮੇਹਰ ਸਿੰਘ ਨੇ ਸਾਰੀਆਂ ਖ਼ੁਸ਼ੀਆਂ ’ਤੇ ਪਾਣੀ ਹੀ ਫੇਰ ਦਿੱਤਾ, ਜਦੋਂ ਆਉਂਦੇ ਨੂੰ ਪਾਣੀ ਦਾ ਗਿਲਾਸ ਫੜਾ ਪੁੱਛਣ ਲੱਗੀ, ‘ਕੀ ਕਹਿੰਦਾ ਫਿਰ ਆੜਤੀਆ?’ ਮੇਹਰ ਸਿੰਘ ਨੇ ਰੁੱਖੇਪਣ ਵਿੱਚ ਕਿਹਾ, ‘ਓ ਨਹੀਂ ਮੰਨਦਾ, ਕਹਿੰਦਾ ਆਹ ਮੈਂ ਨਹੀਂ ਚੁੱਕ ਸਕਦਾ ਐਨੀ ਭਾਰੀ ਪੰਡ।’ ਦੋ ਮਿੰਟ ਚੁੱਪ ਰਹਿਣ ਪਿੱਛੋਂ ਆਪ ਹੀ ਮੇਹਰ ਸਿੰਘ ਆੜਤੀਏ ਦੇ ਪੱਖ ਵਿੱਚ ਬੋਲਣ ਲੱਗ ਪਿਆ, ਉਹ ਵੀ ਸੱਚਾ ਐ, ਕੌਣ ਦੇਵੇ ਦੋ ਕਿੱਲਿਆਂ ’ਤੇ ਸੋਲਾਂ ਲੱਖ ਰੁਪਿਆ।’ ਫਿਰ ਪੁੱਤ ਨੂੰ ਕੋਲ ਬੁਲਾ ਕਹਿੰਦਾ, ‘ਪੁੱਤ, ਦਿਲ ਨਾ ਛੱਡੀਂ, ਕਰਦੇ ਹਾਂ ਸਵੇਰੇ ਹੋਰ ਕਿਤੋਂ ਪਤਾ।’ ਸਾਰੀ ਰਾਤ ਸੋਚਾਂ ਵਿੱਚ ਲੰਘ ਗਈ। ਅਗਲੇ ਦਿਨ ਸਾਰਾ ਕੰਮ ਧੰਦਾ ਮੁਕਾ ਆਪਣੇ ਪੁੱਤ ਨੂੰ ਆਵਾਜ਼ ਮਾਰੀ, ‘ਬੇਟਾ ਕੱਪੜੇ ਪਾ, ਸ਼ਹਿਰ ਚੱਲੀਏ, ਹੁਣ ਜੂਆ ਖੇਡਣਾ ਹੀ ਪੈਣਾ ਏ।’ ਸ਼ਾਮੀ ਜਦੋਂ ਦੋਵੇਂ ਪਿਓ ਪੁੱਤ ਘਰ ਮੁੜੇ ਤਾਂ ਮੇਹਰ ਸਿੰਘ ਦੇ ਅੰਗੂਠੇ ’ਤੇ ਲੱਗੀ ਕਾਲੀ ਸਿਆਹੀ ਸਾਰੀ ਗੱਲ ਦੱਸ ਰਹੀ ਸੀ।

## ਪਛਤਾਵਾ

**ਤਸਵਿੰਦਰ ਸਿੰਘ ਬੜੈਚ**

ਮੋਬਾ-7527931887

ਦੋ ਕੁੜੀਆਂ ਦੀ ਮਾਂ ਡਿੰਪਲ ਜਦੋਂ ਤੀਸਰੀ ਵਾਰ ਗਰਭਵਤੀ ਹੋਈ ਤਾਂ ਉਸਦੇ ਪਤੀ ਪ੍ਰਦੀਪ ਨੇ ਉਸ ਨਾਲ ਲੜਾਈ-ਝਗੜਾ ਕਰਕੇ ਇਕ ਝੋਲਾ ਛਾਪ ਡਾਕਟਰ ਤੋਂ ਉਸਦਾ ਭਰੂਣ ਟੈਸਟ ਕਰਵਾ ਦਿੱਤਾ। ਜਦੋਂ ਪ੍ਰਦੀਪ ਨੂੰ ਡਾਕਟਰ ਤੋਂ ਪਤਾ ਚੱਲਿਆ ਕਿ ਉਸਦੀ ਪਤਨੀ ਦੇ ਗਰਭ ਵਿਚ ਪਲ ਰਿਹਾ ਭਰੂਣ ਕੁੜੀ ਹੈ ਤਾਂ ਉਸਨੇ ਉਸੇ ਝੋਲਾ ਛਾਪ ਡਾਕਟਰ ਤੋਂ ਗਰਭਪਾਤ ਕਰਨ ਵਾਲੀ ਦਵਾਈ ਲੈ ਲਈ ਤੇ ਆਪਣੀ ਪਤਨੀ ਨੂੰ ਜੋਰ-ਜ਼ਬਰਦਸਤੀ ਖਵਾਉਣ ਲੱਗ ਪਿਆ। ਡਿੰਪਲ ਨੇ ਬਥੇਰੇ ਮਿੰਨਤਾਂ ਤਰਲੇ ਕਰਦਿਆਂ ਕਿਹਾ ਕਿ ਮੈਂ ਭਰੂਣ ਹੱਤਿਆ ਨਹੀਂ ਕਰਨੀ, ਨਹੀਂ ਕਰਨੀ, ਪਰ ਉਸਨੇ ਉਸ ਦੀ ਇਕ ਨਾ ਮੰਨੀ। ਦੋ-ਤਿੰਨ ਦਿਨਾਂ ਬਾਅਦ ਡਿੰਪਲ ਦੇ ਪੇਟ ਵਿਚ ਦਰਦ ਹੋਣਾ ਸ਼ੁਰੂ ਹੋ ਗਿਆ। ਦਰਦ ਦਿਨੋਂ-ਦਿਨ ਵਧਦਾ ਹੀ ਚਲਾ ਗਿਆ। ਪਹਿਲਾਂ ਪ੍ਰਦੀਪ ਆਪਣੀ ਪਤਨੀ ਨੂੰ ਉਸੇ ਝੋਲਾ ਛਾਪ ਡਾਕਟਰ ਤੋਂ ਦਵਾਈ ਖਵਾਉਂਦਾ ਰਿਹਾ। ਪਰ ਜਦੋਂ ਉਸ ਕੋਲੋਂ ਆਰਾਮ ਨਾ ਆਇਆ ਤਾਂ ਉਹ ਡਿੰਪਲ ਨੂੰ ਚੰਡੀਗੜ ਦੇ ਇਕ ਮੰਨੇ-ਪ੍ਰਮੰਨੇ ਹਸਪਤਾਲ ਵਿਚ ਲੈ ਗਿਆ। ਡਾਕਟਰ, ਡਿੰਪਲ ਨੂੰ ਲੈ ਕੇ ਅਜੇ ਐਮਰਜੈਂਸੀ ਰੂਮ ਵਿਚ ਗਏ ਹੀ ਸਨ ਕਿ ਡਿੰਪਲ ਦਾ ਆਪਣੇ ਆਪ ਹੀ ਗਰਭਪਾਤ ਹੋ ਗਿਆ। ਥੋੜੇ ਸਮੇਂ ਬਾਅਦ ਇਕ ਡਾਕਟਰ ਰੂਮ ਵਿਚੋਂ ਬਾਹਰ ਆਇਆ ਤੇ ਆ ਕੇ ਪ੍ਰਦੀਪ ਨੂੰ ਬੋਲਿਆ,‘ਮਿਸਟਰ ਪ੍ਰਦੀਪ, ਮੈਨੂੰ ਇਕ ਗੱਲ ਦੀ ਸਮਝ ਨੀ ਆਈ, ਹੋਰ ਲੋਕ ਤਾਂ ਕੁੜੀਆਂ ਦਾ ਗਰਭਪਾਤ ਕਰਵਾਉਂਦੇ ਨੇ, ਪਰ ਤੁਸੀਂ ਮੁੰਡੇ ਦਾ ਹੀ ਗਰਭਪਾਤ ਕਰਵਾ ਦਿੱਤੈ।’

ਇਹ ਸੁਣ ਕੇ ਪ੍ਰਦੀਪ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ‘ਹਾਂ ਸੱਚ ਇਕ ਗੱਲ ਹੋਰ ਕਹਿਣੀ ਸੀ, ਤੁਹਾਡੀ ਪਤਨੀ ਹੁਣ ਦੁਬਾਰਾ ਕਦੇ ਵੀ ਮਾਂ ਨਹੀਂ ਬਣ ਸਕੇਗੀ’ ਡਾਕਟਰ ਫੇਰ ਬੋਲਿਆ। ਇਹ ਸੁਣ ਕੇ ਤਾਂ ਮਾਨੋ ਪ੍ਰਦੀਪ ’ਤੇ ਪਹਾੜ ਡਿੱਗ ਪਿਆ। ਪ੍ਰਦੀਪ ਏਡੀ ਵੱਡੀ ਗਲਤੀ ਕਰ ਕੇ ਹੁਣ ਪਛਤਾ ਰਿਹਾ ਸੀ।

## ਤੂੰ ਕੁੱਝ ਤਾਂ ਸੋਚ

ਚੁੱਪੀ ਪਸਰੀ ਪਈ ਐ
ਨਾ ਤੂੰ ਬੋਲਦਾ ਐ.....ਨਾ ਮੈਂ
ਬਸ ਖਾਮੋਸ਼ ਜਿਹੇ ਖੜੇ ਹਾਂ
ਇੱਕ ਦੂਜੇ ਨੂੰ ਸੁਣਨ ਦੀ ਤਾਂਘ ਵਿੱਚ
ਪਰ .... ਨਾ ਤੂੰ ਕੁੱਝ ਕਹਿਣਾ
ਨਾ ਮੈਂ ਕੁੱਝ ਕਹਿਣਾ
ਰੁਸਵਾਈਆਂ, ਗਿਲੇ, ਸ਼ਿਕਵੇ
ਤਨਹਾਈਆਂ, ਸ਼ਿਕਾਇਤਾਂ
ਸਭ ਚੀਖ ਰਹੀਆਂ ਨੇ ਜ਼ੋਰ ਜ਼ੋਰ ਨਾਲ
ਅਸੀਂ ਫੇਰ ਵੀ ਖ਼ਾਮੋਸ਼ੀ ਨਾਲ
ਸੁਣਦੇ ਹੀ ਜਾ ਰਹੇ ਹਾਂ
ਹੁਣ ਤੂੰ ਤੇ ਮੈਂ ਚੁੱਪ ਹਾਂ
ਤੇ ਆਪਣਾ ਰਿਸ਼ਤਾ ਬੋਲ ਰਿਹਾ ਹੈ
ਤਰਲਾ ਕਰ ਰਿਹਾ ਹੈ ਕਿ ਮੈਨੂੰ ਬਚਾ ਲਓ
ਸ਼ਾਇਦ ਇੱਕ ਦਿਨ ਇਹਨੇ ਖ਼ਾਮੋਸ਼ ਹੋ ਜਾਣੇ ਤੇ
ਮੈਂ ਤੇ ਤੂੰ ਬੋਲਣਾ ਚਾਹੁਣੇ
ਪਰ ਉਦੋਂ ਰਿਸ਼ਤੇ ਨੇ ਬੋਲਣਾ ਨਹੀਂ
ਤੂੰ ਕੋਸ਼ਿਸ਼ ਕਰਨੀ ਏ
ਤੇ ਮੈਂ ਵੀ ਕਮਲੀ ਹੋ ਜਾਣਾ ਏ
ਪਰ ਇਸ ਰਿਸ਼ਤੇ ਨੇ ਕਿਧਰੇ ਰਾਹ ਵਿੱਚ
ਅੱਧਵਾਟਿਆਂ ਹੀ
ਇੰਤਜ਼ਾਰ ਵਿੱਚ ਮਰ ਜਾਣਾ ਏ...।

**ਗਗਨ ਮਾਹੀ**

77172-96820

# ਕਿਸਾਨੀ ਦੀ ਦੁਰਦਸ਼ਾ ਲਈ ਹਾਕਮ ਸਰਕਾਰਾਂ ਜਿੰਮੇਵਾਰ

**ਹਰਕੀਰਤ ਕੌਰ**

9779118066

ਭਾਰਤ ਦੀ ਆਰਥਿਕਤਾ ਦਾ ਮੁੱਖ ਧੁਰਾ ਅੱਜ ਵੀ ਖੇਤੀਬਾੜੀ ਹੈ। ਇਸ ਦੇਸ਼ ਦੀ ਤਕਰੀਬਨ ਸੱਤਰ ਫੀਸਦੀ ਅਬਾਦੀ ਖੇਤੀਬਾੜੀ ਕਰਕੇ ਆਪਣਾ ਗੁਜਾਰਾ ਚਲਾਉਂਦੀ ਹੈ। ਹਿੰਮਤੀ, ਮਿਹਨਤੀ ਅਤੇ ਸਿਰੜੀ ਕਿਸਾਨਾਂ ਨੇ ਵਾਧੂ ਅਨਾਜ ਪੈਦਾ ਕਰਕੇ 1960 ਦੇ ਦਹਾਕੇ ਵਿੱਚ ਹਰੀ ਕ੍ਰਾਂਤੀ ਨੂੰ ਜਨਮ ਦਿੱਤਾ ਅਤੇ ਅਨਾਜ ਖਰੀਦਣ ਵਾਲਾ ਇਹ ਦੇਸ਼ ਅੱਜ ਹੋਰ ਦੇਸ਼ਾਂ ਨੂੰ ਅਨਾਜ ਵੇਚਣ ਦੇ ਸਮਰੱਥ ਹੋ ਗਿਆ ਹੈ। ਪਰ ਇਹ ਬਹੁਤ ਹੀ ਅਫਸੋਸ ਦੀ ਗੱਲ ਹੈ ਕਿ ਹੱਡ ਭੰਨਵੀਂ ਮਿਹਨਤ ਕਰਕੇ ਅਨਾਜ ਪੈਦਾ ਕਰਨ ਵਾਲਾ ਕਿਸਾਨ ਗਰੀਬੀ, ਕਮਜੋਰ ਆਰਥਿਕ ਹਾਲਾਤਾਂ ਕਰਕੇ ਤੇ ਸਰਕਾਰ ਦੀਆਂ ਮਾਰੂ ਨੀਤੀਆਂ ਕਰਕੇ ਦਰੜਿਆ ਮਹਿਸੂਸ ਕਰ ਰਿਹਾ ਹੈ। ਰੋਜ਼ਾਨਾ ਹੁੰਦੀਆਂ ਖੁਦਕੁਸ਼ੀਆਂ ਇਸ ਦਾ ਜਿਊਂਦਾ ਜਾਗਦਾ ਪ੍ਰਣਾਮ ਹੈ। ਵਧੇ ਖਰਚਿਆਂ ਨੇ ਖੇਤੀਬਾੜੀ ਕਿੱਤੇ ਨੂੰ ਆਰਥਿਕ ਤੌਰ ’ਤੇ ਵੱਡੀ ਢਾਹ ਲਾਈ। ਯੂਰੀਆ, ਡੀ. ਏ. ਪੀ ਅਤੇ ਹੋਰ ਖਾਦ ਪਦਾਰਥਾਂ ਦੇ ਵਧੇ ਭਾਅ ਕਿਸਾਨਾਂ ਲਈ ਇੱਕ ਚੁਣੌਤੀ ਬਣ ਗਏ ਹਨ। ਇਮਾਨਦਾਰੀ ਨਾਲ ਕਿਰਤ ਕਰਨ ਵਾਲਾ ਕਿਸਾਨ ਬੈਂਕਾਂ ਤੋਂ ਲਏ ਕਰਜੇ ਮੋੜਨ ਵਿੱਚ ਅਸਮਰੱਥ ਨਜ਼ਰ ਆ ਰਿਹਾ ਹੈ। ਫਸਲਾਂ ਦੇ ਮਿਲਦੇ ਘੱਟ ਮੁੱਲ ਅਤੇ ਕੁਦਰਤੀ ਕਰੋਪੀਆਂ ਨੇ ਕਿਸਾਨਾਂ ਦੇ ਹਾਲਤ ਤਰਸਯੋਗ ਬਣਾ ਦਿੱਤੀ ਹੈ। ਇੱਕ ਵਾਰੀ ਟੁੱਟੀ ਕਿਸ਼ਤ ਅਤੇ ਫਿਰ ਉਸ ਉੱਤੇ ਲੱਗੇ ਵਿਆਜ ਉਧਾਰ ਲਈ ਰਕਮ ਨੂੰ ਵੱਡੀ ਕਰ ਦਿੰਦਾ ਹੈ, ਜੋ ਇੱਕ ਦਰਮਿਆਨੇ ਕਿਸਾਨ ਲਈ ਉਤਾਰਨੀ ਹੱਦੋਂ ਵੱਧ ਮੁਸ਼ਕਿਲ ਹੈ। ਫਸਲਾਂ ’ਤੇ ਆਉਦੇ ਵੱਡੇ ਖਰਚੇ ਸਾਹਮਣੇ ਫਸਲਾਂ ਦੇ ਮੁੱਲ ਬੌਣੇ ਮਹਿਸੂਸ ਹੋ ਰਹੇ ਹਨ। ਕਿਸਾਨਾਂ ਦੇ ਰੋਜਾਨਾ ਲਗਦੇ ਧਰਨੇ ਇਸੇ ਦਰਦ ਦੀ ਅਵਾਜ ਨੂੰ ਪ੍ਰਗਟਾਉਂਦੇ ਹਨ, ਪਰ ਸਰਕਾਰਾਂ ਨੇ ਅਜੇ ਤੱਕ ਕੋਈ ਵੀ ਅਜਿਹੀ ਨੀਤੀ ਨਹੀਂ ਬਣਾਈ, ਜਿਸਨੂੰ ਪੂਰੀ ਤਰਾਂ ਕਿਸਾਨ ਹਿਤੈਸ਼ੀ ਕਿਹਾ ਜਾ ਸਕੇ। ਪਿਛਲੇ ਸਮੇਂ ਵਿੱਚ ਇੱਕ ਦਿਨ ਵਿੱਚ ਪੰਜ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ, ਸਰਕਾਰਾਂ ਦੁਆਰਾ ਲਿਆਂਦੇ ਕਾਲੇ ਕਾਨੂੰਨਾ ਨੇ ਪਤਾ ਨਹੀਂ ਕਿੰਨੇ ਘਰਾਂ ਵਿੱਚ ਸੋਗ ਦੀ ਲਹਿਰ ਫੈਲਾ ਦਿੱਤੀ ਤੇ ਸਰਕਾਰ ਦੀਆਂ ਨਾਮ ਦੀਆਂ ਕਿਸਾਨ ਪੱਖੀ ਨੀਤੀਆਂ ਦੀ ਹਵਾ ਕੱਢ ਦਿੱਤੀ। ਜੇਕਰ ਸਰਕਾਰ ਟੈਕਸ ਲਾ ਕੇ ਖਾਦ ਅਤੇ ਹੋਰ ਚੀਜਾਂ ਦੇ ਮੁੱਲ ਵਧਾਉਂਦੀ ਹੈ ਤਾਂ ਫਸਲਾਂ ਦੇ ਮੁੱਲ ਵੀ ਉਸ ਵਾਧੇ ਦੇ ਅਨੁਸਾਰ ਕਿਸਾਨਾਂ ਨੂੰ ਦਿੱਤੇ ਜਾਣੇ ਚਾਹੀਦੇ ਹਨ। ਇੱਕ ਅਨੁਮਾਨ ਅਨੁਸਾਰ ਜੇਕਰ ਖੇਤੀ ਉੱਤੇ ਆਉਂਦੇ ਖਰਚਿਆਂ ਦੇ ਅਨੁਸਾਰ ਫਸਲਾਂ ਦੇ ਮੁੱਲ ਵਧਾਏ ਜਾਂਦੇ ਹਨ ਤਾਂ ਅੱਜ ਕਣਕ, ਝੋਨੇ ਅਤੇ ਹੋਰ ਫਸਲਾਂ ਦੇ ਮੁੱਲ ਕਈ ਹਜ਼ਾਰ ਰੁਪਏ ਕੁਇੰਟਲ ਹੋਣੇ ਸਨ, ਜੋ ਕਿ ਸਰਕਾਰ ਦੀਆਂ ਮਾਰੂ ਨੀਤੀਆਂ ਕਰਕੇ ਨਹੀਂ ਹੋਏ। ਮਹਾਨ ਕ੍ਰਿਸ਼ੀ ਵਿਗਆਨੀ ਅਤੇ ਚਿੰਤਕ ਡਾ. ਸਵਾਮੀਨਾਥਨ ਅਨੁਸਾਰ ‘ਜੇਕਰ ਭਾਰਤ ਦੇਸ਼ ਵਿਚ ਖੇਤੀਬਾੜੀ ਗਲਤ ਦਿਸ਼ਾ ਵਿੱਚ ਜਾਵੇਗੀ ਤਾਂ ਕੁਝ ਵੀ ਠੀਕ ਨਹੀਂ ਰਹੇਗਾ’ ਸਹੀ ਸਾਬਿਤ ਹੋ ਰਿਹਾ ਹੈ। ਉਨਾਂ ਵਲੋਂ ਦਿੱਤੇ ਗਏ ਕਿਸਾਨ ਪੱਖੀ ਸੁਝਾਵਾਂ ਨੇ ਸਰਕਾਰਾਂ ਦੀਆਂ ਅੱਖਾਂ ਖੋਲ ਦਿੱਤੀਆਂ ਪਰ ਕਿਸੇ ਨੇ ਵੀ ਇਨਾਂ ਸੁਝਾਵਾਂ ਨੂੰ ਇੰਨ ਬਿੰਨ ਲਾਗੂ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਫਸਲ ਬੀਜਣ ਤੋਂ ਲੈ ਕੇ ਵੱਢਣ ਤੱਕ ਡੀਜ਼ਲ ਦੀ ਭਾਰੀ ਖਪਤ ਹੋਣਾ ਜਾਇਜ਼ ਹੈ, ਸ਼ਾਇਦ ਹੀ ਕੋਈ ਹੋਰ ਖੇਤਰ ਹੋਵੇਗਾ, ਜਿੱਥੇ ਡੀਜ਼ਲ ਦੀ ਖਪਤ ਖੇਤੀਬਾੜੀ ਜਿੰਨੀ ਹੁੰਦੀ ਹੋਵੇਗੀ, ਪਰ ਡੀਜ਼ਲ ਦੇ ਬੇਲਗਾਮ ਵਧਦੇ ਭਾਅ ਨੇ ਖੇਤੀਬਾੜੀ ਦੇ ਆਰਥਿਕ ਸੰਕਟ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ।

ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੁੰਦੇ ਕਿਸਾਨਾਂ ਲਈ ਸਰਕਾਰਾਂ ਕੋਲ ਕੋਈ ਠੋਸ ਆਰਥਿਕ ਨੀਤੀ ਨਹੀਂ ਹੈ। ਇੱਕ ਪਾਸੇ ਕਿਸਾਨ ਮਾਰੂ ਕਾਨੂੰਨ ਤੇ ਦੂਸਰੇ ਪਾਸੇ ਕੋਰੋਨਾ ਮਹਾਂਮਾਰੀ ਕਾਰਨ ਕਿਸਾਨਾਂ ਦੀਆਂ ਸਬਜੀਆਂ ਖੇਤਾਂ ਵਿੱਚ ਗਲ ਸੜ ਰਹੀਆਂ ਹਨ। ਕਿਸਾਨ ਦੀ ਹਾਲਤ ਨੂੰ ਇੱਕ ਦੋ ਸ਼ਬਦਾਂ ਵਿਚ ਬਿਆਨ ਕਰਨਾ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਕਿਸਾਨ ਦੀ ਜਿਸ ਵੀ ਰਗ ਤੇ ਹੱਥ ਲਵਾਂਗੇ ਉਹੀ ਦੁਖਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਜਦੋਂ ਵੀ ਕੋਈ ਫਸਲ ਕੁਦਰਤੀ ਕਰੋਪੀ ਦਾ ਸ਼ਿਕਾਰ ਹੋਵੇ ਤਾਂ ਕਿਸਾਨਾਂ ਨੂੰ ਬੈਕਾਂ ਦਾ ਕਰਜਾ ਮੋੜਨ ਤੇ ਕੋਈ ਰਿਆਇਤ ਜਰੂਰ ਦਿੱਤੀ ਜਾਵੇ। ਭਾਰਤ ਦੀ ਅਰਥਵਿਵਸਥਾ ਦੀ ਰੀੜ ਦੀ ਹੱਡੀ ਖੇਤੀਬਾੜੀ ਅੱਜ ਸਰਕਾਰਾਂ ਪਾਸੋਂ ਸੱਚੀ ਅਤੇ ਇਮਾਨਦਾਰ ਨੀਅਤ ਦੀ ਮੰਗ ਕਰਦੀ ਹੈ। ਸਮੇਂ ਅਤੇ ਸਰਕਾਰਾਂ ਦੀ ਮਾਰ ਝੰਬਿਆ ਕਿਸਾਨ ਆਰਥਿਕ ਚੱਕਰ ਵਿਚੋਂ ਨਿਕਲਣ ਲਈ ਹੰਭਲੇ ਮਾਰਦਾ ਨਜਰ ਆ ਰਿਹਾ ਹੈ ਪਰ ਸਰਕਾਰੀ ਮਦਦ ਤੋਂ ਬਿਨਾ ਇਹ ਮੁਸ਼ਕਿਲ ਹੈ। ਸਮੇਂ ਦੀ ਨਬਜ ਪਹਿਚਾਣਦਿਆਂ ਸਰਕਾਰਾਂ ਨੂੰ ਕਿਸਾਨਾਂ ਦੇ ਹਿੱਤਾਂ ਬਾਰੇ ਸੋਚਣਾ ਚਾਹੀਦਾ ਹੈ ਨਹੀਂ ਤਾਂ ਆਉਣ ਵਾਲੇ ਇਮਤਿਹਾਨੀ ਸਮੇਂ ਦੌਰਾਨ ਰਾਜਨੀਤਕ ਪਾਰਟੀਆਂ ਨੂੰ ਇਸਦਾ ਅੰਜਾਮ ਭੁਗਤਣਾ ਪੈ ਸਕਦਾ ਹੈ।

# ਕਾਲਾ ਦਿਵਸ, ਕਾਲੇ ਝੰਡੇ ਤੇ ਕਿਰਤੀ-ਕਿਸਾਨ



**ਹਰਮਨਪ੍ਰੀਤ ਸਿੰਘ**

9855010005

ਦਿੱਲੀ ਦੀਆਂ ਸਰਹੱਦਾਂ ਤੇ ਜਾਰੀ ਕਿਸਾਨ ਅੰਦੋਲਨ ਨੂੰ 6 ਮਹੀਨੇ ਪੂਰੇ ਹੋਣ ’ਤੇ ਕਿਸਾਨਾਂ ਵਲੋਂ 26 ਮਈ ਨੂੰ ‘ਕਾਲਾ ਦਿਵਸ’ ਮਨਾਇਆ ਗਿਆ। ਪੂਰੇ ਭਾਰਤ ਵਿਚ ਕਈ ਥਾਂ ਭਾਰੀ ਇਕੱਠ ਹੋਏ ਨਾਲ ਹੀ ਲੋਕਾਂ ਨੇ ਆਪਣੇ ਘਰਾਂ ’ਤੇ ਕਾਲੇ ਝੰਡੇ ਲਹਿਰਾਏ। ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਸੰਘਰਸ਼ ਕਰ ਰਹੇ ਕਿਸਾਨਾਂ ਵਲੋਂ 26 ਨਵੰਬਰ, 2020 ਤੋਂ ਸ਼ੁਰੂ ਹੋਏ ਦੇਸ਼ ਵਿਆਪੀ ਕਿਸਾਨ ਅੰਦੋਲਨ ਦੌਰਾਨ ਅਨੇਕਾਂ ਹੀ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਦੇਸ਼ ਦੇ ਰਾਜਧਾਨੀ ਦਿੱਲੀ ਵਿਚ ਲਗਾਤਾਰ ਡਟੇ ਹੋਏ ਹਨ, ਨਾਲ ਹੀ ਕਿਸਾਨ ਅੰਦੋਲਨ ਨੇ ਪਿਛਲੇ 6 ਮਹੀਨਿਆਂ ਵਿਚ ਬਹੁਤ ਉਤਰਾ ਚੜਾਅ ਦੇਖੇ ਤੇ ਇਸ ਅੰਦੋਲਨ ਨੇ ਪੂਰੇ ਮੁਲਕ ਹੀ ਨਹੀਂ ਪੂਰੀ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਜੋ ਆਪਣੇ ਆਪ ਵਿਚ ਇਕ ਵੱਡੀ ਪ੍ਰਾਪਤੀ ਹੈ। ਪਿਛਲੇ 6 ਮਹੀਨਿਆਂ ਤੋਂ ਚੱਲ ਰਹੇ ਸ਼ਾਂਤਮਈ ਅੰਦੋਲਨ ਦੇ ਬਾਵਜੂਦ ਕੇਂਦਰ ਸਰਕਾਰ ਵਲੋਂ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਾ ਕਰਨ ਕਾਰਨ ਰੋਸ ਵਜੋਂ ਪੂਰੇ ਦੇਸ਼ ਵਿਚ ਕਿਸਾਨਾਂ ਵਲੋਂ 26, ਮਈ 2021 ਦਾ ਦਿਨ ‘ਕਾਲੇ ਦਿਵਸ’ ਵਜੋਂ ਮਨਾਇਆ ਗਿਆ। ਕਿਸਾਨ ਆਗੂਆਂ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਘਰਾਂ, ਵਾਹਨਾਂ ਤੇ ਹੋਰ ਥਾਵਾਂ ’ਤੇ ਕਾਲੇ ਝੰਡਾ ਲਹਿਰਾ ਕੇ ਕਾਲੇ ਦਿਵਸ ਨੂੰ ਮਨਾਉਣ, ਕਿਸਾਨੀ ਸੰਘਰਸ਼ ਦੀ ਜਿੱਤ ਯਕੀਨੀ ਬਣਾਉਣ ਲਈ ਮੁਲਕ ਦਾ ਹਰ ਵਰਗ ਅੱਗੇ ਆਵੇ, ਕਿਉਂਕਿ ਹੁਣ ਖੇਤੀ ਕਾਨੂੰਨਾਂ ਦੀ ਲੜਾਈ ਕਿਸਾਨਾਂ ਦੀ ਨਹੀਂ ਬਲਕਿ ਹਰ ਵਰਗ ਦੀ ਹੈ। ਲੋਕਾਂ ਵਲੋਂ ਵੀ ਇਸ ‘ਕਾਲੇ ਦਿਵਸ’ ਨੂੰ ਮਨਾਉਣ ਲਈ ਕਿਸਾਨਾਂ ਦਾ ਪੂਰਾ ਸਾਥ ਦਿੱਤਾ ਗਿਆ। ਲੋਕ ਦੇ ਨਾਲ-ਨਾਲ ਕਈ ਸਿਆਸੀ ਧਿਰਾਂ ਨੇ ਇਸ ਅੰਦੋਲਨ ਦੇ 6 ਮਹੀਨੇ ਪੂਰੇ ਹੋਣ ਤੇ ਮਨਾਏ ਗਏ ਕਾਲੇ ਦਿਵਸ ਦੀ ਹਮਾਇਤ ਕੀਤੀ। ਕਿਸਾਨ ਅੰਦੋਲਨ ਕਾਰਨ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਸਮੇਤ ਕਈ ਰਾਜਾ ਵਿਚ ਸਿਆਸਤ ਕਰ ਰਹੀਆਂ ਸਿਆਸੀ ਪਾਰਟੀਆਂ ਨੂੰ ਪ੍ਰਭਾਵਿਤ ਕੀਤਾ ਹੈ। ਕਈ ਥਾਈਂ ਸਿਆਸੀ ਧਿਰਾਂ ਨੇ ਵੀ ਕਾਲੇ ਝੰਡੇ ਲਹਿਰਾਏ। ਇਸ ਅੰਦੋਲਨ ਨੂੰ ਤੋੜਨ ਲਈ ਹੁਣ ਤੱਕ ਜਿੰਨੀਆਂ ਵੀ ਵਿਉਂਤਬੰਦੀਆਂ ਕੇਂਦਰ ਸਰਕਾਰ, ਸੂਬਾ ਸਰਕਾਰਾਂ ਨੇ ਕੀਤੀਆਂ ਉਹ ਨਾਕਾਮ ਹੀ ਹੋਈਆਂ ਕਿਉਂਕਿ ਇਹ ਅੰਦੋਲਨ ਕਿਸੇ ਇਕ ਧਿਰ ਜਾਂ ਕਿਸੇ ਇਕ ਪਾਰਟੀ ਦਾ ਨਹੀਂ ਇਹ ਅੰਦੋਲਨ ਹਰ ਉਸ ਇਨਸਾਨ ਦਾ ਹੈ ਜੋ ਜਮੀਨ ਨਾਲ ਜੁੜਿਆ ਹੈ। ਹਰ ਵਰਗ ਦੇ ਲੋਕ ਜਾਤਾਂ-ਧਰਮਾਂ ਤੋਂ ਉੱਪਰ ਉੱਠ ਕੇ ਹੱਥਾਂ ਵਿਚ ਕਾਲੇ ਝੰਡੇ ਲੈ ਕਿਸਾਨ ਅੰਦੋਲਨ ਵਲੋਂ ਮਨਾਏ ‘ਕਾਲੇ ਦਿਵਸ’ ਦੀ ਹਮਾਇਤ ਕਰ ਰਹੇ ਹਨ। ਇਹ ਅੰਦੋਲਨ ਹੁਣ ਜਨ-ਅੰਦੋਲਨ ਬਣ ਗਿਆ ਹੈ ਤੇ ਜਦੋਂ ਤੱਕ ਖੇਤੀ ਕਾਨੂੰਨ ਪੂਰਨ ਤੌਰ ’ਤੇ ਰੱਦ ਨਹੀਂ ਹੁੰਦੇ, ਉਦੋਂ ਤੱਕ ਅੰਦੋਲਨ ਜਾਰੀ ਰਹੇਗਾ। ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੂੰ ਆਪਣਾ ਅੜੀਅਲ ਵਤੀਰਾ ਛੱਡ ਕੇ ਇਹ ਖੇਤੀ ਕਾਨੂੰਨਾਂ ਨੂੰ ਰੱਦ ਕਰ ਦੇਣਾ ਚਾਹੀਦੇ ਹੈ। ਕੇਂਦਰ ਸਰਕਾਰ ਕਿਸਾਨ ਅੰਦੋਲਨ ਨੂੰ ਜਿੰਨਾ ਲਮਕਾਏਗੀ ਸਰਕਾਰ ਪ੍ਰਤੀ ਲੋਕਾਂ ਦਾ ਰੋਸ ਉਨਾਂ ਹੀ ਵੱਧਦਾ ਜਾਵੇਗਾ। ਹੁਣ ਤੱਕ ਕੇਂਦਰ ਸਰਕਾਰ ਤੇ ਕਿਸਾਨਾਂ ਜਥੇਬੰਦੀਆਂ ਵਿਚਾਲੇ 11 ਮੀਟਿੰਗਾਂ ਹੋਈਆਂ, ਜੋ ਹੁਣ ਤੱਕ ਬੇਸਿੱਟਾ ਰਹੀਆਂ। ਕਿਸਾਨ ਆਗੂਆਂ ਤੇ ਕੇਂਦਰ ਸਰਕਾਰ ਵਿਚ ਆਖ਼ਰੀ ਵਾਰ 22 ਜਨਵਰੀ 2021 ਨੂੰ ਗੱਲਬਾਤ ਹੋਈ ਸੀ, ਜਿਸ ’ਚ ਸਰਕਾਰ ਨੇ ਡੇਢ ਸਾਲ ਤੱਕ ਕਾਨੂੰਨਾਂ ’ਤੇ ਰੋਕ ਲਾਉਣ ਦਾ ਪ੍ਰਸਤਾਵ ਦਿੱਤਾ ਸੀ, ਜਿਸ ਨੂੰ ਕਿਸਾਨ ਆਗੂਆਂ ਨੇ ਠੁਕਰਾ ਦਿੱਤਾ ਸੀ। ਕਿਸਾਨ ਆਗੂਆਂ ਵਲੋਂ ਸਰਕਾਰ ਨੂੰ ਵਾਰ-ਵਾਰ ਕਿਹਾ ਜਾ ਰਿਹਾ ਕਿ ਇਹ ਨਵੇਂ ਤਿੰਨ ਖੇਤੀ ਕਾਨੂੰਨ ਮੌਜੂਦਾ ਕਿਸਾਨੀ ਵਿਚ ਕੋਈ ਸੁਧਾਰ ਨਹੀਂ ਕਰਨਗੇ ਬਲਕਿ ਖੇਤੀਬਾੜੀ ਸੈਕਟਰ ਨੂੰ ਪੂਰੀ ਤਰਾਂ ਤਬਾਹ ਕਰ ਦੇਣਗੇ। ਸਦੀਆਂ ਤੋਂ ਚੱਲੀ ਆ ਰਹੀ ਕਿਸਾਨਾਂ ਦੀ ਖੇਤ ਮਜ਼ਦੂਰ ਤੇ ਆੜਤੀਆਂ ਨਾਲ ਸਾਂਝ ਵੀ ਇਨਾਂ ਕਾਨੂੰਨਾਂ ਕਾਰਨ ਖਤਮ ਹੋ ਜਾਵੇਗੀ। ਹੌਲੀ-ਹੌਲੀ ਇਸ ਕਾਨੂੰਨ ਦਾ ਮਾੜਾ ਪ੍ਰਭਾਵ ਸਭ ’ਤੇ ਪਵੇਗਾ, ਪ੍ਰੰਤੂ ਪਤਾ ਨਹੀਂ ਕਿਉਂ ਕੇਂਦਰ ਸਰਕਾਰ ਇਸ ਨੂੰ ਸਮਝ ਨਹੀਂ ਰਹੀ। ਅੰਦੋਲਨ ਕਰ ਰਹੇ ਕਿਸਾਨ ਹੁਣ ਲੰਬੇ ਚੱਲ ਰਹੇ ਅੰਦੋਲਨ ਨੂੰ ਦੇਖਦੇ ਹੋਏ ਸਮੇਂ-ਸਮੇਂ ’ਤੇ ਨਵੀਆਂ ਨੀਤੀਆਂ ਨਾਲ ਅੰਦੋਲਨ ਨੂੰ ਅੱਗੇ ਲਿਜਾ ਰਹੇ ਹਨ। ਕਿਸਾਨ ਅੰਦੋਲਨ ਵਲੋਂ ਮਨਾਏ ‘ਕਾਲੇ ਦਿਵਸ’ ਨੂੰ ਹਰ ਵਰਗ ਦੇ ਲੋਕ ਪੂਰਨ ਤੌਰ ’ਤੇ ਸਮਰਪਿਤ ਨਜ਼ਰ ਆਏ ਜੋ ਕਿ ਕਿਸਾਨ ਅੰਦੋਲਨ ਦੀ ਜਿੱਤ ਦੀ ਨਿਸ਼ਾਨੀ ਹੈ।

ਸੋ, ਮੇਰੇ ਦੇਸ਼ ਦੇ ਕ੍ਰਿਤੀ ਕਿਸਾਨੋ ਆਪਾਂ,
ਨਾ ਅੱਕਣਾ... ਨਾ ਥੱਕਣਾ....ਰੱਬ ਰਾਖਾ।



## ਭਾਈ ਮਹਿੰਗਾ ਸਿੰਘ ਦੀ...

ਦਰਬਾਰ ਸਾਹਿਬ ਮੈਨੇਜਰ ਗੁਰਵਿੰਦਰ ਸਿੰਘ ਮਥਰੇਵਾਲ, ਅਡੀਸਨਲ ਮੈਨੇਜਰ ਬਘੇਲ ਸਿੰਘ, ਸ਼੍ਰੋਮਣੀ ਕਮੇਟੀ ਜਨ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਨਰੇਣ ਸਿੰਘ ਚੌੜਾ, ਰਣਜੀਤ ਸਿੰਘ, ਭੁਪਿੰਦਰ ਸਿੰਘ 6 ਜੂਨ, ਦਿਲਬਾਗ ਸਿੰਘ, ਸੁਖਰਾਜ ਸਿੰਘ ਵੇਰਕਾ, ਅਰਜਨ ਸਿੰਘ ਸ਼ੇਰਗਿੱਲ, ਜਸਵਿੰਦਰ ਸਿੰਘ ਰਾਜਪੁਰਾ, ਸਤਵੰਤ ਸਿੰਘ ਸੱਤੀ, ਮਹਾਂ ਸਿੰਘ, ਰਾਜਨਦੀਪ ਸਿੰਘ, ਸਤਨਾਮ ਸਿੰਘ ਕਾਹਲੋਂ, ਬਲਬੀਰ ਸਿੰਘ ਹਿਸਾਰ, ਦਿਲਸ਼ੇਰ ਸਿੰਘ ਜੰਡਿਆਲਾ, ਗੁਰਮੀਤ ਸਿੰਘ ਬੱਬਰ, ਪਵਨਦੀਪ ਸਿੰਘ ਆਦਿ ਨੇ ਹਾਜ਼ਰੀਆਂ ਭਰੀਆਂ।

## ਜੂਨ 1984 ਦੀ ਸ੍ਰੀ ਦਰਬਾਰ ਸਾਹਿਬ...

ਉਦੋਂ ਉਨਾਂ ਦੀ ਉਮਰ 30 ਸਾਲ ਦੀ ਸੀ। ਕਿਸੇ ਨੇ ਇਸ ਗੱਲ ਦੀ ਕਲਪਨਾ ਵੀ ਨਹੀਂ ਕੀਤੀ ਸੀ ਕਿ ਅਗਲੇ ਕੁਝ ਮਹੀਨਿਆਂ ਵਿੱਚ ਉਹ ਪੰਜਾਬ ਦੀ ਫਿਜ਼ਾ ਨੂੰ ਬਦਲ ਦੇਣਗੇ।

ਸਾਲ 1977 ਵਿੱਚ ਉਨਾਂ ਨੂੰ ਦਮਦਮੀ ਟਕਸਾਲ ਦਾ ਪ੍ਰਮੁੱਖ ਬਣਾਏ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਿੱਖਾਂ ਦੀ ਸਭ ਤੋਂ ਵੱਡੀ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਸਨ। ਉਹ ਵੀ ਮੁਬਾਰਕਬਾਦ ਕਹਿਣ ਲਈ ਉੱਥੇ ਹਾਜ਼ਰ ਸਨ।

1978 ਦੀ ਵਿਸਾਖੀ ਦੇ ਖ਼ੂਨੀ ਨਿਰੰਕਾਰੀ ਕਾਂਡ ਤੋਂ ਬਾਅਦ ਪੰਜਾਬ ਹਮੇਸ਼ਾ ਲਈ ਬਦਲ ਗਿਆ। ਇਹ ਕਦੇ ਵੀ ਮੁੜ ਕੇ, ਪਹਿਲਾਂ ਵਰਗਾ ਨਹੀਂ ਹੋ ਸਕਿਆ। ਇਸ ਕਾਂਡ ਦੌਰਾਨ ਮਰਨ ਵਾਲੇ ਸਿੱਖ ਕਾਰਕੁਨ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਨਾਲ ਸਬੰਧਤ ਸਨ।ਇਕ ਪੱਤਰਕਾਰ (ਜਗਤਾਰ ਸਿੰਘ)ਦੇ ਰੂਪ ਵਿੱਚ ਮੇਰੀ ਸੰਤ ਭਿੰਡਰਾਂਵਾਲੇ ਨਾਲ ਰਸਮੀ ਅਤੇ ਗੈਰ-ਰਸਮੀ ਗੱਲਬਾਤ ਦੌਰਾਨ ਇਸ ਤਰਾਂ ਜਾਪਦਾ ਸੀ ਕਿ ਉਸ ਸਮੇਂ ਸੰਤ ਭਿੰਡਰਾਂਵਾਲੇ ਨੇ ਆਪਣਾ ਮਨ ਬਣਾ ਲਿਆ ਸੀ ਕਿ ਉਹ ਪੰਥ ਲਈ ਕੁਝ ਖ਼ਾਸ ਕਰਨ ਦਾ ਮਨ ਬਣਾ ਰਹੇ ਹਨ-ਜੋ ਜ਼ਿੰਦਗੀ ਦੀ ਕੁਰਬਾਨੀ ਵੀ ਹੋ ਸਕਦੀ ਹੈ। ਇਹ ਗੁਣ ਉਨਾਂ ਨੂੰ ਰਵਾਇਤੀ ਅਕਾਲੀ ਲੀਡਰਸ਼ਿਪ ਤੋਂ ਪੂਰੀ ਤਰਾਂ ਵੱਖ ਕਰਦਾ ਸੀ।

ਇਹ ਸੱਚ ਹੈ ਕਿ ਉਨਾਂ ਨੇ ਅਕਾਲੀ ਦਲ ਵੱਲੋਂ 1973 ਵਿੱਚ ਪਾਸ ਕੀਤੇ ਆਨੰਦਪੁਰ ਸਾਹਿਬ ਦੇ ਮਤੇ ਦਾ ਸਮਰਥਨ ਕੀਤਾ ਸੀ ਪਰ ਇਹ ਪ੍ਰਸਤਾਵ ਖੁਦਮੁਖਤਿਆਰੀ ਦੀ ਗੱਲ ਕਰਦਾ ਹੈ, ਵੱਖਰੇ ਦੇਸ਼ ਦੀ ਨਹੀਂ।

ਸੰਤ ਭਿੰਡਰਾਂਵਾਲੇ ਦੀ ਚਰਚਾ ਉਸ ਸਮੇਂ ਹੋਰ ਤੇਜ਼ ਹੋ ਗਈ ਜਦੋਂ ਨਿਰੰਕਾਰੀ ਸੰਪਰਦਾਇ ਦੇ ਆਗੂ ਗੁਰਬਚਨ ਸਿੰਘ ਦੀ ਹੱਤਿਆ ਕੀਤੀ ਗਈ ਅਤੇ ਸੰਤ ਭਿੰਡਰਾਂਵਾਲੇ ਦਮਦਮੀ ਟਕਸਾਲ ਦੇ ਮੁੱਖ ਦਫ਼ਤਰ ਚੌਂਕ ਮਹਿਤਾ ਨੂੰ ਛੱਡ ਕੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਪਹੁੰਚ ਗਏ।ਵੱਡੀ ਗਿਣਤੀ ਵਿੱਚ ਲੋਕ ਉਨਾਂ ਕੋਲ ਆਉਣ ਲੱਗ ਪਏ। ਇਸ ਤੋਂ ਬਾਅਦ ਉਹ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਨਹੀਂ ਆਏ ਫੌਜੀ ਕਾਰਵਾਈ ਦੌਰਾਨ ਸ਼ਹੀਦ ਹੋ ਗਏ। ਸਿੱਖ ਭਾਈਚਾਰੇ ਦੇ ਉਹ ਲੋਕ ਜਿਹੜੇ ਉਨਾਂ ਦੇ ਸਮਰਥਕ ਸਨ, ਉਹ ਸਮਾਜ ਵਿਚ ਵੱਖ-ਵੱਖ ਅਹੁਦਿਆਂ ਅਤੇ ਖੇਤਰਾਂ ਵਿਚ ਸਰਗਰਮ ਸਨ। ਇਨਾਂ ਵਿੱਚ ਸੇਵਾਮੁਕਤ ਫੌਜੀ ਅਫਸਰ, ਨੌਕਰਸ਼ਾਹ, ਅਤੇ ਸਿੱਖਿਆ ਮਾਹਰ ਸ਼ਾਮਲ ਸਨ। ਜਿਸ ਗੱਲ ਨੇ ਉਨਾਂ ਨੂੰ ਕ੍ਰਿਸ਼ਮਈ ਸ਼ਖਸੀਅਤ ਵੱਜੋਂ ਉਭਾਰਿਆ, ਉਹ ਸੀ ਆਮ ਲੋਕਾਂ ਨਾਲ ਸਿੱਧਾ ਸੰਵਾਦ ਅਤੇ ਲੋਕਾਂ ਦੀ ਉਨਾਂ ਵਿੱਚ ਭਰੋਸੇਯੋਗਤਾ।

ਇਹ ਭਰੋਸੇਯੋਗਤਾ ਕਾਫ਼ੀ ਹੱਦ ਤੱਕ ਸ਼੍ਰੋਮਣੀ ਅਕਾਲੀ ਦਲ ਗੁਆ ਰਿਹਾ ਸੀ। ਉਨਾਂ ਦੀ ਸੋਚ ਸਪੱਸ਼ਟਵਾਦੀ ਸੀ ਅਤੇ ਉਹ ਦੋਗਲੇਪਣ ਉੱਤੇ ਵਿਸ਼ਵਾਸ਼ ਨਹੀਂ ਕਰਦੇ ਸਨ।ਇਸ ਸਮੇਂ ਉਨਾ ਨੂੰ ਸਮਝੌਤਾ ਕਰਨ ਲਈ ਕਰੋੜਾ ਰੁਪਿਆਂ ਦੀ ਆਫਰ ਵੀ ਹੋਈ ਪਰ ਉਨਾਂ ਕੌਮ ਨੂੰ ਤਰਜੀਹ ਦਿੱਤੀ।ਪੈਸਾ ਉਨਾਂ ਲਈ ਕੋਈ ਮਹੱਤਤਾ ਨਹੀਂ ਰੱਖਦਾ ਸੀ।ਉਨਾਂ ਨੇ ਜਿਹੜਾ ਰਾਹ ਚੁਣਿਆ ਸੀ, ਉਹ ਉਨਾਂ ਨੂੰ ਅੰਤ ਸ਼ਹਾਦਤ ਤੱਕ ਲੈ ਗਿਆ, ਜਿਸ ਨੂੰ ਉਹ ਕਾਫ਼ੀ ਸਮਾਂ ਪਹਿਲਾਂ ਤੋਂ ਲੱਭ ਰਹੇ ਸੀ।

## ਹਾਈਕਮਾਨ ਕਰੇਗੀ...

